PAIGAM-E-JAGAT
ਪੈ.ਗਾਮ-ਏ-ਜਗਤ

'ਸਿਰਫ਼ ਉਹੀ ਲੋਕ ਆਪਣੇ ਸੁਪਨਿਆਂ ਵਿੱਚ ਉੱਚਾ ਉੱਡ ਸਕਦੇ ਹਨ ਜਿਨ੍ਹਾਂ ਦੇ ਖੰਭ ਹਿੰਮਤ ਨਾਲ ਬਣੇ ਹੁੰਦੇ ਹਨ।'

Title code : CHAMUL00914 | E-mail : Info@paigamejagat.com | 10 ਤੋਂ 16 ਸਤੰਬਰ, 2026, ਸਾਲ-4, ਅੰਕ-6, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਮੁੱਖ ਸਕੱਤਰ ਨਾਲ ਮੀਟਿੰਗ ਤੋਂ ਬਾਅਦ ਮੁਲਾਜ਼ਮਾਂ ਨੇ ਵਾਪਸ ਲਈ ਹੜਤਾਲ

ਇਸ ਤੋਂ ਪਹਿਲਾਂ ਕਾਰਵਾਈ ਪੱਤਰ ਵਾਪਸ ਲੈਣ 'ਤੇ ਬਣੀ ਸੀ ਸਹਿਮਤੀ

ਚੰਡੀਗੜ੍ਹ, 9 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਸਰਕਾਰ ਅਤੇ ਸੂਬੇ ਦੇ ਮੁਲਾਜ਼ਮਾਂ ਦਰਮਿਆਨ ਚੱਲ ਰਿਹਾ ਰੇੜਕਾ ਖ਼ਤਮ ਹੁੰਦਾ ਜਾਪ ਰਿਹਾ ਹੈ। ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਦੇ ਦਫ਼ਤਰ ਵਿਖੇ ਮੁਲਾਜ਼ਮ ਆਗੂਆਂ ਨਾਲ ਹੋਈ ਇੱਕ ਘੰਟੇ ਦੀ ਲੰਮੀ ਮੀਟਿੰਗ ਤੋਂ ਬਾਅਦ ਪ੍ਰਦਰਸ਼ਨ ਸਮਾਪਤ ਕਰਨ ਦਾ ਇਹ ਫ਼ੈਸਲਾ ਲਿਆ ਗਿਆ। ਇਸ ਚਰਚਾ ਨੂੰ ਸੁਖਾਵਾਂ ਅਤੇ 'ਸਾਰਥਕ' ਦੱਸਿਆ ਗਿਆ। ਮੀਟਿੰਗ ਖ਼ਤਮ ਹੋਣ ਤੋਂ ਤੁਰੰਤ ਬਾਅਦ ਸਾਂਝਾ ਮੁਲਾਜ਼ਮ ਮੰਚ ਦੇ ਕਨਵੀਨਰ ਸੁਖਚੈਨ ਸਿੰਘ ਖਹਿਰਾ ਸਮੇਤ ਹੋਰਨਾਂ ਪ੍ਰਮੁੱਖ ਆਗੂਆਂ ਨੇ ਹੜਤਾਲ ਖ਼ਤਮ ਕਰਨ ਦਾ ਰਸਮੀ ਐਲਾਨ ਕੀਤਾ। ਖਹਿਰਾ ਨੇ ਕਿਹਾ ਕਿ ਮੀਟਿੰਗ ਵਿੱਚ ਤੈਅ ਹੋਇਆ ਹੈ ਕਿ ਪੰਜਾਬ ਪੁਲੀਸ ਦੇ ਖ਼ੁਫ਼ੀਆ ਵਿੰਗ ਦੇ ਅਧਿਕਾਰੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਜਲਦ ਹੀ ਮੀਟਿੰਗ ਕਰਨਗੇ।



ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਹੜਤਾਲ ਅਤੇ ਗੱਲਬਾਤ ਦੋਵੇਂ ਇਕੱਠਿਆਂ ਨਹੀਂ ਚੱਲ ਸਕਦੀਆਂ। ਪਰ ਅੱਜ ਮੁਲਾਜ਼ਮਾਂ ਦੀ ਮੁੱਖ ਸਕੱਤਰ ਨਾਲ ਮੀਟਿੰਗ ਸੁਖਾਵੇ ਮਾਹੌਲ ਵਿੱਚ ਹੋਈ ਜਾਪਦੀ ਹੈ, ਜਿਸ ਤੋਂ ਬਾਅਦ ਮੁਲਾਜ਼ਮਾਂ ਨੇ ਹੜਤਾਲ ਵਾਪਸ ਲੈਣ ਦਾ ਫ਼ੈਸਲਾ ਲਿਆ ਹੈ। ਪਹਿਲੇ ਪੜਾਅ 'ਚ ਅੱਜ ਮੁੱਖ ਸਕੱਤਰ ਪੱਧਰ ਦੀ ਪਲੇਠੀ ਮੀਟਿੰਗ ਹੋਈ ਹੈ। ਮੁਲਾਜ਼ਮਾਂ ਦੇ ਸੰਘਰਸ਼ ਕਾਰਨ ਜਿੱਥੇ ਸਰਕਾਰੀ ਦਫ਼ਤਰਾਂ 'ਚ ਕੰਮ ਪ੍ਰਭਾਵਿਤ ਹੋਣ ਲੱਗਿਆ ਹੈ, ਉੱਥੇ ਸੂਬਾ ਸਰਕਾਰ ਦੀ ਛਵੀ ਨੂੰ ਸੱਟ ਵੱਜਣ ਲੱਗੀ ਹੈ। ਕਈ ਦਿਨਾਂ ਦੇ ਡੈੱਡਲਾਕ ਮਗਰੋਂ ਆਖ਼ਰ ਅਧਿਕਾਰੀ ਪੱਧਰ ਦੀ ਗੱਲਬਾਤ ਸ਼ੁਰੂ ਕੀਤੀ ਗਈ ਹੈ। ਅਤੇ ਇਹ ਫੈਸਲਾ ਲਿਆ ਗਿਆ ਹੈ। ਮੁੱਖ ਸਕੱਤਰ ਕੇ ਏ ਪੀ ਸਿਨਹਾ ਨੇ ਅੱਜ ਮੁਲਾਜ਼ਮ ਆਗੂਆਂ ਨਾਲ ਮੀਟਿੰਗ ਕੀਤੀ ਜਿਸ 'ਚ ਮੁੱਖ ਸਕੱਤਰ ਮੁਲਾਜ਼ਮਾਂ ਖ਼ਿਲਾਫ਼ ਜਾਰੀ ਪੱਤਰ ਵਾਪਸ ਲੈਣ ਲਈ ਸਹਿਮਤ ਹੋ ਗਏ ਹਨ ਜਿਨ੍ਹਾਂ 'ਚ ਹੜਤਾਲੀ ਮੁਲਾਜ਼ਮਾਂ ਨੂੰ ਦਿੱਤੇ 'ਕਾਰਨ ਦੱਸੋ ਨੋਟਿਸ' ਅਤੇ ਦੂਸਰਾ ਲੰਘੇ ਕੱਲ੍ਹ 'ਕੰਮ ਨਹੀਂ ਤਾਂ ਤਨਖ਼ਾਹ ਨਹੀਂ' ਬਾਰੇ ਜਾਰੀ ਪੱਤਰ ਸ਼ਾਮਲ ਹਨ। ਸਾਂਝਾ ਮੁਲਾਜ਼ਮ ਮੰਚ ਵੱਲੋਂ ਲੰਘੇ ਕੱਲ੍ਹ ਕਲਮ ਛੋੜ ਹੜਤਾਲ ਨੂੰ 11 ਸਤੰਬਰ ਤੱਕ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ। ਮੁਲਾਜ਼ਮ ਆਗੂ ਸੁਖਚੈਨ ਸਿੰਘ ਖਹਿਰਾ ਦਾ ਕਹਿਣਾ ਸੀ ਕਿ ਅੱਜ ਮੁੱਖ ਸਕੱਤਰ ਨੇ ਮੁਲਾਜ਼ਮਾਂ ਆਗੂਆਂ ਨਾਲ ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਖ਼ਲਾਫ਼ ਜਾਰੀ ਪੱਤਰਾਂ ਨੂੰ ਵਾਪਸ ਲੈਣ ਦੀ ਸਹਿਮਤੀ ਦੇ ਦਿੱਤੀ ਹੈ।

ਭਾਜਪਾ ਨੇ 'ਆਪ' ਸਰਕਾਰ ਨੂੰ ਘੇਰਿਆ

No Work No Pay ਦਾ ਨਿਯਮ ਪਹਿਲਾਂ 'ਆਪ' 'ਤੇ ਲਾਗੂ ਹੋਵੇ: ਕੇਵਲ ਸਿੰਘ ਢਿੱਲੋਂ



ਚੰਡੀਗੜ੍ਹ, 9 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਭਾਜਪਾ ਦੇ ਆਗੂ ਕੇਵਲ ਸਿੰਘ ਢਿੱਲੋਂ ਨੇ 'ਆਪ' ਸਰਕਾਰ 'ਤੇ ਸਿਆਸੀ ਹਮਲਾ ਕਰਦਿਆਂ ਕਿਹਾ ਕਿ ਪੰਜਾਬ ਦੇ ਮੁਲਾਜ਼ਮ ਕੋਈ ਖ਼ੈਰਾਤ ਨਹੀਂ ਮੰਗ ਰਹੇ, ਸਗੋਂ ਆਪਣਾ ਬਕਾਇਆ ਡੀ.ਏ. (ਮਹਿੰਗਾਈ ਭੱਤਾ) ਅਤੇ ਬਣਦਾ ਹੱਕ ਮੰਗ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ "ਨੋ ਵਰਕ, ਨੋ ਪੇਅ" ਦਾ ਨਿਯਮ ਲਾਗੂ ਕਰਨਾ ਹੈ ਤਾਂ ਉਹ ਪਹਿਲਾਂ (ਬਾਕੀ ਸਫ਼ਾ 4 'ਤੇ)

ਚੰਡੀਗੜ੍ਹ 'ਚ Uber ਤੇ Rapido 'ਤੇ ਵੱਡਾ ਐਕਸ਼ਨ

6 ਮਹੀਨਿਆਂ ਲਈ ਐਗਰੀਗੇਟਰ ਲਾਇਸੈਂਸ ਸਸਪੈਂਡ ਕੀਤਾ

ਚੰਡੀਗੜ੍ਹ, 9 ਸਤੰਬਰ (ਪੈ.ਗਾਮ-ਏ-ਜਗਤ)

ਚੰਡੀਗੜ੍ਹ ਸਟੇਟ ਟਰਾਂਸਪੋਰਟ ਅਥਾਰਟੀ ਨੇ ਐਗਰੀਗੇਟਰ ਕੰਪਨੀਆਂ Uber ਅਤੇ Rapido ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਪ੍ਰਸ਼ਾਸਨ ਨੇ ਨਿਯਮਾਂ ਦੀ ਉਲੰਘਣਾ ਕਰਨ ਅਤੇ ਆਦੇਸ਼ਾਂ ਦੀ ਪਾਲਣਾ ਨਾ ਕਰਨ ਕਾਰਨ ਦੋਵਾਂ ਕੰਪਨੀਆਂ ਦੇ ਲਾਇਸੈਂਸ ਤੁਰੰਤ ਪ੍ਰਭਾਵ ਨਾਲ ਛੇ ਮਹੀਨਿਆਂ ਲਈ ਮੁਅੱਤਲ ਕਰ ਦਿੱਤੇ ਹਨ। ਹਾਲਾਂਕਿ, ਬਹੁਤ ਸਾਰੇ ਡਰਾਈਵਰਾਂ ਦਾ ਸੰਘਰਸ਼ ਵੀ ਜਾਰੀ ਹੈ। ਡਰਾਈਵਰਾਂ ਦੀਆਂ ਸ਼ਿਕਾਇਤਾਂ ਤੋਂ ਬਾਅਦ ਕੀਤੀ ਗਈ ਜਾਂਚ ਵਿੱਚ ਪਾਇਆ ਗਿਆ ਕਿ ਕੰਪਨੀਆਂ ਚੰਡੀਗੜ੍ਹ ਪ੍ਰਸ਼ਾਸਨ ਮੋਟਰ ਵਹੀਕਲ ਐਗਰੀਗੇਟਰ ਨਿਯਮ 2025 ਦੇ ਤਹਿਤ ਸਿਹਤ ਬੀਮਾ, ਮਿਆਦੀ ਬੀਮਾ ਅਤੇ ਡਰਾਈਵਰ ਸਿਖਲਾਈ ਨਾਲ ਸਬੰਧਤ ਉਪਬੰਧਾਂ ਦੀ ਪਾਲਣਾ ਨਹੀਂ ਕਰ ਰਹੀਆਂ ਸਨ।



ਐਗਰੀਗੇਟਰ ਨਿਯਮਾਂ ਦੇ ਨਿਯਮ 14 ਮੁਤਾਬਕ ਕੰਪਨੀਆਂ ਤੈਅ ਕਿਰਾਏ ਤੋਂ ਵੱਧ ਨਹੀਂ ਵਸੂਲ ਸਕਦੀਆਂ। ਹਾਲਾਂਕਿ, Uber ਵੱਲੋਂ ਯਾਤਰੀਆਂ ਤੋਂ ਵੱਧ ਵਸੂਲਣ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਜਾਂਚ ਵਿੱਚ ਖੁਲਾਸਾ ਹੋਇਆ ਕਿ ਕੰਪਨੀਆਂ ਦੇ ਬੇੜੇ ਵਿੱਚ ਗੈਰ-ਵਪਾਰਕ (ਨਿੱਜੀ) ਵਾਹਨ ਸਨ, ਜੋ ਕਿ ਨਿਯਮਾਂ ਦੀ ਸਪੱਸ਼ਟ ਉਲੰਘਣਾ ਹੈ। ਪ੍ਰਸ਼ਾਸਨ ਨੇ ਕੰਪਨੀਆਂ ਨੂੰ ਕਾਰਨ ਦੱਸੋ ਨੋਟਿਸ ਅਤੇ ਯਾਦ-ਪੱਤਰ ਜਾਰੀ ਕੀਤੇ, ਪਰ ਉਨ੍ਹਾਂ ਦੇ ਜਵਾਬ ਅਸੰਤੁਸ਼ਟੀਜਨਕ ਪਾਏ ਗਏ। ਸਟੇਟ ਟ੍ਰਾਂਸਪੋਰਟ ਅਥਾਰਟੀ ਦੇ ਸਕੱਤਰ ਨਿਤੀਸ਼ ਸਿੰਗਲਾ ਵੱਲੋਂ ਜਾਰੀ ਹੁਕਮ ਵਿੱਚ ਕਿਹਾ ਗਿਆ ਹੈ ਕਿ ਕੰਪਨੀਆਂ ਨੂੰ ਨਿਯਮਾਂ ਦੀ ਪਾਲਣਾ ਕਰਨ ਲਈ ਕਾਫ਼ੀ ਮੌਕੇ ਦਿੱਤੇ ਗਏ ਸਨ।

ਇਸ ਦੇ ਬਾਵਜੂਦ, ਕੋਈ ਸੁਧਾਰ ਨਾ ਹੋਣ ਕਾਰਨ, ਚੰਡੀਗੜ੍ਹ ਪ੍ਰਸ਼ਾਸਨ ਮੋਟਰ ਵਹੀਕਲਜ਼ ਐਗਰੀਗੇਟਰਜ਼ ਨਿਯਮ, 2025 ਦੇ ਨਿਯਮ 17 ਦੇ ਤਹਿਤ ਦੋਵਾਂ ਕੰਪਨੀਆਂ ਦੇ ਲਾਇਸੈਂਸ ਛੇ ਮਹੀਨਿਆਂ ਲਈ ਮੁਅੱਤਲ ਕਰ ਦਿੱਤੇ ਗਏ ਹਨ।

ਸੀਐਮ ਮਾਨ ਦੀ ਪਤਨੀ ਖ਼ਿਲਾਫ਼ ਬਦਨਾਮ ਕਰਨ ਵਾਲੀ ਸਮੱਗਰੀ ਪੋਸਟ ਕਰਨ 'ਤੇ ਰੋਕ

ਅਦਾਲਤ ਦਾ ਜਸਟਿਸ ਰਣਜੀਤ ਸਿੰਘ, ਬਿਕਰਮ ਮਜੀਠੀਆ ਤੇ ਸੁਖਪਾਲ ਖਹਿਰਾ ਨੂੰ ਹੁਕਮ

ਚੰਡੀਗੜ੍ਹ, 9 ਸਤੰਬਰ (ਪੈ.ਗਾਮ-ਏ-ਜਗਤ)

ਚੰਡੀਗੜ੍ਹ ਦੀ ਇੱਕ ਅਦਾਲਤ ਨੇ ਸੇਵਾ-ਮੁਕਤ ਜਸਟਿਸ ਰਣਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਨੂੰ ਪੰਜਾਬ ਦੇ ਮੁੱਖ ਮੰਤਰੀ ਦੀ ਪਤਨੀ ਗੁਰਪ੍ਰੀਤ ਕੌਰ ਖ਼ਲਾਫ਼ ਰਿਸ਼ਵਤ ਦੀ ਮੰਗ ਦੇ ਕਥਿਤ ਦੋਸ਼ਾਂ ਨਾਲ ਜੁੜੀ ਕੋਈ ਵੀ ਬੇਬੁਨਿਆਦ ਅਤੇ ਬਦਨਾਮ ਕਰਨ ਵਾਲੀ ਸਮੱਗਰੀ ਸੋਸ਼ਲ ਮੀਡੀਆ ਪਲੇਟਫਾਰਮਾਂ ਜਾਂ ਕਿਸੇ ਹੋਰ ਮਾਧਿਅਮ ਰਾਹੀਂ ਪ੍ਰਕਾਸ਼ਤ ਕਰਨ, ਫੈਲਾਉਣ ਜਾਂ ਜਾਰੀ ਕਰਨ ਤੋਂ



ਅਦਾਲਤ ਦੇ ਅਗਲੇ ਹੁਕਮਾਂ ਤੱਕ ਆਰਜ਼ੀ ਤੌਰ 'ਤੇ ਰੋਕ ਦਿੱਤੀ ਹੈ।

ਚੰਡੀਗੜ੍ਹ ਦੇ ਸਿਵਲ ਜੱਜ ਜੂਨੀਅਰ ਡਿਵੀਜ਼ਨ ਡਾ. ਪਰੀਕਸ਼ਿਤ ਨੇ ਮੁੱਖ ਮੰਤਰੀ ਦੀ ਪਤਨੀ ਗੁਰਪ੍ਰੀਤ ਕੌਰ ਵੱਲੋਂ ਹਰਜਾਨੇ ਅਤੇ ਹੁਕਮ (ਹੁਕਮਨਾਮੇ) ਲਈ ਦਾਇਰ ਮੁਕੱਦਮੇ 'ਤੇ ਇਹ ਹੁਕਮ ਪਾਸ ਕੀਤਾ ਹੈ। ਅਦਾਲਤ ਨੇ ਮੁਕੱਦਮੇ ਅਤੇ ਸਟੇਅ ਅਰਜ਼ੀ ਦੇ ਨੋਟਿਸ ਪ੍ਰਤੀਵਾਦੀਆਂ ਨੂੰ 30 ਸਤੰਬਰ, 2026 ਲਈ ਜਾਰੀ ਕੀਤੇ ਹਨ। (ਬਾਕੀ ਸਫ਼ਾ 4 'ਤੇ)

ਇਨਫਲੂਐਂਸਰ ਮਨਜੀਤ ਕੌਰ ਦੇ ਕਤਲ ਦਾ ਮੁੱਖ ਮੁਲਜ਼ਮ ਪਰਮਿੰਦਰ ਸਿੰਘ ਪਿੰਦਾ ਗ੍ਰਿ.ਫ਼ਤਾਰ

ਚੰਡੀਗੜ੍ਹ : ਪੰਜਾਬੀ ਇਨਫਲੂਐਂਸਰ ਮਨਜੀਤ ਕੌਰ ਦੇ ਕਤਲ ਨੂੰ ਲੈ ਕੇ ਪੁਲਿਸ ਜਾਂਚ ਵਿੱਚ ਵੱਡਾ ਖ਼ੁਲਾਸਾ ਹੋਇਆ ਹੈ। ਹੁਣ ਤੱਕ ਮੰਨਿਆ ਜਾ ਰਿਹਾ ਸੀ ਕਿ ਉਸ ਦਾ ਕਤਲ ਪੰਜਾਬ ਦੇ ਮੋਰਿੰਡਾ ਵਿੱਚ ਹੋਇਆ, ਪਰ ਮੁਲਜ਼ਮ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਾਹਮਣੇ ਆਇਆ ਕਿ ਵਾਰਦਾਤ ਚੰਡੀਗੜ੍ਹ ਦੇ ਸੈਕਟਰ-34 ਵਿੱਚ ਹੋਈ ਸੀ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮਾਮਲੇ ਦਾ ਮੁੱਖ ਮੁਲਜ਼ਮ ਰਿੰਕੂ ਹੈ। ਮਨਜੀਤ ਕੌਰ ਦਾ ਉਸ ਨਾਲ ਹੀ ਵਿਵਾਦ ਚੱਲ ਰਿਹਾ ਸੀ। ਕਤਲ ਤੋਂ ਪਹਿਲਾਂ ਦੋਹਾਂ ਵਿਚਾਲੇ ਬਹਿਸ ਅਤੇ ਮਾਰਕੁੱਟ ਹੋਈ ਸੀ। ਗ੍ਰਿਫ਼ਤਾਰ ਮੁਲਜ਼ਮ ਪਰਮਿੰਦਰ ਸਿੰਘ ਪਿੰਦਾ ਨੇ ਪੁਲਿਸ ਪੁੱਛਗਿੱਛ ਵਿੱਚ ਦੱਸਿਆ (ਬਾਕੀ ਸਫ਼ਾ 4 'ਤੇ)

ਕੈਨੇਡਾ ਨੇ ਡੋਨਾਲਡ ਟਰੰਪ ਨੂੰ ਦਿੱਤਾ ਠੋਕਵਾਂ ਜਵਾਬ

ਕੈਨੇਡਾ ਨੇ ਅਮਰੀਕਾ ਦੇ ਸਮਾਨ 'ਤੇ ਲਗਾਇਆ 50 .ਫ਼ੀਸਦ ਟੈਰਿ.ਫ

ਸਿੰਗਾਪੁਰ, 9 ਸਤੰਬਰ (ਪੈ.ਗਾਮ-ਏ-ਜਗਤ)

ਸਿੰਗਾਪੁਰ ਸਰਕਾਰ ਨੇ ਪ੍ਰਧਾਨ ਮੰਤਰੀ, ਮੰਤਰੀਆਂ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੀਆਂ ਤਨਖਾਹਾਂ ਵਧਾਉਣ ਦਾ ਫੈਸਲਾ ਕੀਤਾ ਹੈ। ਦੁਨੀਆ ਦੇ ਸਭ ਤੋਂ ਵੱਧ ਤਨਖਾਹ ਲੈਣ ਵਾਲੇ ਨੇਤਾਵਾਂ ਵਿੱਚ ਸ਼ਾਮਲ ਪ੍ਰਧਾਨ ਮੰਤਰੀ ਲਾਰੈਂਸ ਵੋਂਗ ਦੀ ਸਾਲਾਨਾ ਆਮਦਨ ਹੁਣ ਲਗਭਗ 11 ਕਰੋੜ ਰੁਪਏ ਵਧ ਜਾਵੇਗੀ।



ਵੋਂਗ ਨੂੰ ਇਸ ਸਮੇਂ ਲਗਭਗ 22 ਲੱਖ ਸਿੰਗਾਪੁਰ ਡਾਲਰ (ਲਗਭਗ 16 ਕਰੋੜ ਰੁਪਏ) ਸਾਲਾਨਾ ਮਿਲਦੇ ਹਨ। ਵਾਧੇ ਤੋਂ ਬਾਅਦ, ਉਸਦਾ ਸਾਲਾਨਾ ਪੈਕੇਜ ਲਗਭਗ 36 ਲੱਖ ਸਿੰਗਾਪੁਰ ਡਾਲਰ (ਲਗਭਗ 27 ਕਰੋੜ ਰੁਪਏ) ਹੋਵੇਗਾ। ਭਾਵ ਉਨ੍ਹਾਂ ਦੀ ਕਮਾਈ 60% ਤੋਂ ਵੱਧ ਵਧ ਜਾਵੇਗੀ। ਇਸ ਦੇ ਮੁਕਾਬਲੇ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੀ ਸਾਲਾਨਾ ਤਨਖਾਹ ਲਗਭਗ 20 ਲੱਖ ਰੁਪਏ ਹੈ। ਇਸ ਮੁਤਾਬਕ ਵੋਂਗ ਦੀ ਨਵੀਂ ਸਾਲਾਨਾ ਆਮਦਨ ਮੋਦੀ ਦੀ ਤਨਖਾਹ ਤੋਂ ਲਗਭਗ 135 ਗੁਣਾ ਜ਼ਿਆਦਾ ਹੋਵੇਗੀ। ਵਰਤਮਾਨ ਵਿੱਚ, ਸਿੰਗਾਪੁਰ ਦੇ ਮੰਤਰੀਆਂ ਨੂੰ (ਬਾਕੀ ਸਫ਼ਾ 4 'ਤੇ)

ਗੁਲਜ਼ਾਰ ਸਿੰਘ ਦੀ ਮੌਤ 'ਤੇ ਰਾਹੁਲ ਗਾਂਧੀ ਨੇ ਚੁੱਕੇ ਸਵਾਲ, ਕਿਹਾ...

ਭਗਵੰਤ ਮਾਨ ਵਿੱਤ ਮੰਤਰੀ ਦਾ ਤੁਰੰਤ ਅਸਤੀ.ਫ਼ਾ ਲੈਣ

ਨਵੀਂ ਦਿੱਲੀ, 9 ਸਤੰਬਰ (ਪੈ.ਗਾਮ-ਏ-ਜਗਤ)

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਗੁਲਜ਼ਾਰ ਸਿੰਘ ਦੀ ਮੌਤ ਨੂੰ ਲੈ ਕੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਸਵਾਲ ਚੁੱਕੇ ਹਨ।



ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕਰਕੇ ਦੋਸ਼ ਲਾਇਆ ਕਿ ਪੰਜਾਬ ਵਿੱਚ ਸਰਕਾਰੀ ਨਾਕਾਮੀਆਂ 'ਤੇ ਸਵਾਲ ਚੁੱਕਣ ਵਾਲਿਆਂ ਨੂੰ ਧਮਕੀਆਂ ਅਤੇ ਤੰਗ-ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਰਾਹੁਲ ਗਾਂਧੀ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਵਿੱਤ ਮੰਤਰੀ ਦਾ ਤੁਰੰਤ ਅਸਤੀਫ਼ਾ ਲੈਣ ਅਤੇ ਮਾਮਲੇ ਦੀ ਆਜ਼ਾਦ ਤੇ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਰਾਹੁਲ ਗਾਂਧੀ ਨੇ ਲਿਖਿਆ ਕਿ ਦਲਿਤ ਭਾਈਚਾਰੇ ਨਾਲ ਸਬੰਧਤ ਗੁਲਜ਼ਾਰ ਸਿੰਘ ਆਪਣੇ ਪੁੱਤਰ ਨੂੰ ਨਸ਼ੇ ਦਾ ਸ਼ਿਕਾਰ ਬਣਦੇ ਦੇਖ ਰਹੇ ਸਨ। (ਬਾਕੀ ਸਫ਼ਾ 4 'ਤੇ)

ਰਾਹੁਲ ਗਾਂਧੀ ਨੂੰ ਭਗਵੰਤ ਮਾਨ ਦਾ ਜਵਾਬ, ਕਿਹਾ

'ਲਾਸ਼ਾਂ 'ਤੇ ਸਿਆਸਤ ਨਾ ਕਰੋ'



ਚੰਡੀਗੜ੍ਹ, 9 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਰਾਹੁਲ ਗਾਂਧੀ ਨੂੰ ਕਿਹਾ ਕਿ ਉਹ ਇੱਕ ਪਿੰਡ ਵਾਸੀ ਦੀ ਕਥਿਤ ਖ਼ੁਦਕੁਸ਼ੀ ਮਾਮਲੇ ਨੂੰ ਲੈ ਕੇ ਲਾਸ਼ਾਂ 'ਤੇ ਸਿਆਸਤ ਨਾ ਕਰਨ। ਐਕਸ 'ਤੇ ਹਿੰਦੀ ਵਿੱਚ ਇੱਕ ਪੋਸਟ ਵਿੱਚ, ਮਾਨ ਨੇ ਕਿਹਾ ਕਿ ਪੁਲੀਸ ਇਸ ਮਾਮਲੇ ਵਿੱਚ ਪਹਿਲਾਂ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ। ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਦਾ ਰਹਿਣ ਵਾਲਾ 47 ਸਾਲਾ ਦਲਿਤ ਵਿਅਕਤੀ ਗੁਲਜ਼ਾਰ ਸਿੰਘ ਸੋਮਵਾਰ ਰਾਤ ਨੂੰ ਜ਼ਹਿਰੀਲੀ ਚੀਜ਼ ਨਿਗਲਣ ਤੋਂ ਬਾਅਦ ਮਰ ਗਿਆ। ਉਸ ਦੇ ਪਰਿਵਾਰ ਨੇ ਕਿਹਾ ਕਿ ਉਸ ਨੇ 6 ਸਤੰਬਰ ਨੂੰ ਦਿੜ੍ਹਬਾ ਵਿੱਚ ਇੱਕ ਸਮਾਗਮ ਦੌਰਾਨ ਚੀਮਾ ਤੋਂ ਇਲਾਕੇ ਵਿੱਚ ਨਸ਼ਿਆਂ ਦੀ ਸਪਲਾਈ ਬਾਰੇ ਸਵਾਲ ਕੀਤਾ ਸੀ। ਬੁੱਧਵਾਰ ਨੂੰ ਪਹਿਲਾਂ, ਗਾਂਧੀ ਨੇ ਕਥਿਤ ਖ਼ੁਦਕੁਸ਼ੀ ਨੂੰ ਲੈ ਕੇ 'ਆਪ' ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਅਤੇ ਮੰਗ ਕੀਤੀ ਕਿ ਮਾਨ ਤੁਰੰਤ ਚੀਮਾ ਤੋਂ ਅਸਤੀਫ਼ਾ ਲੈਣ ਅਤੇ ਨਿਰਪੱਖ ਜਾਂਚ ਯਕੀਨੀ ਬਣਾਉਣ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਦੋਸ਼ (ਬਾਕੀ ਸਫ਼ਾ 4 'ਤੇ)

ਤੁਹਾਡੀ ਸਰਕਾਰ ਲਿਆਈ ਸੀ ਪੰਜਾਬ ਚ ਨਸ਼ਾ : ਕੇਜਰੀਵਾਲ

ਉੱਧਰ, ਅਰਵਿੰਦ ਕੇਜਰੀਵਾਲ ਨੇ ਵੀ ਰਾਹੁਲ ਦੀ ਇਸ ਪੋਸਟ ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਆਪਣੇ ਸੋਸ਼ਲ ਮੀਡੀਆ ਅਕਾਊਂਟ ਤੇ ਲਿਖਿਆ-ਪੰਜਾਬ ਵਿੱਚ ਨਸ਼ਾ ਤੁਹਾਡੀ ਕਾਂਗਰਸ ਸਰਕਾਰ ਲਿਆਈ ਸੀ। ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਲਿਆਈ ਸੀ। ਪੂਰੇ ਦੇਸ਼ ਵਿੱਚ ਪਹਿਲੀ ਵਾਰ, ਕੋਈ ਸੂਬਾ ਨਸ਼ਿਆਂ ਵਿਰੁੱਧ ਅਜਿਹੀ ਜੰਗ ਲੜ ਰਿਹਾ ਹੈ। ਅੱਜ, ਪੰਜਾਬ ਸਰਕਾਰ ਕਾਂਗਰਸ, ਅਕਾਲੀ ਦਲ ਅਤੇ ਭਾਜਪਾ



ਦੁਆਰਾ ਫੈਲਾਏ ਗਏ ਨਸ਼ੇ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਉਨ੍ਹਾਂ ਅੱਗੇ ਲਿਖਿਆ - ਉਨ੍ਹਾਂ ਨੂੰ ਬਹੁਤ ਦੁੱਖ ਹੈ ਕਿ ਤੁਹਾਡੇ ਵਰਗਾ ਆਗੂ ਲਾਸ਼ਾਂ 'ਤੇ ਗੰਦੀ ਰਾਜਨੀਤੀ ਕਰ ਰਿਹਾ ਹੈ। ਕੱਲ੍ਹ, ਜਦੋਂ ਤੁਹਾਡਾ ਵਿਧਾਇਕ ਇਸ ਆਦਮੀ ਦੀ ਮੌਤ ਦਾ ਰਾਜਨੀਤੀਕਰਨ ਕਰਨ ਲਈ ਉਸ ਪਿੰਡ ਵਿੱਚ ਗਿਆ ਸੀ, ਤਾਂ ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ ਸੀ। ਮੈਂ ਤੁਹਾਨੂੰ ਵੀ ਇੱਕ ਵਾਰ ਉਸ ਪਿੰਡ ਦਾ ਚੱਕਰ ਲਗਾਉਣ ਦੀ ਬੇਨਤੀ ਕਰਦਾ ਹਾਂ।

ਉਨ੍ਹਾਂ ਨੇ ਪੰਜਾਬ 'ਚ ਨਸ਼ਿਆਂ ਦੀ ਸਮੱਸਿਆ ਲਈ ਪਿਛਲੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਪੰਜਾਬ 'ਚ ਨਸ਼ਾ ਫੈਲਾਉਣ ਲਈ ਅਕਾਲੀ ਦਲ, ਭਾਜਪਾ ਤੇ ਕਾਂਗਰਸ ਦੀਆਂ ਪਿਛਲੀਆਂ ਸਰਕਾਰਾਂ ਜ਼ਿੰਮੇਵਾਰ ਹਨ। ਉਨ੍ਹਾਂ ਦੀ ਸਰਕਾਰ ਨਸ਼ਾ ਤਸਕਰਾਂ ਖ਼?ਲਾਫ਼ ਸਖ਼ਤ ਕਾਰਵਾਈ ਕਰ ਰਹੀ ਹੈ ਤੇ ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ।



ਜੰਮੂ-ਕਸ਼ਮੀਰ ਦੇ ਕੁਪਵਾੜਾ 'ਚ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼

ਹਿਜ਼ਬੁਲ ਮੁਜਾਹਿਦੀਨ ਦਾ 'ਹਾਈਬ੍ਰਿਡ ਅੱਤਵਾਦੀ' ਗ੍ਰਿ.ਫ਼ਤਾਰ

ਸ੍ਰੀਨਗਰ, 9 ਸਤੰਬਰ (ਪੈ.ਗਾਮ-ਏ-ਜਗਤ)

ਉੱਤਰੀ ਕਸ਼ਮੀਰ ਦੇ ਹੰਦਵਾੜਾ 'ਚ ਪੁਲਿਸ ਨੇ 21 ਰਾਸ਼ਟਰੀ ਰਾਈਫ਼ਲਜ਼ (ਆਰਆਰ) ਤੇ 92ਵੀਂ ਬਟਾਲੀਅਨ ਸੀਆਰਪੀਐੱਫ ਦੇ ਨਾਲ ਸਾਂਝੀ ਕਾਰਵਾਈ ਕਰਦਿਆਂ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਹਿਜਬੁਲ ਮੁਜਾਹਿਦੀਨ ਨਾਲ ਜੁੜੇ ਇੱਕ ਸ਼ੱਕੀ ਹਾਈਬ੍ਰਿਡ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ।

ਪੁਲਿਸ ਨੇ ਕਾਰਵਾਈ ਦੌਰਾਨ ਹਿਜਬੁਲ ਮੁਜਾਹਿਦੀਨ ਦੇ ਇੱਕ ਸਾਬਕਾ ਅੱਤਵਾਦੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਦੇ ਕਬਜ਼ੇ 'ਚੋਂ ਚੀਨ 'ਚ ਬਣੀ ਇੱਕ ਪਿਸਤੌਲ, ਦੋ ਮੈਗਜ਼ੀਨ ਤੇ 16 ਕਾਰਤੂਸ ਬਰਾਮਦ ਕੀਤੇ ਗਏ ਹਨ। ਪੁਲਿਸ ਮੁਤਾਬਕ, ਉਸ ਦੇ ਹੰਦਵਾੜਾ-ਕੁਪਵਾੜਾ ਖੇਤਰ 'ਚ ਹਾਈਬ੍ਰਿਡ ਅੱਤਵਾਦੀ ਵਜੋਂ ਸਰਗਰਮ ਹੋਣ ਦੀ ਸੂਚਨਾ ਮਿਲੀ ਸੀ। ਸੂਚਨਾ ਮਿਲਦੇ ਹੀ ਹੰਦਵਾੜਾ ਪੁਲਿਸ, 21 ਆਰਆਰ ਤੇ 92ਵੀਂ ਬਟਾਲੀਅਨ ਸੀਆਰਪੀਐੱਫ ਨੇ ਸਾਂਝਾ ਅਭਿਆਨ ਸ਼ੁਰੂ ਕੀਤਾ।

ਹੰਦਵਾੜਾ ਕਸਬੇ 'ਚ ਇੱਕ ਨਿਰਧਾਰਤ ਜਗ੍ਹਾ 'ਤੇ ਸੁਰੱਖਿਆ ਘੇਰਾ ਪਾ ਕੇ ਤਲਾਸ਼ੀ ਅਭਿਆਨ ਚਲਾਇਆ ਗਿਆ। ਇਸ ਦੌਰਾਨ



ਮੁਲਜ਼ਮ ਨੂੰ ਕਾਬੂ ਕਰ ਲਿਆ ਗਿਆ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਕੂਮੂਰਾ, ਹੰਦਵਾੜਾ ਦੇ ਰਹਿਣ ਵਾਲੇ ਮੰਜ਼ੂਰ ਅਹਿਮਦ ਭੱਟ, ਪੁੱਤਰ ਮੁਹੰਮਦ ਸੁਲਤਾਨ ਭੱਟ ਵਜੋਂ ਹੋਈ ਹੈ।

ਦੱਸਿਆ ਗਿਆ ਹੈ ਕਿ ਤਲਾਸ਼ੀ ਦੌਰਾਨ ਉਸ ਕੋਲੋਂ ਇੱਕ ਪਿਸਤੌਲ, ਦੋ ਮੈਗਜ਼ੀਨ ਤੇ 16 ਕਾਰਤੂਸ ਮਿਲੇ। ਪੁਲਿਸ ਨੇ (ਬਾਕੀ ਸਫ਼ਾ 4 'ਤੇ)


ਸੀਜੇਆਈ ਨੇ ਨੋਇਡਾ ਮੈਜਿਸਟ੍ਰੇਟ ਨੂੰ ਝਿੜਕਿਆ

'ਤੁਹਾਡੀ ਹਿੰਮਤ ਕਿਵੇਂ ਹੋਈ?ਸੀਜੇਆਈ ਨੇ ਸਵਾਲ ਕੀਤਾ ਕਿ ਸੀਜੇਪੀ ਵਿਰੋਧ ਨਾਲ ਸਬੰਧਤ ਐਫਆਈਆਰ ਰੱਦ ਕਰਨ ਦੇ ਹੁਕਮ ਦੇ ਬਾਵਜੂਦ ਨੋਟਿਸ ਕਿਉਂ ਜਾਰੀ ਕੀਤਾ

ਨੋਇਡਾ, 9 ਸਤੰਬਰ (ਪੈ.ਗਾਮ-ਏ-ਜਗਤ)

ਚੀਫ਼ ਜਸਟਿਸ ਸੂਰਿਆ ਕਾਂਤ ਨੇ ਨੋਇਡਾ ਮੈਜਿਸਟ੍ਰੇਟ ਨੂੰ ਝਿੜਕਿਆ। ਬੁੱਧਵਾਰ ਨੂੰ, ਸੀਜੇਆਈ ਸੂਰਿਆ ਕਾਂਤ ਨੇ ਟਿੱਪਣੀ ਕੀਤੀ, ਜਦੋਂ ਸੁਪਰੀਮ ਕੋਰਟ ਨੇ ਵਿਦਿਆਰਥੀ ਵਿਰੋਧ ਪ੍ਰਦਰਸ਼ਨਾਂ ਨਾਲ ਸਬੰਧਤ ਐਫਆਈਆਰ ਰੱਦ ਕਰ ਦਿੱਤੀਆਂ ਹਨ ਅਤੇ ਭਵਿੱਖ ਵਿੱਚ ਅਜਿਹੇ ਵਿਰੋਧ ਪ੍ਰਦਰਸ਼ਨਾਂ ਲਈ ਵਿਦਿਆਰਥੀਆਂ ਵਿਰੁੱਧ ਕਿਸੇ ਵੀ ਜ਼ਬਰਦਸਤੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ, ਤਾਂ ਕਾਰਜਕਾਰੀ ਮੈਜਿਸਟ੍ਰੇਟ ਨੇ ਵਿਦਿਆਰਥੀ ਨੂੰ ਨੋਟਿਸ ਜਾਰੀ ਕਰਨ ਦੀ ਹਿੰਮਤ ਕਿਵੇਂ ਕੀਤੀ? ਕੋਈ ਵੀ ਮੈਜਿਸਟ੍ਰੇਟ ਉਸ ਹੁਕਮ ਦੀ ਉਲੰਘਣਾ ਨਹੀਂ ਕਰ ਸਕਦਾ।

ਜ਼ਿਕਰਯੋਗ ਹੈ ਕਿ 4 ਸਤੰਬਰ ਨੂੰ, ਨੋਇਡਾ ਕਮਿਸ਼ਨਰੇਟ ਦੇ ਤੀਜੇ ਕਾਰਜਕਾਰੀ ਮੈਜਿਸਟ੍ਰੇਟ ਆਰ.ਕੇ. ਸਿਸੋਦੀਆ ਨੇ ਦਿੱਲੀ ਵਿੱਚ 'ਕਾਕਰੋਚ ਜਨਤਾ ਪਾਰਟੀ' (ਸੀਜੇਪੀ) ਦੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀ ਅਕਸ਼ਤ ਤ੍ਰਿਪਾਠੀ ਨੂੰ ਨੋਟਿਸ ਜਾਰੀ ਕੀਤਾ ਸੀ। ਨੋਟਿਸ ਵਿੱਚ ?5 ਲੱਖ ਦਾ ਨਿੱਜੀ ਮੁਚਲਕਾ



ਅਤੇ ਬਰਾਬਰ ਰਕਮ ਦੀਆਂ ਦੋ ਜ਼ਮਾਨਤਾਂ ਦੀ ਮੰਗ ਕੀਤੀ ਗਈ ਸੀ। ਇਸ ਤੋਂ ਬਾਅਦ, ਵਿਦਿਆਰਥੀ ਨੇ ਮੰਗਲਵਾਰ ਨੂੰ ਇੱਕ ਵੀਡੀਓ ਜਾਰੀ ਕੀਤਾ ਜਿਸ ਵਿੱਚ ਕਿਹਾ ਗਿਆ ਸੀ, ਸੁਪਰੀਮ ਕੋਰਟ ਦੇ ਹੁਕਮ ਦੇ ਬਾਵਜੂਦ, ਮੈਨੂੰ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਲਈ ਡਰਾਇਆ ਜਾ ਰਿਹਾ ਹੈ।

ਬੁੱਧਵਾਰ ਨੂੰ (ਬਾਕੀ ਸਫ਼ਾ 4 'ਤੇ)

ਪੰਜਾਬੀ ਗਾਇਕ ਐਮੀ ਵਿਰਕ ਦੀ ਕਾਰ 'ਤੇ ਚੱਲੀਆਂ ਗੋਲੀਆਂ

- ਹਮਲਾਵਰਾਂ ਨੇ ਕਾਰ 'ਤੇ ਅੱਧੀ ਦਰਜਨ ਤੋਂ ਵੱਧ ਗੋਲੀਆਂ ਦਾਗੀਆਂ
- ਰੌਲਜ ਰਾਇਸ ਕਾਰ 'ਤੇ ਤਿੰਨ ਹੋਰਾਂ ਨਾਲ ਸਵਾਰ ਸੀ ਐਮੀ ਵਿਰਕ



ਵੈਨਕੂਵਰ/ਨਾਭਾ, 9 ਸਤੰਬਰ (ਪੈ.ਗਾਮ-ਏ-ਜਗਤ)

ਇਥੋਂ ਨੇੜੇ ਸ਼ਹਿਰ ਐਬਸਫੋਰਡ 'ਚ ਪੰਜਾਬ ਦੇ ਨਾਮਵਰ ਫਿਲਮੀ ਕਲਾਕਾਰ ਤੇ ਗਾਇਕ ਐਮੀ ਵਿਰਕ ਵਾਲੀ ਕਾਰ 'ਤੇ ਗੋਲੀਆਂ ਦਾਗੀਆਂ ਗਈਆਂ, ਪਰ ਉਸ ਦੇ ਸਮੇਤ ਚਾਰ ਸਵਾਰ ਵਾਲ ਵਾਲ ਬਚ ਗਏ। ਗੋਲੀਆਂ ਦੇ ਨਿਸ਼ਾਨ ਸ਼ੀਸ਼ੇ ਉੱਤੇ ਦਿਖਾਈ ਦਿੱਤੇ, ਪਰ ਕਾਰ ਰੌਲਜ ਰੌਇਸ ਕੰਪਨੀ ਦੀ ਹੋਣ ਕਰਕੇ ਗੋਲੀਆਂ ਅੰਦਰ ਨਹੀਂ ਲੰਘ ਸਕੀਆਂ।

ਜਾਣਕਾਰੀ ਅਨੁਸਾਰ ਐਮੀ ਵਿਰਕ ਉੱਥੋਂ ਥੋੜੀ ਦੂਰ ਆਪਣਾ ਸ਼ੋਅ ਕਰਕੇ ਆਪਣੇ ਦੋਸਤਾਂ ਨਾਲ ਜਾ ਰਿਹਾ ਸੀ। ਪੁਲੀਸ ਪਤਾ ਲਾ ਰਹੀ ਹੈ ਕਿ ਹਮਲਾ ਕਿਸ ਖਾਸ ਵਿਅਕਤੀ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ। ਪੁਲੀਸ ਨੇ ਹਮਲਾ ਹੋਣ ਦੀ ਪੁਸ਼ਟੀ ਤਾਂ ਕੀਤੀ, ਪਰ ਨਿੱਜਤਾ ਕਾਰਨ ਕਾਰ ਸਵਾਰਾਂ ਦੀ ਪਛਾਣ ਦੱਸਣ ਤੋਂ ਗੁਰੇਜ ਕੀਤਾ। ਪਤਾ ਲੱਗਾ ਹੈ ਕਿ ਗਾਇਕ ਦੇ ਸਾਥੀਆਂ ਚੋਂ ਇੱਕ ਉੱਤੇ ਪਹਿਲਾਂ ਵੀ ਗੋਲੀਬਾਰੀ ਹੋਈ ਚੁੱਕੀ ਹੈ, ਪਰ ਉਸਦਾ ਬਚਾਅ ਹੋ ਗਿਆ ਸੀ ਰਿਹਾ।

ਪੁਲੀਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਦੀ ਮਕੱਲਮ ਰੋਡ ਅਤੇ ਸਊਥ ਫ਼ਰੇਜ਼ਰ ਵੇਅ ਨੇੜੇ ਜਾਂਦੀ ਕਾਰ 'ਤੇ ਨੇੜਿਓਂ ਗੋਲੀਬਾਰੀ ਕੀਤੀ ਗਈ ਅਤੇ ਬਾਅਦ ਵਿੱਚ ਗੋਲੀਬਾਰੀ ਲਈ ਵਰਤੀ ਗਈ ਕਾਰ ਨੂੰ ਉੱਥੋਂ ਕੁਝ ਦੂਰੀ 'ਤੇ ਲਿਜਾ ਕੇ ਅੱਗ ਲਗਾ ਕੇ ਸਾੜ ਦਿੱਤਾ ਗਿਆ। ਕਾਰ ਸਾੜਨ ਦੀ ਕਾਰਵਾਈ ਬਦਮਾਸ਼ ਗਿਰੋਹਾਂ ਵਲੋਂ ਕਈ ਸਾਲਾਂ ਤੋਂ ਕੀਤੀ ਜਾ ਰਹੀ ਹੈ ਤਾਂ ਜੋ ਉਹਨਾਂ ਵਲੋਂ ਆਪਣੀ ਪਛਾਣ ਦੇ ਸਬੂਤ ਨਸ਼ਟ (ਬਾਕੀ ਸਫ਼ਾ 4 'ਤੇ)

ਸੰਪਾਦਕ ਦੀ ਕਲਮ ਤੋਂ

ਖਾਣੇ ਦੀ ਸੁਰੱਖਿਆ ਸਿਰ.ਫ ਲੇਬਲ ਪੜ੍ਹਨ ਨਾਲ ਯਕੀਨੀ ਨਹੀਂ ਹੁੰਦੀ



ਖਾਣਾ ਮਨੁੱਖੀ ਜੀਵਨ ਦੀ ਸਭ ਤੋਂ ਬੁਨਿਆਦੀ ਲੋੜ ਹੈ। ਇਸ ਲਈ ਖਾਣੇ ਦੀ ਸੁਰੱਖਿਆ ਸਿਰਫ਼ ਗਾਹਕ ਦੀ ਨਿੱਜੀ ਸਾਵਧਾਨੀ ਜਾਂ ਪੈਕੇਟ ਉੱਤੇ ਲਿਖੀ ਜਾਣਕਾਰੀ ਪੜ੍ਹ ਲੈਣ ਤੱਕ ਸੀਮਿਤ ਨਹੀਂ ਹੋ ਸਕਦੀ। ਖਪਤਕਾਰ ਨੂੰ ਨਿਸ਼ਚਿਤ ਤੌਰ ’ਤੇ ਇਹ ਦੇਖਣਾ ਚਾਹੀਦਾ ਹੈ ਕਿ ਉਤਪਾਦ ਦੀ ਮਿਆਦ, ਸਮੱਗਰੀ, ਪੋਸ਼ਣ ਸਬੰਧੀ ਜਾਣਕਾਰੀ ਅਤੇ ਹੋਰ ਵੇਰਵੇ ਠੀਕ ਹਨ ਜਾਂ ਨਹੀਂ, ਪਰ ਇਸ ਤੋਂ ਪਹਿਲਾਂ ਇਹ ਯਕੀਨੀ ਬਣਾਉਣਾ ਪ੍ਰਣਾਲੀ ਦੀ ਜ਼ਿੰਮੇਵਾਰੀ ਹੈ ਕਿ ਜੋ ਉਤਪਾਦ ਬਾਜ਼ਾਰ ਤੱਕ ਪਹੁੰਚ ਰਿਹਾ ਹੈ, ਉਹ ਸੁਰੱਖਿਅਤ ਅਤੇ ਨਿਰਧਾਰਿਤ ਮਾਪਦੰਡਾਂ ਅਨੁਸਾਰ ਹੋਵੇ।



ਦਵਿੰਦਰ ਕੁਮਾਰ
ਸੰਪਾਦਕ, ਪੈ.ਗਾਮ-ਏ-ਜਗਤ

ਹਾਲ ਹੀ ਵਿੱਚ ਭਾਰਤ ਦੇ ਪੈਕ ਕੀਤੇ ਖਾਣੇ ਦੇ ਖੇਤਰ ਬਾਰੇ ਸਾਹਮਣੇ ਆਈਆਂ ਜਾਂਚ ਰਿਪੋਰਟਾਂ ਨੇ ਇਸ ਮਸਲੇ ਨੂੰ ਨਵਾਂ ਮਹੱਤਵ ਦਿੱਤਾ ਹੈ। ਰਿਪੋਰਟਾਂ ਵਿੱਚ ਗਲਤ ਜਾਂ ਗੁੰਮਰਾਹਕੁੰਨ ਲੇਬਲਿੰਗ, ਮਿਆਦ-ਪੂਰੀ ਹੋ ਚੁੱਕੇ ਜਾਂ ਮਿਆਦ ਦੇ ਨੇੜੇ ਪਹੁੰਚੇ ਉਤਪਾਦਾਂ ਦੀ ਤਾਰੀਖ ਬਦਲਣ ਅਤੇ ਸਫ਼ਾਈ ਸਬੰਧੀ ਉਲੰਘਣਾਵਾਂ ਵਰਗੀਆਂ ਸਮੱਸਿਆਵਾਂ ਦਾ ਜ਼ਿਕਰ ਹੈ। FSSAI ਵੱਲੋਂ ਵੀ ਪਿਛਲੇ ਸਮੇਂ ਵਿੱਚ ਗੈਰ-ਕਾਨੂੰਨੀ ਰੀ-ਲੇਬਲਿੰਗ ਅਤੇ ਘਟੀਆ ਸਟੋਰੇਜ ਵਿਰੁੱਧ ਕਾਰਵਾਈ ਕੀਤੀ ਗਈ ਹੈ। ਇਹ ਸਥਿਤੀ ਸਿਰਫ਼ ਕਿਸੇ ਇੱਕ ਕੰਪਨੀ, ਦੁਕਾਨ ਜਾਂ ਉਤਪਾਦ ਦਾ ਮਸਲਾ ਨਹੀਂ ਹੈ। ਅਸਲ ਚੁਣੌਤੀ ਇਹ ਹੈ ਕਿ ਭਾਰਤ ਦਾ ਖ਼ੁਰਾਕੀ ਬਾਜ਼ਾਰ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਪੈਕ ਕੀਤੇ ਖਾਣੇ ਦੇ ਨਾਲ-ਨਾਲ ਆਨਲਾਈਨ ਗ੍ਰੋਸਰੀ, ਕਵਿਕ ਕਾਮਰਸ, ਤਿਆਰ ਖਾਣੇ, ਐਨਰਜੀ ਡ੍ਰਿੰਕਸ ਅਤੇ ਨਵੇਂ ਕਿਸਮ ਦੇ ਪ੍ਰੋਸੈਸਡ ਫੂਡ ਉਤਪਾਦ ਬਾਜ਼ਾਰ ਵਿੱਚ ਤੇਜ਼ੀ ਨਾਲ ਵਧ ਰਹੇ ਹਨ। ਜਦੋਂ ਉਦਯੋਗ ਦੀ ਰਫ਼ਤਾਰ ਇੰਨੀ ਤੇਜ਼ ਹੋਵੇ ਤਾਂ ਨਿਯਮ, ਟੈਸਟਿੰਗ, ਨਿਗਰਾਨੀ ਅਤੇ ਲਾਗੂ ਕਰਨ ਵਾਲੀ ਪ੍ਰਣਾਲੀ ਦਾ ਵੀ ਉਸੇ ਗਤੀ ਨਾਲ ਬਦਲਣਾ ਲਾਜ਼ਮੀ ਹੈ।

ਇੱਥੇ ਲੇਬਲਿੰਗ ਦਾ ਮਸਲਾ ਖਾਸ ਮਹੱਤਵ ਰੱਖਦਾ ਹੈ। ਆਮ ਖਪਤਕਾਰ ਕੋਲ ਕਿਸੇ ਉਤਪਾਦ ਦੀ ਅੰਦਰੂਨੀ ਗੁਣਵੱਤਾ ਜਾਂ ਉਸ ਦੀ ਤਿਆਰੀ ਅਤੇ ਸਟੋਰੇਜ ਪ੍ਰਕਿਰਿਆ ਦੀ ਜਾਂਚ ਕਰਨ ਦਾ ਕੋਈ ਸਾਧਨ ਨਹੀਂ ਹੁੰਦਾ। ਉਹ ਪੈਕੇਟ ਉੱਤੇ ਦਿੱਤੀ ਜਾਣਕਾਰੀ ’ਤੇ ਹੀ ਭਰੋਸਾ ਕਰਦਾ ਹੈ। ਜੇਕਰ ਇਹ ਜਾਣਕਾਰੀ ਗਲਤ ਹੋਵੇ ਜਾਂ ਜਾਣਬੁੱਝ ਕੇ ਅਧੂਰੀ ਰੱਖੀ ਜਾਵੇ ਤਾਂ ਗਾਹਕ ਦੀ ਸਾਵਧਾਨੀ ਵੀ ਸੀਮਿਤ ਹੋ ਜਾਂਦੀ ਹੈ। ਇਸ ਲਈ ਲੇਬਲ ਸਿਰਫ਼ ਜਾਣਕਾਰੀ ਦਾ ਸਾਧਨ ਨਹੀਂ, ਸਗੋਂ ਖਪਤਕਾਰ ਅਤੇ ਉਤਪਾਦਕ ਵਿਚਕਾਰ ਭਰੋਸੇ ਦੀ ਇੱਕ ਕੜੀ ਹੈ। ਇਸੇ ਤਰ੍ਹਾਂ ਮਿਆਦ-ਪੂਰੀ ਤਾਰੀਖ ਨਾਲ ਛੇੜਛਾੜ ਨੂੰ ਸਿਰਫ਼ ਵਪਾਰਕ ਧੋਖਾਧੜੀ ਸਮਝਣਾ ਵੀ ਕਾਫ਼ੀ ਨਹੀਂ। ਖਾਣੇ ਦੀ ਗੁਣਵੱਤਾ ਸਮੇਂ ਦੇ ਨਾਲ ਬਦਲ ਸਕਦੀ ਹੈ ਅਤੇ ਕੁਝ ਉਤਪਾਦਾਂ ਵਿੱਚ ਗਲਤ ਸਟੋਰੇਜ ਕਾਰਨ ਖ਼ਤਰਾ ਹੋਰ ਵਧ ਸਕਦਾ ਹੈ। ਇਸ ਲਈ ਉਤਪਾਦ ਦੀ ਤਿਆਰੀ ਤੋਂ ਲੈ ਕੇ ਗੋਦਾਮ, ਆਵਾਜਾਈ, ਰਿਟੇਲ ਸਟੋਰ ਅਤੇ ਆਖ਼ਰੀ ਖਪਤਕਾਰ ਤੱਕ ਪੂਰੀ ਸਪਲਾਈ ਚੇਨ ਦੀ ਨਿਗਰਾਨੀ ਮਹੱਤਵਪੂਰਨ ਹੈ।

ਇਸ ਮਾਮਲੇ ਵਿੱਚ ਰੈਗੂਲੇਟਰਾਂ ਦੀ ਭੂਮਿਕਾ ਵੀ ਸਿਰਫ਼ ਛਾਪੇਮਾਰੀ ਤੱਕ ਸੀਮਿਤ ਨਹੀਂ ਹੋ ਸਕਦੀ। ਨਿਯਮਾਂ ਦੀ ਸਪਸ਼ਟਤਾ, ਨਿਯਮਿਤ ਸੈਂਪਲਿੰਗ, ਆਧੁਨਿਕ ਲੈਬੋਰਟਰੀਆਂ, ਡਿਜ਼ੀਟਲ ਟ੍ਰੇਸਿੰਗ, ਤੇਜ਼ ਜਾਂਚ ਅਤੇ ਉਲੰਘਣਾ ਹੋਣ ’ਤੇ ਸਮੇਂ ਸਿਰ ਕਾਰਵਾਈ—ਇਹ ਸਾਰੇ ਤੱਤ ਇਕੱਠੇ ਕੰਮ ਕਰਨੇ ਚਾਹੀਦੇ ਹਨ। FSSAI ਦੇ ਮੌਜੂਦਾ ਰਿਕਾਰਡ ਵੀ ਦਰਸਾਉਂਦੇ ਹਨ ਕਿ ਲੇਬਲਿੰਗ ਅਤੇ ਡਿਸਪਲੇ ਨਾਲ ਸਬੰਧਤ ਨਿਯਮਾਂ ਵਿੱਚ ਸਮੇਂ-ਸਮੇਂ ’ਤੇ ਸੋਧਾਂ ਕੀਤੀਆਂ ਜਾ ਰਹੀਆਂ ਹਨ। ਇੱਕ ਹੋਰ ਪੱਖ ਪੋਸ਼ਣ ਸਬੰਧੀ ਜਾਣਕਾਰੀ ਦਾ ਹੈ। ਅੱਜ ਖਪਤਕਾਰ ਸਿਰਫ਼ ਇਹ ਨਹੀਂ ਜਾਣਨਾ ਚਾਹੁੰਦਾ ਕਿ ਕੋਈ ਚੀਜ਼ ਖਾਣਯੋਗ ਹੈ ਜਾਂ ਨਹੀਂ, ਸਗੋਂ ਇਹ ਵੀ ਸਮਝਣਾ ਚਾਹੁੰਦਾ ਹੈ ਕਿ ਉਸ ਵਿੱਚ ਚੀਨੀ, ਨਮਕ, ਚਰਬੀ ਅਤੇ ਹੋਰ ਪੋਸ਼ਕ ਤੱਤ ਕਿੰਨੀ ਮਾਤਰਾ ਵਿੱਚ ਹਨ। ਪੈਕ ਕੀਤੇ ਖਾਣੇ ਉੱਤੇ ਵਧੇਰੇ ਸਪਸ਼ਟ ਚੇਤਾਵਨੀ ਲੇਬਲ ਲਗਾਉਣ ਬਾਰੇ ਚੱਲ ਰਹੀ ਚਰਚਾ ਇਸ ਬਦਲਦੀ ਲੋੜ ਨੂੰ ਦਰਸਾਉਂਦੀ ਹੈ। ਇਸ ਦਾ ਮਕਸਦ ਸਿਰਫ਼ ਉਦਯੋਗ ਨੂੰ ਨਿਯੰਤਰਿਤ ਕਰਨਾ ਨਹੀਂ, ਸਗੋਂ ਖਪਤਕਾਰ ਨੂੰ ਬਿਹਤਰ ਫ਼ੈਸਲਾ ਲੈਣ ਲਈ ਸਪਸ਼ਟ ਜਾਣਕਾਰੀ ਦੇਣਾ ਵੀ ਹੈ। ਉਦਯੋਗ ਦੀ ਜ਼ਿੰਮੇਵਾਰੀ ਵੀ ਇਸੇ ਪੱਧਰ ਦੀ ਹੈ। ਨਿਯਮਾਂ ਦੀ ਪਾਲਣਾ ਸਿਰਫ਼ ਜੁਰਮਾਨੇ ਤੋਂ ਬਚਣ ਲਈ ਨਹੀਂ, ਸਗੋਂ ਖਪਤਕਾਰ ਦੇ ਭਰੋਸੇ ਦੀ ਰੱਖਿਆ ਲਈ ਹੋਣੀ ਚਾਹੀਦੀ ਹੈ। ਵੱਡੀਆਂ ਕੰਪਨੀਆਂ ਤੋਂ ਲੈ ਕੇ ਛੋਟੇ ਨਿਰਮਾਤਾਵਾਂ ਅਤੇ ਸਥਾਨਕ ਵਿਕਰੇਤਾਵਾਂ ਤੱਕ, ਸੁਰੱਖਿਅਤ ਸਟੋਰੇਜ, ਸਫ਼ਾਈ, ਸਹੀ ਲੇਬਲਿੰਗ ਅਤੇ ਗੁਣਵੱਤਾ ਜਾਂਚ ਨੂੰ ਕਾਰੋਬਾਰ ਦਾ ਬੁਨਿਆਦੀ ਹਿੱਸਾ ਬਣਾਉਣਾ ਜ਼ਰੂਰੀ ਹੈ।

ਇਸ ਦੇ ਨਾਲ ਹੀ ਗਾਹਕ ਦੀ ਭੂਮਿਕਾ ਵੀ ਖਤਮ ਨਹੀਂ ਹੁੰਦੀ। ਮਿਆਦ, ਪੈਕੇਜ ਦੀ ਹਾਲਤ, ਸਟੋਰੇਜ ਅਤੇ ਲੇਬਲ ਪੜ੍ਹਨ ਦੀ ਆਦਤ ਮਹੱਤਵਪੂਰਨ ਹੈ। ਪਰ ਗਾਹਕ ਤੋਂ ਇਹ ਉਮੀਦ ਕਰਨਾ ਕਿ ਉਹ ਹਰ ਉਤਪਾਦ ਦੀ ਸੁਰੱਖਿਆ ਖ਼ੁਦ ਜਾਂਚ ਲਵੇ, ਇੱਕ ਅਵਿਹਾਰਕ ਉਮੀਦ ਹੈ। ਆਮ ਨਾਗਰਿਕ ਕੋਲ ਨਾ ਤਾਂ ਲੈਬ ਹੈ ਅਤੇ ਨਾ ਹੀ ਉਤਪਾਦਨ ਪ੍ਰਕਿਰਿਆ ਦੀ ਜਾਣਕਾਰੀ। ਇਸ ਲਈ ਖਾਣੇ ਦੀ ਸੁਰੱਖਿਆ ਨੂੰ ਇੱਕ ਸਾਂਝੀ ਪਰ ਜ਼ਿੰਮੇਵਾਰੀ ਵਾਲੀ ਪ੍ਰਣਾਲੀ ਵਜੋਂ ਦੇਖਣ ਦੀ ਲੋੜ ਹੈ, ਜਿਸ ਵਿੱਚ ਸਰਕਾਰ ਨਿਯਮ ਬਣਾਏ ਅਤੇ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰੇ, ਉਦਯੋਗ ਇਮਾਨਦਾਰੀ ਨਾਲ ਮਾਪਦੰਡਾਂ ਦੀ ਪਾਲਣਾ ਕਰੇ ਅਤੇ ਖਪਤਕਾਰ ਜਾਗਰੂਕ ਰਹੇ। ਤੇਜ਼ੀ ਨਾਲ ਬਦਲ ਰਹੇ ਖ਼ੁਰਾਕੀ ਬਾਜ਼ਾਰ ਵਿੱਚ ਪੁਰਾਣੇ ਤਰੀਕਿਆਂ ਨਾਲ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਕਾਫ਼ੀ ਨਹੀਂ ਹੋਵੇਗਾ। ਜੇਕਰ ਖ਼ੁਰਾਕੀ ਉਦਯੋਗ ਨਵੀਂ ਰਫ਼ਤਾਰ ਨਾਲ ਬਦਲ ਰਿਹਾ ਹੈ ਤਾਂ ਨਿਯਮਕ ਪ੍ਰਣਾਲੀ ਨੂੰ ਵੀ ਉਸੇ ਰਫ਼ਤਾਰ ਨਾਲ ਆਧੁਨਿਕ ਹੋਣਾ ਪਵੇਗਾ। ਕਿਉਂਕਿ ਆਖ਼ਰਕਾਰ ਖਪਤਕਾਰ ਦਾ ਭਰੋਸਾ ਕਿਸੇ ਲੇਬਲ ਤੋਂ ਵੱਡੀ ਚੀਜ਼ ਹੈ, ਅਤੇ ਉਸ ਭਰੋਸੇ ਦੀ ਰੱਖਿਆ ਪੂਰੀ ਪ੍ਰਣਾਲੀ ਦੀ ਜ਼ਿੰਮੇਵਾਰੀ ਹੈ।

ਅਜੋਕੀ ਸਿਆਸਤ ਵਿੱਚ ਆ ਰਿਹਾ ਨਿਘਾਰ ਦੇਸ਼ ਲਈ ਖ਼ਤਰਨਾਕ ਸਾਬਤ ਹੋ ਰਿਹਾ ਹੈ

ਜਦੋਂ ਭਾਰਤ ਅਜ਼ਾਦ ਹੋਇਆ ਸੀ ਤਾਂ ਭਾਰਤ ਵਾਸੀਆਂ ਨੇ ਬਹੁਤ ਸਾਰੇ ਸੁਪਨੇ ਆਪਣੀਆਂ ਅੱਖਾਂ ਵਿੱਚ ਸਮੋਏ ਸਨ। ਆਜ਼ਾਦੀ ਪ੍ਰਾਪਤੀ ਲਈ ਸਾਨੂੰ ਬਹੁਤ ਸੰਘਰਸ਼ ਵੀ ਕਰਨਾ ਪਿਆ ਸੀ ਅਤੇ ਇਸ ਲਈ ਅਸੀਂ ਬਹੁਤ ਸਾਰੀਆਂ ਕੁਰਬਾਨੀਆਂ ਵੀ ਦਿੱਤੀਆਂ ਸਨ। ਦੇਸ਼ ਭਗਤੀ ਦਾ ਇਤਿਹਾਸ ਇਹਨਾਂ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ।

ਅੱਜ ਦੀ ਸਿਆਸਤ ਨੂੰ ਦੇਖ ਕੇ ਇੱਕ ਸਵਾਲ ਹਰ ਸੂਝਵਾਨ ਵਿਅਕਤੀ ਦੇ ਮਨ ਵਿੱਚ ਆਉਂਦਾ ਹੈ ਕੀ ਇਹ ਉਹੀ ਸਿਆਸਤ ਹੈ? ਜਿਸਦਾ ਸੁਪਨਾ ਭਗਤ ਸਿੰਘ, ਰਾਜਗੁਰੂ, ਸੁਖਦੇਵ, ਸ਼ਹੀਦ ਊਧਮ ਸਿੰਘ, ਚੰਦਰ ਸ਼ੇਖਰ ਆਜ਼ਾਦ,ਸੁਭਾਸ ਚੰਦਰ ਬੋਸ ਮਹਾਤਮਾ ਗਾਂਧੀ ਅਤੇ ਡਾ. ਅੰਬੇਡਕਰ ਨੇ ਦੇਖਿਆ ਸੀ? ਜਵਾਬ ਬਹੁਤ ਕੌੜਾ ਹੈ। ਅੱਜ ਸਿਆਸਤ ਸੇਵਾ ਨਹੀਂ, ਇੱਕ ਵਪਾਰ ਬਣ ਗਈ ਹੈ, ਇੱਕ ਚਮਕ-ਦਮਕ ਵਾਲਾ ਸ਼ੋਅ ਬਣ ਗਈ ਹੈ।

ਪਹਿਲਾਂ ਸਿਆਸਤ ਦਾ ਮਤਲਬ ਹੁੰਦਾ ਸੀ ਲੋਕਾਂ ਦੇ ਦੁੱਖ-ਸੁੱਖ ਨੂੰ ਸਮਝਣਾ ਅਤੇ ਉਨਾਂ ਦੇ ਭਲੇ ਲਈ ਨੀਤੀਆਂ ਬਣਾਉਣਾ। ਦੇਸ਼ ਲਈ ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਦਾ ਨਿਰਮਾਣ ਕਰਨਾ। ਅੱਜ ਸਿਆਸਤ ਦਾ ਮਤਲਬ ਬਣ ਗਿਆ ਹੈ ਚੈਨਲਾਂ ਤੇ ਚੀਕਣਾ, ਚੰਮ ਦੀਆਂ ਚਲਾਉਣਾ,ਸੋਸ਼ਲ ਮੀਡੀਆ ਤੇ ਟਰੈਂਡ ਕਰਵਾਉਣਾ ਅਤੇ ਦੂਜਿਆਂ ਨੂੰ ਨੀਵਾਂ ਦਿਖਾਉਣਾ। ਅੱਜ ਦੇ ਆਗੂ ਨੇਤਾ ਘੱਟ ਅਤੇ ਅਦਾਕਾਰ ਵੱਧ ਲੱਗਦੇ ਹਨ।

ਅਜੋਕੀ ਸਿਆਸਤ ਭਟਕ ਗਈ ਹੈ
ਵਿਚਾਰਧਾਰਾ ਦੀ ਥਾਂ ਵਿਅਕਤੀ-ਪੂਜਾ ਨੇ ਲੈ ਲਈ ਹੈ।

ਪਹਿਲਾਂ ਲੋਕ ਪਾਰਟੀ ਦੇ ਸਿਧਾਂਤ, ਉਸਦੇ ਮੈਨੀਫੈਸਟੋ ਨੂੰ ਦੇਖ ਕੇ ਵੋਟ ਪਾਉਂਦੇ ਸਨ। ਅੱਜ ਲੋਕ ਵਿਅਕਤੀ ਨੂੰ ਦੇਖ ਕੇ ਵੋਟ ਪਾਉਂਦੇ ਹਨ। ਹਰ ਪਾਰਟੀ ਇੱਕ ਚਿਹਰੇ ਦੇ ਦੁਆਲੇ ਘੁੰਮਦੀ ਹੈ। ਇਸ ਨਾਲ ਫਾਇਦਾ ਘੱਟ ਅਤੇ ਨੁਕਸਾਨ ਵਧੇਰੇ ਹੋ ਰਿਹਾ ਹੈ। ਨਾਗਰਿਕਾਂ ਦੀ ਸਵਾਲ ਪੁੱਛਣ ਦੀ ਹਿੰਮਤ ਖਤਮ ਹੋ ਜਾਂਦੀ ਹੈ। ਜੋ ਸਵਾਲ ਪੁੱਛਦਾ ਹੈ, ਉਹ ਵਿਰੋਧੀ ਜਾਂ ਗੱਦਾਰ ਕਹਾਉਦਾ ਹੈ।

ਅੱਜ ਦੇ ਚੋਣ ਪ੍ਰਚਾਰ ਵਿੱਚ ਤੁਹਾਨੂੰ ਸਿਹਤ, ਸਿੱਖਿਆ, ਰੁਜ਼ਗਾਰ, ਖੇਤੀ ਦੇ ਅੰਕੜਿਆਂ ਤੇ ਘੱਟ ਗੱਲ ਸੁਣਨ ਨੂੰ ਮਿਲੇਗੀ। ਗੱਲ ਹੋਵੇਗੀ ਧਰਮ ਦੀ, ਜਾਤ ਦੀ, ਦੇਸ਼-ਭਗਤੀ ਦਾ ਜਜ਼ਬਾ ਕੇਵਲ ਕਿਤਾਬਾਂ ਵਿੱਚ ਰਹਿ ਗਿਆ ਹੈ। ਨੇਤਾ ਜਾਣਦਾ ਹੈ ਕਿ ਭੁੱਖੇ ਪੇਟ ਦਾ ਹੱਲ ਕੱਢਣਾ ਔਖਾ ਹੈ, ਪਰ ਲੋਕਾਂ ਦੀਆਂ ਭਾਵਨਾ ਭੜਕਾਉਣੀਆ ਸੌਖੀਆਂ ਹਨ। ਇਸ ਲਈ ਆਮ ਗਰੀਬ, ਕਿਸਾਨ, ਮਜ਼ਦੂਰ, ਨੌਜਵਾਨ ਦਾ ਅਸਲ ਮੁੱਦਾ ਨੌਕਰੀਆਂ, ਫ਼ਸਲਾਂ ਦੇ ਭਾਅ, ਹਸਪਤਾਲ ਵਿੱਚ ਦਵਾਈਆਂ ਦਾ ਪ੍ਰਬੰਧ ਪਿੱਛੇ ਰਹਿ ਜਾਂਦੇ ਹਨ। ਦੇਸ਼ ਦੇ ਸਾਰੇ ਪਿੰਡ ਲੋਕ ਤੰਤਰ ਦੀ ਮੁਢਲੀ ਇਕਾਈ ਮੰਨੇ ਜਾਂਦੇ, ਪਹਿਲਾਂ ਚੋਣਾਂ ਪਿੰਡ ਦੀ ਚੌਪਾਲ ਵਿੱਚ ਲੜੀਆਂ ਜਾਂਦੀਆਂ ਸਨ, ਅੱਜ ਮੋਬਾਈਲ ਦੀ ਸਕਰੀਨ ਤੇ ਲੜੀਆਂ ਜਾਂਦੀਆਂ ਹਨ। ਵਟਸਐਪ ਫਾਰਵਰਡ, ਫੇਕ ਖ਼ਬਰ, ਕੱਟੇ ਹੋਏ ਵੀਡੀਓ ਕਲਿੱਪ ਨੇ ਸੱਚ ਅਤੇ ਝੂਠ ਵਿੱਚ ਫਰਕ ਕਰਨਾ ਮੁਸ਼ਕਲ ਕਰ ਦਿੱਤਾ ਹੈ। ਨੌਜਵਾਨ ਸੋਚਦਾ ਹੈ ਕਿ ਉਹ ਜਾਣਕਾਰੀ ਲੈ ਰਿਹਾ ਹੈ, ਪਰ ਅਸਲ ਵਿੱਚ ਉਹ ਕਿਸੇ ਦੀ ਬਣਾਈ ਹੋਈ ਰਾਏ ਦਾ ਸ਼ਿਕਾਰ ਹੋ ਰਿਹਾ ਹੈ ਹੁੰਦਾ ਹੈ।



ਫਿਰ ਵੀ ਅੱਜ ਦੇਸ਼ ਵਾਸੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ। ਅੱਜ ਦੀ ਸਿਆਸਤ ਵਿੱਚ ਇੱਕ ਚੰਗੀ ਗੱਲ ਵੀ ਹੈ - *ਜਾਗਰੂਕਤਾ।* ਅੱਜ ਦਾ ਵੋਟਰ ਪਹਿਲਾਂ ਨਾਲੋਂ ਵੱਧ ਸੁਚੇਤ ਹੈ। ਉਹ ਸਵਾਲ ਪੁੱਛਦਾ ਹੈ, ਵੀਡੀਓ ਬਣਾਉਂਦਾ ਹੈ, ਸੜਕ ਤੇ ਆਉਂਦਾ ਹੈ। ਕਿਸਾਨ ਅੰਦੋਲਨ, ਨੌਜਵਾਨਾਂ ਦੇ ਪੇਪਰ ਲੀਕ ਖਿਲਾਫ ਪ੍ਰਦਰਸ਼ਨ ਇਸ ਗੱਲ ਦੇ ਸਬੂਤ ਹਨ ਕਿ ਲੋਕਤੰਤਰ ਅਜੇ ਜਿਉਂਦਾ ਹੈ। ਸਾਨੂੰ ਕੀ ਚਾਹੀਦਾ ਹੈ? ਸਾਨੂੰ ਅਜਿਹੀ ਸਿਆਸਤ ਚਾਹੀਦੀ ਹੈ ਜੋ ਮੰਦਰ-ਮਸਜਿਦ ਤੋਂ ਉੱਪਰ ਉੱਠ ਕੇ ਸਕੂਲ-ਹਸਪਤਾਲ ਦੀ ਗੱਲ ਕਰੇ। ਜੋ ਮੁਫਤ ਦੇ ਲਾਲਚ ਦੇਣ ਦੀ ਥਾਂ, ਰੁਜ਼ਗਾਰ ਦੇਣ ਦੇ ਕਾਬਲ ਬਣਾਏ। ਜੋ ਨੇਤਾ ਨੂੰ ਮਾਲਕ ਨਹੀਂ, ਸੇਵਕ ਸਮਝੇ। ਦੇਸ਼ ਦੇ ਸੂਝਵਾਨ ਨਾਗਰਿਕ ਇਹ ਸਮਝਦੇ ਹਨ ਕਿ ਸਿਆਸਤ ਗੰਦੀ ਨਹੀਂ ਹੁੰਦੀ, ਸਿਆਸਤਦਾਨ ਗੰਦੇ ਹੋ ਸਕਦੇ ਹਨ ਅਤੇ ਸਿਆਸਤਦਾਨਾਂ ਨੂੰ ਚੁਣਨ ਵਾਲੇ ਅਸੀਂ ਹੀ ਹਾਂ।


ਕੇ.ਐੱਸ. ਅਮਰ
ਪਿੰਡ ਤੇ ਡਾਕ. ਕੋਟਲੀ
ਖਾਸ ਤਹਿਸੀਲ ਮੁਕੇਰੀਆਂ,
ਜ਼ਿਲ੍ਹਾ ਹੁਸ਼ਿਆਰਪੁਰ,
ਮੋਬਾ. 94653-69343

ਜਿਸ ਦਿਨ ਅਸੀਂ ਜਾਤ-ਪਾਤ, ਦਾਰੂ-ਪੈਸੇ ਤੋਂ ਉੱਪਰ ਉੱਠ ਕੇ, ਆਪਣੇ ਬੱਚਿਆਂ ਦੇ ਭਵਿੱਖ ਲਈ ਵੋਟ ਪਾਉਣਾ ਸ਼ੁਰੂ ਕਰ ਦਿੱਤਾ, ਉਸ ਦਿਨ ਤੋਂ ਹੀ ਅਜੋਕੀ ਸਿਆਸਤ ਬਦਲਣੀ ਸ਼ੁਰੂ ਹੋ ਜਾਵੇਗੀ। ਸਿਆਸਤ ਦਾ ਭਵਿੱਖ ਕਿਸੇ ਦਿੱਲੀ ਜਾਂ ਚੰਡੀਗੜ੍ਹ ਵਿੱਚ ਨਹੀਂ, ਸਾਡੀ ਆਪਣੀ ਵੋਟ ਦੀ ਸ਼ਕਤੀ ਵਿੱਚ ਹੈ।

ਮੱਧਵਰਗ ਦੀ ਜ਼ਿੰਦਗੀ: ਕਮਾਈ ਵਧੀ ਨਹੀਂ, ਖਰਚੇ ਰੁਕਦੇ ਨਹੀਂ

ਪੰਜਾਬ ਦਾ ਮੱਧਵਰਗ ਅੱਜ ਦੇ ਸਮੇਂ ਵਿੱਚ ਇੱਕ ਅਜਿਹੀ ਆਰਥਿਕ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ, ਜਿਸ ਬਾਰੇ ਗੱਲ ਤਾਂ ਹਰ ਘਰ ਵਿੱਚ ਹੁੰਦੀ ਹੈ, ਪਰ ਇਸ ਦੀ ਗੰਭੀਰਤਾ ’ਤੇ ਸਮਾਜਿਕ ਪੱਧਰ ’ਤੇ ਚਰਚਾ ਘੱਟ ਹੁੰਦੀ ਹੈ। ਮਹੀਨੇ ਦੀ ਤਨਖਾਹ ਆਉਂਦੀ ਹੈ ਤਾਂ ਕੁਝ ਦਿਨਾਂ ਵਿੱਚ ਹੀ ਉਸ ਦਾ ਵੱਡਾ ਹਿੱਸਾ ਘਰ ਦੇ ਲਾਜ਼ਮੀ ਖਰਚਿਆਂ ਵਿੱਚ ਚਲਾ ਜਾਂਦਾ ਹੈ। ਮਹੀਨੇ ਦੇ ਅਖੀਰ ਵਿੱਚ ਬਚਤ ਦੀ ਥਾਂ ਅਗਲੀ ਤਨਖਾਹ ਦੀ ਉਡੀਕ ਰਹਿ ਜਾਂਦੀ ਹੈ।

ਮੱਧਵਰਗ ਦੀ ਜ਼ਿੰਦਗੀ ਬਾਹਰੋਂ ਭਾਵੇਂ ਸਥਿਰ ਅਤੇ ਸੁਖੀ ਨਜ਼ਰ ਆਵੇ, ਪਰ ਇਸ ਵਰਗ ਦੇ ਅੰਦਰ ਲਗਾਤਾਰ ਵਿੱਤੀ ਯੋਜਨਾਬੰਦੀ ਅਤੇ ਚਿੰਤਾ ਚੱਲਦੀ ਰਹਿੰਦੀ ਹੈ। ਘਰ ਦਾ ਕਿਰਾਇਆ ਜਾਂ ਮਕਾਨ ਦੀ ਕਿਸ਼ਤ, ਬਿਜਲੀ-ਪਾਣੀ ਦੇ ਬਿੱਲ, ਰਾਸ਼ਨ, ਬੱਚਿਆਂ ਦੀ ਪੜ੍ਹਾਈ, ਆਵਾਜਾਈ, ਦਵਾਈਆਂ, ਬੀਮਾ ਅਤੇ ਹੋਰ ਲੋੜਾਂ—ਇਨ੍ਹਾਂ ਸਾਰੇ ਖਰਚਿਆਂ ਨੂੰ ਸੰਭਾਲਣਾ ਹਰ ਮਹੀਨੇ ਇੱਕ ਨਵੀਂ ਕਸੌਟੀ ਬਣ ਗਿਆ ਹੈ।

ਰਾਸ਼ਨ ਤੋਂ ਲੈ ਕੇ ਬਿਜਲੀ ਦੇ ਬਿੱਲ ਤੱਕ ਵਧਦਾ ਬੋਝ

ਘਰੇਲੂ ਬਜਟ ਦਾ ਸਭ ਤੋਂ ਵੱਡਾ ਹਿੱਸਾ ਰੋਜ਼ਾਨਾ ਦੀਆਂ ਜ਼ਰੂਰੀ ਵਸਤਾਂ ’ਤੇ ਖਰਚ ਹੁੰਦਾ ਹੈ। ਆਟਾ, ਦਾਲਾਂ, ਤੇਲ, ਦੁੱਧ, ਸਬਜ਼ੀਆਂ, ਫਲ, ਗੈਸ ਅਤੇ ਹੋਰ ਘਰੇਲੂ ਸਮਾਨ ਦੀਆਂ ਕੀਮਤਾਂ ਵਿੱਚ ਸਮੇਂ-ਸਮੇਂ ’ਤੇ ਆਉਣ ਵਾਲੇ ਵਾਧੇ ਦਾ ਸਿੱਧਾ ਅਸਰ ਪਰਿਵਾਰ ਦੀ ਜੇਬ ’ਤੇ ਪੈਂਦਾ ਹੈ।

ਮੱਧਵਰਗੀ ਪਰਿਵਾਰ ਅਕਸਰ ਆਪਣੀਆਂ ਗੈਰ-ਜ਼ਰੂਰੀ ਲੋੜਾਂ ਨੂੰ ਟਾਲ ਸਕਦਾ ਹੈ, ਪਰ ਰੋਟੀ, ਬੱਚਿਆਂ ਦੀ ਪੜ੍ਹਾਈ, ਬਿਜਲੀ, ਦਵਾਈ ਜਾਂ ਆਵਾਜਾਈ ਵਰਗੇ ਖਰਚਿਆਂ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਜਾ ਸਕਦਾ। ਇਸੇ ਕਰਕੇ ਮਹਿੰਗਾਈ ਦਾ ਸਭ ਤੋਂ ਵੱਧ ਦਬਾਅ ਇਸ ਵਰਗ ਦੇ ਮਹੀਨਾਵਾਰ ਬਜਟ ’ਤੇ ਪੈਂਦਾ ਹੈ।

ਬੱਚਿਆਂ ਦੀ ਪੜ੍ਹਾਈ—ਸਭ ਤੋਂ ਵੱਡਾ ਨਿਵੇਸ਼

ਮੱਧਵਰਗੀ ਮਾਪਿਆਂ ਲਈ ਬੱਚਿਆਂ ਦੀ ਸਿੱਖਿਆ ਸਿਰਫ਼ ਖਰਚਾ ਨਹੀਂ, ਸਗੋਂ ਭਵਿੱਖ ਵਿੱਚ ਕੀਤਾ ਗਿਆ ਸਭ ਤੋਂ ਵੱਡਾ ਨਿਵੇਸ਼ ਹੈ। ਪਰ ਅੱਜ ਚੰਗੀ ਸਿੱਖਿਆ ਹਾਸਲ ਕਰਵਾਉਣ ਲਈ ਸਕੂਲ ਜਾਂ ਕਾਲਜ ਦੀ ਫੀਸ ਤੋਂ ਇਲਾਵਾ ਕਿਤਾਬਾਂ, ਟਰਾਂਸਪੋਰਟ, ਟਿਊਸ਼ਨ, ਕੋਚਿੰਗ, ਆਨਲਾਈਨ ਕੋਰਸ ਅਤੇ ਹੋਰ ਗਤੀਵਿਧੀਆਂ ’ਤੇ ਵੀ ਵੱਡੀ ਰਕਮ ਖਰਚ ਹੁੰਦੀ ਹੈ।

ਉੱਚ ਸਿੱਖਿਆ ਲਈ ਵਿਦੇਸ਼ ਜਾਣ ਦਾ ਰੁਝਾਨ ਵੀ ਕਈ ਪਰਿਵਾਰਾਂ ਨੂੰ ਵੱਡੇ ਕਰਜ਼ਿਆਂ ਜਾਂ ਆਪਣੀ ਜੀਵਨ ਭਰ ਦੀ ਬਚਤ ਖਰਚਣ ਵੱਲ ਧੱਕਦਾ ਹੈ। ਮਾਪੇ ਆਪਣੇ ਸੁਪਨੇ ਪਿੱਛੇ ਕਰਕੇ ਬੱਚਿਆਂ ਦੇ ਭਵਿੱਖ ਨੂੰ ਤਰਜੀਹ ਦਿੰਦੇ ਹਨ।

ਸਿਹਤ ਦਾ ਖਰਚਾ—ਇੱਕ ਅਚਾਨਕ ਆਉਣ ਵਾਲਾ ਸੰਕਟ

ਮੱਧਵਰਗ ਲਈ ਸਭ ਤੋਂ ਵੱਡੀ ਵਿੱਤੀ ਅਸੁਰੱਖਿਆ ਸਿਹਤ ਨਾਲ ਜੁੜੀ ਹੈ। ਇੱਕ ਗੰਭੀਰ ਬਿਮਾਰੀ, ਹਾਦਸਾ ਜਾਂ ਹਸਪਤਾਲ ਵਿੱਚ ਦਾਖ਼ਲਾ ਪਰਿਵਾਰ ਦੇ ਸਾਲਾਂ ਦੇ ਬਜਟ ਨੂੰ ਇੱਕ ਝਟਕੇ ਵਿੱਚ ਪ੍ਰਭਾਵਿਤ ਕਰ ਸਕਦਾ ਹੈ।

ਇਸ ਲਈ ਸਿਹਤ ਬੀਮਾ ਅਤੇ ਐਮਰਜੈਂਸੀ ਫੰਡ ਹੁਣ ਵਿਲਾਸਤਾ ਨਹੀਂ ਰਹੇ, ਸਗੋਂ ਪਰਿਵਾਰਕ ਵਿੱਤੀ ਸੁਰੱਖਿਆ ਦਾ ਜ਼ਰੂਰੀ ਹਿੱਸਾ ਬਣ ਰਹੇ ਹਨ। ਪਰ ਕਈ ਪਰਿਵਾਰ ਆਪਣੀ ਸੀਮਤ ਆਮਦਨ ਕਾਰਨ ਇਨ੍ਹਾਂ ਲਈ ਵੀ ਵੱਖਰੀ ਰਕਮ ਨਹੀਂ ਕੱਢ ਸਕਦੇ।



EMI ਦਾ ਵਧਦਾ ਦਬਾਅ

ਅੱਜ ਮੱਧਵਰਗ ਲਈ ਆਪਣਾ ਘਰ ਬਣਾਉਣਾ ਜਾਂ ਖਰੀਦਣਾ ਵੱਡਾ ਸੁਪਨਾ ਹੈ। ਪਰ ਮਕਾਨ, ਕਾਰ, ਸਿੱਖਿਆ ਜਾਂ ਹੋਰ ਲੋੜਾਂ ਲਈ ਲਏ ਕਰਜ਼ਿਆਂ ਦੀਆਂ ਮਹੀਨਾਵਾਰ ਕਿਸ਼ਤਾਂ ਆਮਦਨ ਦਾ ਵੱਡਾ ਹਿੱਸਾ ਖਾ ਜਾਂਦੀਆਂ ਹਨ।

ਕਿਸ਼ਤਾਂ ਦੀ ਜ਼ਿੰਮੇਵਾਰੀ ਦੇ ਨਾਲ-ਨਾਲ ਪਰਿਵਾਰ ਨੂੰ ਰੋਜ਼ਾਨਾ ਦੇ ਖਰਚੇ ਵੀ ਪੂਰੇ ਕਰਨੇ ਹੁੰਦੇ ਹਨ। ਇਸ ਕਾਰਨ ਕਈ ਵਾਰ ਤਨਖਾਹ ਵਧਣ ਦੇ ਬਾਵਜੂਦ ਪਰਿਵਾਰ ਨੂੰ ਵਿੱਤੀ ਸੁੱਖ ਮਹਿਸੂਸ ਨਹੀਂ ਹੁੰਦਾ।


ਇੰਜੀ. ਅਸ਼ੋਕ ਗਰੋਵਰ
ਪਰਮਵੀਰ ਹਾਊਸ,
ਆਦਰਸ਼ ਨਗਰ, ਬਠਿੰਡਾ

ਬਚਤ ਦਾ ਸੁਪਨਾ ਕਿਉਂ ਅਧੂਰਾ ਰਹਿ ਜਾਂਦਾ ਹੈ?

ਹਰ ਮੱਧਵਰਗੀ ਪਰਿਵਾਰ ਚਾਹੁੰਦਾ ਹੈ ਕਿ ਉਸ ਕੋਲ ਐਮਰਜੈਂਸੀ ਲਈ ਪੈਸਾ ਹੋਵੇ, ਬੱਚਿਆਂ ਦੀ ਉੱਚ ਸਿੱਖਿਆ ਲਈ ਫੰਡ ਹੋਵੇ ਅਤੇ ਬੁਢਾਪੇ ਲਈ ਵੀ ਸੁਰੱਖਿਅਤ ਰਕਮ ਹੋਵੇ। ਪਰ ਜਦੋਂ ਮਹੀਨੇ ਦੀ ਆਮਦਨ ਵਿੱਚੋਂ ਜ਼ਰੂਰੀ ਖਰਚੇ ਕੱਢਣ ਤੋਂ ਬਾਅਦ ਬਹੁਤ ਥੋੜ੍ਹੀ ਰਕਮ ਬਚੇ ਤਾਂ ਲੰਬੇ ਸਮੇਂ ਦੀ ਬਚਤ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਇੱਥੇ ਇੱਕ ਹੋਰ ਸਮਾਜਿਕ ਪੱਖ ਵੀ ਹੈ। ਮੱਧਵਰਗ ਆਪਣੀ ਜੀਵਨ-ਸ਼ੈਲੀ ਨੂੰ ਪੂਰੀ ਤਰ੍ਹਾਂ ਹੇਠਾਂ ਨਹੀਂ ਲਿਆਉਣਾ ਚਾਹੁੰਦਾ, ਕਿਉਂਕਿ ਬੱਚਿਆਂ ਦੀਆਂ ਸਮਾਜਿਕ ਅਤੇ ਸਿੱਖਿਆ ਸੰਬੰਧੀ ਲੋੜਾਂ ਵੀ ਹਨ। ਵਿਆਹ, ਤਿਉਹਾਰ, ਸਮਾਜਿਕ ਸਮਾਗਮ ਅਤੇ ਰਿਸ਼ਤੇਦਾਰੀ ਦੀਆਂ ਜ਼ਿੰਮੇਵਾਰੀਆਂ ਵੀ ਇਸ ਬਜਟ ਦਾ ਹਿੱਸਾ ਹਨ।

ਸੋਸ਼ਲ ਮੀਡੀਆ ਨੇ ਵਧਾਈ ਖਪਤ ਦੀ ਦੌੜ

ਅੱਜ ਮੱਧਵਰਗ ’ਤੇ ਇੱਕ ਹੋਰ ਦਬਾਅ ਹੈ—ਦਿਖਾਵੇ ਦਾ। ਸੋਸ਼ਲ ਮੀਡੀਆ ਨੇ ਲੋਕਾਂ ਨੂੰ ਦੂਜਿਆਂ ਦੀ ਜੀਵਨ-ਸ਼ੈਲੀ ਨਾਲ ਲਗਾਤਾਰ ਤੁਲਨਾ ਕਰਨ ਦੀ ਆਦਤ ਪਾ ਦਿੱਤੀ ਹੈ। ਮਹਿੰਗੇ ਮੋਬਾਈਲ, ਕਾਰਾਂ, ਵਿਦੇਸ਼ੀ ਯਾਤਰਾਵਾਂ, ਵੱਡੇ ਸਮਾਗਮ ਅਤੇ ਸ਼ਾਨਦਾਰ ਜੀਵਨ-ਸ਼ੈਲੀ ਦੀਆਂ ਤਸਵੀਰਾਂ ਦੇਖ ਕੇ ਕਈ ਵਾਰ ਪਰਿਵਾਰ ਆਪਣੀ ਆਮਦਨ ਤੋਂ ਵੱਧ ਖਰਚ ਕਰਨ ਲਈ ਮਜਬੂਰ ਮਹਿਸੂਸ ਕਰਦੇ ਹਨ।

ਇਸ ਦੌੜ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਬਚਤ ਅਤੇ ਜ਼ਰੂਰਤ ਦੀ ਥਾਂ ਦਿਖਾਵਾ ਮਹੱਤਵਪੂਰਨ ਬਣ ਜਾਂਦਾ ਹੈ।

ਬਜ਼ੁਰਗਾਂ ਦੀ ਸੁਰੱਖਿਆ ਵੀ ਵੱਡਾ ਸਵਾਲ

ਪਰਿਵਾਰ ਵਿੱਚ ਬਜ਼ੁਰਗ ਮਾਪਿਆਂ ਦੀਆਂ ਦਵਾਈਆਂ, ਇਲਾਜ ਅਤੇ ਰੋਜ਼ਾਨਾ ਲੋੜਾਂ ਦੀ ਜ਼ਿੰਮੇਵਾਰੀ ਵੀ ਮੱਧਵਰਗ ਦੇ ਮੋਢਿਆਂ ’ਤੇ ਹੁੰਦੀ ਹੈ। ਦੂਜੇ ਪਾਸੇ ਆਪਣੇ ਬੱਚਿਆਂ ਦੀ ਸਿੱਖਿਆ ਅਤੇ ਭਵਿੱਖ ਲਈ ਵੀ ਪੈਸਾ ਚਾਹੀਦਾ ਹੈ। ਇਸ ਤਰ੍ਹਾਂ ਮੱਧਵਰਗ ਦਾ ਇੱਕ ਕਮਾਉਣ ਵਾਲਾ ਵਿਅਕਤੀ ਅਕਸਰ ਇੱਕੋ ਸਮੇਂ ਤਿੰਨ ਪੀੜ੍ਹੀਆਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰਦਾ ਹੈ—ਆਪਣੇ ਬਜ਼ੁਰਗਾਂ ਦੀ ਸੰਭਾਲ, ਆਪਣੇ ਪਰਿਵਾਰ ਦੀਆਂ ਲੋੜਾਂ ਅਤੇ ਬੱਚਿਆਂ ਦਾ ਭਵਿੱਖ।

ਹੱਲ ਸਿਰਫ਼ ਖਰਚੇ ਘਟਾਉਣਾ ਨਹੀਂ

ਮੱਧਵਰਗ ਨੂੰ ਸਿਰਫ਼ ਇਹ ਕਹਿ ਦੇਣਾ ਕਿ “ਖਰਚੇ ਘੱਟ ਕਰੋ ਅਤੇ ਬਚਤ ਕਰੋ , ਸਮੱਸਿਆ ਦਾ ਪੂਰਾ ਹੱਲ ਨਹੀਂ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਆਮਦਨ ਅਤੇ ਮਹਿੰਗਾਈ ਵਿਚਲੇ ਫ਼ਰਕ ਨੂੰ ਸਮਝਿਆ ਜਾਵੇ। ਰੋਜ਼ਗਾਰ ਦੇ ਮੌਕੇ ਵਧਣ, ਹੁਨਰ ਵਿਕਾਸ ਨੂੰ ਉਤਸ਼ਾਹ ਮਿਲੇ, ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਵਾਜਬ ਕੀਮਤ ’ਤੇ ਮਿਲਣ ਅਤੇ ਪਰਿਵਾਰਾਂ ਨੂੰ ਵਿੱਤੀ ਯੋਜਨਾਬੰਦੀ ਬਾਰੇ ਜਾਗਰੂਕ ਕੀਤਾ ਜਾਵੇ।

ਪਰਿਵਾਰਕ ਪੱਧਰ ’ਤੇ ਵੀ ਹਰ ਘਰ ਨੂੰ ਆਪਣੀ ਆਮਦਨ ਅਨੁਸਾਰ ਬਜਟ ਬਣਾਉਣਾ, ਗੈਰ-ਜ਼ਰੂਰੀ ਕਰਜ਼ਿਆਂ ਤੋਂ ਬਚਣਾ, ਐਮਰਜੈਂਸੀ ਫੰਡ ਬਣਾਉਣਾ ਅਤੇ ਬੁਢਾਪੇ ਲਈ ਨਿਯਮਤ ਬਚਤ ਕਰਨੀ ਚਾਹੀਦੀ ਹੈ।

ਮੱਧਵਰਗ ਦੀ ਮਜ਼ਬੂਤੀ ਹੀ ਸਮਾਜ ਦੀ ਮਜ਼ਬੂਤੀ

ਮੱਧਵਰਗ ਕਿਸੇ ਵੀ ਦੇਸ਼ ਦੀ ਆਰਥਿਕਤਾ ਦੀ ਮਹੱਤਵਪੂਰਨ ਕੜੀ ਹੈ। ਇਹ ਵਰਗ ਮਿਹਨਤ ਕਰਦਾ ਹੈ, ਟੈਕਸ ਅਦਾ ਕਰਦਾ ਹੈ, ਬੱਚਿਆਂ ਨੂੰ ਪੜ੍ਹਾਉਂਦਾ ਹੈ, ਘਰ ਬਣਾਉਂਦਾ ਹੈ ਅਤੇ ਦੇਸ਼ ਦੀ ਅਰਥਵਿਵਸਥਾ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ।

ਇਸ ਲਈ ਮੱਧਵਰਗ ਦੀਆਂ ਆਰਥਿਕ ਚਿੰਤਾਵਾਂ ਨੂੰ ਸਿਰਫ਼ ਨਿੱਜੀ ਪਰਿਵਾਰਕ ਮਸਲਾ ਸਮਝਣਾ ਠੀਕ ਨਹੀਂ। ਇਹ ਵੱਡਾ ਸਮਾਜਿਕ ਅਤੇ ਆਰਥਿਕ ਮੁੱਦਾ ਹੈ। ਅੰਤ ਵਿੱਚ ਸਵਾਲ ਸਿਰਫ਼ ਇਹ ਨਹੀਂ ਕਿ ਇੱਕ ਮੱਧਵਰਗੀ ਪਰਿਵਾਰ ਮਹੀਨੇ ਵਿੱਚ ਕਿੰਨਾ ਕਮਾਉਂਦਾ ਹੈ। ਅਸਲ ਸਵਾਲ ਇਹ ਹੈ ਕਿ ਸਾਰੀਆਂ ਜ਼ਰੂਰੀ ਜ਼ਿੰਮੇਵਾਰੀਆਂ ਨਿਭਾਉਣ ਤੋਂ ਬਾਅਦ ਉਸ ਕੋਲ ਆਪਣੇ ਭਵਿੱਖ ਲਈ ਕਿੰਨਾ ਬਚਦਾ ਹੈ। ਜੇ ਇੱਕ ਪਰਿਵਾਰ ਸਾਰੀ ਉਮਰ ਕਮਾਉਂਦਾ ਰਹੇ ਪਰ ਬੁਢਾਪੇ ਵਿੱਚ ਵੀ ਆਰਥਿਕ ਸੁਰੱਖਿਆ ਲਈ ਚਿੰਤਤ ਰਹੇ, ਤਾਂ ਇਹ ਸਿਰਫ਼ ਉਸ ਪਰਿਵਾਰ ਦੀ ਨਹੀਂ, ਸਗੋਂ ਸਾਡੇ ਸਮਾਜ ਅਤੇ ਆਰਥਿਕ ਪ੍ਰਣਾਲੀ ਲਈ ਵੀ ਸੋਚਣ ਵਾਲੀ ਗੱਲ ਹੈ। ਮੱਧਵਰਗ ਨੂੰ ਸਿਰਫ਼ ਖਰਚੇ ਘਟਾਉਣ ਦੀ ਨਹੀਂ, ਬਲਕਿ ਆਰਥਿਕ ਤੌਰ ’ਤੇ ਸੁਰੱਖਿਅਤ ਅਤੇ ਸਨਮਾਨਜਨਕ ਜੀਵਨ ਜੀਊਣ ਦੀ ਲੋੜ ਹੈ।

ਅਧਿਆਪਕ ਵਿਦਿਆਰਥੀ ਦੇ ਚੰਗੇ ਸੰਬੰਧਾਂ ਦੀ ਮਹੱਤਤਾ ਲਈ ਸਿੱਖਿਆ

ਅਧਿਆਪਕ ਦਾ ਮਾਰਗਦਰਸ਼ਨ-
ਵਿਦਿਆਰਥੀ ਦੀ ਉਡਾਣ
“ਅਧਿਆਪਕ-ਵਿਦਿਆਰਥੀ ਦਾ ਰਿਸ਼ਤਾ ਸਿਰਫ਼ ਕਲਾਸਰੂਮ ਤੱਕ ਸੀਮਿਤ ਨਹੀਂ; ਇਹ ਭਵਿੱਖ ਨਿਰਮਾਣ ਦਾ ਰਿਸ਼ਤਾ ਹੈ।

ਸਿੱਖਿਆ ਸੰਸਾਰ ਦਾ ਕੇਂਦਰ ਬਿੰਦੂ ਅਧਿਆਪਕ ਹੈ। ਅਧਿਆਪਕ ਤੇ ਵਿਦਿਆਰਥੀ ਦਾ ਰਿਸ਼ਤਾ ਸਭ ਤੋਂ ਪਵਿੱਤਰ, ਪ੍ਰਭਾਵਸ਼ਾਲੀ ਅਤੇ ਮਹੱਤਵਪੂਰਨ ਹੈ। ਇਹ ਸਬੰਧ ਸਿਰਫ ਕਿਤਾਬੀ ਗਿਆਨ ਲੈਣ ਤੱਕ ਹੀ ਸੀਮਤ ਨਹੀਂ ,ਬਲਕਿ ਵਿਦਿਆਰਥੀ ਦੀ ਸ਼ਖਸ਼ੀਅਤ, ਚਰਿੱਤਰ ਅਤੇ ਨੈਤਿਕ ਗੁਣਾਂ ਦਾ ਨਿਰਮਾਣ ਕਰਨ ਦਾ ਸਰੋਤ ਹਨ। ਭਾਰਤ ਦੀ ਪ੍ਰਾਚੀਨ ਸੱਭਿਅਤਾ ਵਿੱਚ ਅਧਿਆਪਕ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਉਹ ਵਿਦਿਆਰਥੀ ਨੂੰ ਆਗਿਆਨਤਾ ਦੇ ਹਨੇਰੇ ਵਿੱਚੋਂ ਕੱਢ ਕੇ ਗਿਆਨ ਦੇ ਚਾਨਣ ਵੱਲ ਲੈ ਕੇ ਜਾਂਦਾ ਹੈ। ਪੁਰਾਤਨ ਕਾਲ ਵਿੱਚ ਗੁਰੂ ਚੇਲੇ ਦੀ ਪਰੰਪਰਾ ਸੀ। ਬੱਚੇ ਘਰ ਛੱਡ ਕੇ ਗੁਰੂਕੁਲ ਵਿੱਚ ਰਹਿੰਦੇ ਸਨ ਉਹ ਗੁਰੂ ਦੀ ਸੇਵਾ ਕਰਦੇ ਸਨ ਅਤੇ ਉਹ ਵਿਦਿਆਰਥੀ ਨੂੰ ਆਗਿਆਨਤਾ ਦੇ ਹਨੇਰੇ ਵਿੱਚੋਂ ਕੱਢ ਕੇ ਗਿਆਨ ਦੇ ਚਾਨਣ ਵੱਲ ਲੈ ਕੇ ਜਾਂਦਾ ਸੀ। ਅਧਿਆਪਕ ਦਾ ਰਿਸ਼ਤਾ ਸਤਿਕਾਰ ਅਤੇ ਸਨਮਾਨ ਦਾ ਸਬੰਧ ਹੈ, ਤਾਂ ਹੀ ਤਾਂ ਕਿਹਾ ਜਾਂਦਾ ਹੈ ਕਿ -ਗੁਰ ਬਿਨਾ ਗਿਆਨ ਨਹੀਂ, ਤੇ ਗਿਆਨ ਬਿਨਾਂ ਜੀਵਨ ਨਹੀਂ।

ਅਧਿਆਪਕ ਨੂੰ ਉਸਾਰੂ ਸਮਾਜ ਅਤੇ ਰਾਸ਼ਟਰ ਦਾ ਨਿਰਮਾਤਾ ਕਿਹਾ ਜਾਂਦਾ ਹੈ। ਅਧਿਆਪਕ ਵੱਲੋਂ ਹੀ ਦੁਨੀਆਂ ਨੂੰ ਤਰੱਕੀ ਦੇ ਰਾਹ ਤੇ ਲੈ ਕੇ ਜਾਣ ਵਾਲੀ ਪੀੜੀ ਤਿਆਰ ਕੀਤੀ ਜਾਂਦੀ ਹੈ। ਚੰਗੇ ਅਧਿਆਪਕ ਦਾ ਕੰਮ ਸਿਰਫ਼ ਸਾਖਰਤਾ ਦਰ ਵਧਾਉਣੀ, ਕਿਤਾਬੀ ਗਿਆਨ ਦੇਣਾ, ਵੱਧ ਤੋਂ ਵੱਧ ਬੱਚਿਆਂ ਨੂੰ ਪਾਸ ਕਰਵਾਉਣਾ ਜਾਂ ਮੈਰਿਟ ਵਿੱਚ ਲਿਆਉਣ ਤੱਕ ਸੀਮਤ ਨਹੀਂ ?। ਬਲਕਿ ਇੱਕ ਮਿੱਤਰ, ਦਾਰਸ਼ਨਿਕ ਅਤੇ ਨਿਰਦੇਸ਼ਕ ਦੇ ਰੂਪ ਵਿੱਚ ਵਿਦਿਆਰਥੀ ਦਾ ਸਰੀਰਕ, ਮਾਨਸਿਕ, ਸਮਾਜਿਕ, ਭਾਵਨਾਤਮਕ ਅਤੇ ਨੈਤਿਕ ਵਿਕਾਸ ਕਰਕੇ ਉਸ ਨੂੰ ਮੰਜ਼ਿਲ ਤੱਕ ਪਹੁੰਚਾਉਣ ਵਿੱਚ ਮਦਦ ਕਰਨਾ ਵੀ ਹੁੰਦਾ ਹੈ।

ਇਸ ਮਹੱਤਤਾ ਨੂੰ ਦੇਖਦੇ ਹੋਏ ਭਗਤ ਕਬੀਰ ਜੀ ਨੇ ਗੁਰੂ ਦੀ ਮਹੱਤਤਾ ਦਰਸਾਉਂਦੇ ਕਿਹਾ-

ਗੁਰੂ ਗੋਬਿੰਦ ਦੋਊ ਖੜੇ ਕਾਕੇ ਲਾਗੂ ਪਾਏ,
ਬਲਿਹਾਰੀ ਗੁਰ ਆਪਣੇ ਗੋਬਿੰਦ ਦੀਓ ਮਿਲਾਏ।

ਅਰਥਾਤ ਸੰਸਾਰ ਵਿੱਚ ਇਸ਼ਵਰ ਤੋਂ ਵੀ ਉੱਚਾ ਦਰਜਾ ਗੁਰੂ ਨੂੰ ਦਿੱਤਾ ਗਿਆ ਹੈ।


ਭਾਰਤ ਦੇ ਗੌਰਵਮਈ ਇਤਿਹਾਸ ਵਿੱਚ ਅਧਿਆਪਕ/ ਗੁਰੂ -ਚੇਲੇ ਦੇ ਰਿਸ਼ਤੇ ਦੀ ਮਹਾਨਤਾ ਨੂੰ ਦਰਸਾਉਣ ਲਈ ਅੱਜ ਵੀ ਦਰੋਣਾਚਾਰੀਆ ਤੇ ਚਾਣਕਿਆ ਵਰਗੇ ਗੁਰੂ ਦੀ ਦੀਆਂ ਸਿੱਖਿਆ ਦੀਆਂ ਉਦਾਹਰਨਾਂ ਬੜੇ ਮਾਣ ਨਾਲ ਦਿੱਤੀਆਂ ਜਾਂਦੀਆਂ ਹਨ। ਆਧੁਨਿਕ ਯੁੱਗ ਵਿੱਚ ਡਾ ਏ. ਪੀ. ਜੇ ਅਬਦੁਲ ਕਲਾਮ, ਪ੍ਰੋਫ਼ੈਸਰ ਯਸ਼ਪਾਲ ਅਤੇ ਡਾ.ਸਰਵਪੱਲੀ ਰਾਧਾ ਕ੍ਰਿਸ਼ਨਨ ਜੀ ਵਰਗੀਆਂ ਉੱਚ ਕੋਟੀ ਦੀਆਂ ਸ਼ਖਸੀਅਤਾਂ ਨੂੰ ਵੀ ਇੱਕ ਆਦਰਸ਼ ਅਧਿਆਪਕ ਵਜੋਂ ਯਾਦ ਕੀਤਾ ਜਾਂਦਾ ਹੈ।

ਮਾਤਾ ਪਿਤਾ ਬੱਚੇ ਨੂੰ ਜਨਮ ਦਿੰਦੇ ਹਨ। ਪਰੰਤੂ ਅਧਿਆਪਕ ਬੱਚੇ ਨੂੰ ਚੰਗਾ ਇਨਸਾਨ ਬਣਾਉਣ ਅਤੇ ਉਸਦੇ ਉਜਵੱਲ ਭਵਿੱਖ ਲਈ ਵਡਮੁੱਲਾ ਯੋਗਦਾਨ ਪਾਉਂਦੇ ਹਨ। ਅਰਥਾਤ ਅਧਿਆਪਕ ਇਨਸਾਨ ਦੀ ਜ਼ਿੰਦਗੀ ਰੂਪੀ ਵਿਸ਼ਾਲ ਇਮਾਰਤ ਦੀ ਨੀਂਹ ਦਾ ਪੱਥਰ ਰੱਖਣ ਦਾ ਕੰਮ ਕਰਦਾ ਹੈ।

ਚੰਗੇ ਅਧਿਆਪਕ ਦੀ ਅਣਹੋਂਦ ਨਾਲ ਬੇਹਤਰੀਨ ਸਿੱਖਿਆ ਵਿਧੀਆਂ ਵੀ ਅਸਫ਼ਲ ਹੋ ਜਾਂਦੀਆਂ ਹਨ?। ਜਦ ਕਿ ਚੰਗੇ ਅਧਿਆਪਕ ਦੀ ਹੋਂਦ ਸਿੱਖਿਆ ਪ੍ਰਣਾਲੀ ਦੇ ਸਭ ਦੋਸ਼ਾਂ ਨੂੰ ਵੀ ਬਹੁਤ ਹੱਦ ਤੱਕ ਦੂਰ ਕਰ ਦਿੰਦੇ ਹਨ। ਅਧਿਆਪਕ ਉਹ ਦੀਵਾ ਹੈ, ਜੋ ਖੁਦ ਜਲ ਕੇ ਦੂਜਿਆਂ ਨੂੰ ਰੋਸ਼ਨੀ ਦਿੰਦਾ ਹੈ ਅਤੇ ਵਿਦਿਆਰਥੀ ਉਹ ਕੋਰਾ ਕਾਗਜ਼ ਹੈ ,ਜਿਸ ਤੇ ਲਿਖੀ ਇਬਾਰਤ ਦੇਸ਼ ਦਾ ਭਵਿੱਖ ਤੈਅ ਕਰਦੀ ਹੈ।



ਅਧਿਆਪਕ ਅਤੇ ਵਿਦਿਆਰਥੀ ਦੇ ਸੰਬੰਧਾਂ ਦੀ ਇੰਨੀ ਮਹੱਤਤਾ ਹੋਣ ਦੇ ਬਾਵਜੂਦ ਵੀ ਅਜੋਕੇ ਪਦਾਰਥਵਾਦੀ ਯੁੱਗ ਵਿੱਚ ਅਧਿਆਪਕ ਦੇ ਸਤਿਕਾਰ ਵਿੱਚ ਕਮੀ ਆਈ ਹੈ। ਇਸ ਪਵਿੱਤਰ ਰਿਸ਼ਤੇ ਵਿੱਚ ਤਰੇੜ ਪੈਦਾ ਹੁੰਦੀ ਨਜ਼ਰ ਆ ਰਹੀ ਹੈ। ਸਿੱਖਿਆ ਦੇ ਵਪਾਰੀਕਰਨ ਦੇ ਦੌਰ ਵਿੱਚ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਸਿਰਫ ਫੀਸ -ਲੈਕਚਰ -ਨੋਟਿਸ ਤੱਕ ਸੀਮਤ ਹੋ ਕੇ ਰਹਿ ਜਾਂਦਾ ਹੈ।


ਡਾ. ਸਤਿੰਦਰ ਸਿੰਘ
(ਪੀ ਈ.ਐਸ)
ਉਪ ਜ਼ਿਲ੍ਹਾ ਸਿੱਖਿਆ ਅਫ਼ਸਰ
(ਸੈਕੰਡਰੀ), ਫਿਰੋਜ਼ਪੁਰ
ਸਟੇਟ ਅਤੇ ਨੈਸ਼ਨਲ ਅਵਾਰਡੀ
ਧਵਨ ਕਲੋਨੀ ਫਿਰੋਜ਼ਪੁਰ।

ਸੋਸ਼ਲ ਮੀਡੀਆ, ਆਨਲਾਈਨ ਸਿੱਖਿਆ ਅਤੇ ਵੱਧਦੇ ਪੱਛਮੀ ਪ੍ਰਭਾਵ ਦੇ ਕਾਰਨ ਅਨੇਕਾਂ ਵਾਰ ਅਧਿਆਪਕਾਂ ਪ੍ਰਤੀ ਸਤਿਕਾਰ ਅਤੇ ਅਨੁਸ਼ਾਸਨ ਦੀ ਕਮੀ ਆਮ ਦੇਖੀ ਜਾਂਦੀ ਹੈ । ਇਸ ਦੌਰ ਵਿੱਚ ਸਿੱਖਿਆ ਦੇ ਮੰਦਰਾਂ ਵਿੱਚ ਅਨੁਸ਼ਾਸ਼ਨਹੀਣਤਾ ਵਧੀ ਹੈ ,ਮਨੁੱਖੀ ਕਦਰਾਂ ਕੀਮਤਾਂ ਵਿੱਚ ਭਾਰੀ ਕਮੀ ਆਈ ਹੈ, ਇਨਸਾਨੀ ਸ਼ਖਸ਼ੀਅਤ ਦਾ ਮਿਆਰ ਵੀ ਨੀਵਾਂ ਹੋਇਆ ਹੈ।

ਅੱਜ ਸਿੱਖਿਆ ਦਾ ਮੁੱਖ ਉਦੇਸ਼ ਨੀਟ ਅਤੇ ਜੇ.ਈ. ਈ ਵਰਗੇ ਟੈਸਟ ਚੰਗੇ ਰੈਂਕ ਨਾਲ ਪਾਸ ਕਰਨਾ ਅਤੇ ਡਾਕਟਰ ਜਾ ਆਈ.ਆਈ.ਟੀ ਪਾਸ ਇੰਜੀਨੀਅਰ ਬਣਨਾ ਹੈ। ਇਸ ਤੋਂ ਇਲਾਵਾ ਸਿਵਲ ਸੇਵਾਵਾਂ ਅਤੇ ਹੋਰ ਮਹੱਤਵਪੂਰਨ ਸਰਕਾਰੀ ਮਹਿਕਮੇ ਵਿੱਚ ਭਰਤੀ ਹੋਣਾ ਅਤੇ ਵੱਧ ਤੋਂ ਵੱਧ ਪੈਸੇ ਕਮਾਉਣ ਦੀ ਅੰਨੀ ਦੌੜ ਵਿੱਚ ਸ਼ਾਮਿਲ ਹੋਣਾ ਹੈ। ਵੱਧਦੇ ਮੁਕਾਬਲੇ ਦੀ ਇਸ ਅੰਨੀ ਦੌੜ ਨੇ ਵਿਦਿਆਰਥੀ ਵਰਗ ਵਿੱਚ ਤਣਾਓ ਦੀ ਫਸਲ ਬੀਜ ਦਿੱਤੀ ਹੈ । ਜਿਸ ਸਿੱਖਿਆ ਨੇ ਸ਼ਖਸ਼ੀਅਤ ਦਾ ਨਿਰਮਾਣ ਕਰਨਾ ਸੀ , ਚੰਗਾ ਵਿਵਹਾਰ ਪੈਦਾ ਕਰਨ ਵਿੱਚ ਮਦਦ ਕਰਨੀ ਸੀ?। ਉਸੇ ਸਿੱਖਿਆ ਦੇ ਕਾਰਨ ਵਿਦਿਆਰਥੀ ਵਿੱਚ ਤਨਾਅ ਆਇਆ ਅਤੇ ਆਤਮ ਹੱਤਿਆ ਵਰਗੇ ਗੰਭੀਰ ਕਦਮ ਵੀ ਚੁੱਕਣ ਲੱਗਿਆ ਅਜਿਹੇ ਹਾਲਾਤ ਵਿੱਚ ਅਧਿਆਪਕ ਵਿਦਿਆਰਥੀ ਦੇ ਸੰਬੰਧਾਂ ਵਿੱਚ ਤਰੇੜ ਆਉਣਾ ਸੁਭਾਵਿਕ ਹੈ?। ਅਜਿਹੇ ਸਮੇਂ ਅਧਿਆਪਕ ਵਰਗ ਦੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ?। ਉਹ ਵਿਦਿਆਰਥੀ ਨੂੰ ਖ਼ੁਦਗਰਜ ਅਤੇ ਸਵਾਰਥੀ ਬਣਨ ਤੋਂ ਰੋਕਣ, ਦੇਸ਼ ਦੇ ਮੌਜੂਦਾ ਦੌਰ ਦੇ ਮੁੱਦਿਆਂ ਬਾਰੇ ਆਲੋਚਨਾਤਮਕ ਤੌਰ ਤੇ ਸੋਚਣ ਲਈ ਉਤਸਾਹਿਤ ਕਰਨ ਅਤੇ ਚੰਗਾ ਇਨਸਾਨ ਬਣਨ ਲਈ ਪ੍ਰੇਰਿਤ ਕਰੇ?।

ਮੌਜੂਦਾ ਦੌਰ ਵਿੱਚ ਅਧਿਆਪਕ ਦਾ ਬਦਲ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰੰਤੂ ਕੋਈ ਕਿਤਾਬ, ਕੰਪਿਊਟਰ, ਦਸਤਾਵੇਜ਼ ,ਯੂ ਟਿਊਬ ਜਾਂ ਮੋਬਾਈਲ ਐਪ ਅਧਿਆਪਕ ਦਾ ਬਦਲ ਨਹੀਂ ਹੋ ਸਕਦਾ। ਇੰਟਰਨੈਟ, ਸਮਾਰਟਫੋਨ,ਗੂਗਲ, ਸਮਾਰਟ ਕਲਾਸ ਰੂਮ ਜਾਣਕਾਰੀ ਦੇਣ ਦੇ ਪੱਖੋਂ ਤਾਂ ਕੁਝ ਹੱਦ ਤੱਕ ਬਿਹਤਰ ਹੋ ਸਕਦੇ ਹਨ। ਇਹ ਥੋੜੇ ਸਮੇਂ ਦੀ ਸਿੱਖਿਆ ਲਈ ਤਾਂ ਸਹਾਈ ਹੋ ਸਕਦੇ ਹਨ ?। ਪਰੰਤੂ ਲੰਬੇ ਸਮੇਂ ਲਈ ਇਹ ਲਾਹੇਵੰਦ ਨਹੀਂ, ਇਹ ਸਭ ਮਸ਼ੀਨਾਂ ਹਨ। ਬੱਚੇ ਦੇ ਪੱਖੀ ਵਿਕਾਸ ਲਈ ਲੋੜੀਦੀਆਂ ਕਦਰਾਂ ਕੀਮਤਾਂ ਜਿਵੇਂ ਕਿ ਪਿਆਰ, ਸਨੇਹ, ਲਗਾਅ, ਹਮਦਰਦੀ ਅਤੇ ਤਿਆਗ ਸਿਰਫ ਅਧਿਆਪਕ ਤੋਂ ਹੀ ਮਿਲ ਸਕਦਾ ਹੈ?। ਜੇ ਅਧਿਆਪਕ ਬਚੇਗਾ ਤਾਂ ਦੇਸ਼ ਬਚੇਗਾ।

ਗੁਰੂ ਅੰਗਦ ਦੇਵ ਜੀ ਫਰਮਾਉਂਦੇ ਹਨ-
ਜੇ ਸੌ ਚੰਦਾ ਉਗਵੈ ਸੂਰਜ ਚੜੈ ਹਜਾਰ ।
ਏਤੇ ਚਾਨਣ ਹੁੰਦਿਆਂ ਗੁਰ ਬਿਨ ਘੋਰ ਅੰਧਾਰ।

ਅਧਿਆਪਕ ਖੁਦ ਵੀ ਆਦਰਸ਼ ਗੁਣਾਂ ਦਾ ਧਾਰਨੀ ਬਣੇ ਅਤੇ ਚੰਗਾ ਰੋਲ ਮਾਡਲ ਬਣ ਕੇ ਵਿਚਰੇ। ਜਦੋਂ ਅਧਿਆਪਕ ਪ੍ਰੇਰਨਾ ਸਰੋਤ ਤੇ ਰੋਲ ਮਾਡਲ ਬਣਦੇ ਹਨ ਅਤੇ ਵਿਦਿਆਰਥੀ ਸਨਮਾਨ, ਸਤਿਕਾਰ, ਵਿਸ਼ਵਾਸ, ਮਿਹਨਤ ਤੇ ਲਗਨ ਨਾਲ ਨਿਯਮਤ ਰੂਪ ਵਿੱਚ ਸਿੱਖਦੇ ਹਨ ਤਾਂ ਹੀ ਸਿੱਖਿਆ ਦੇ ਅਸਲ ਉਦੇਸ਼ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਹਰ ਵਿਦਿਅਕ ਸੰਸਥਾ ਵਿੱਚ ਅਧਿਆਪਕ -ਵਿਦਿਆਰਥੀ ਰਿਸ਼ਤੇ ਨੂੰ ਮਜਬੂਤ ਬਣਾਉਣਾ ਸਮੇਂ ਦੀ ਵੱਡੀ ਜ਼ਰੂਰਤ ਹੈ। “ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਗਿਆਨ ਦੇਣ ਅਤੇ ਲੈਣ ਤੋਂ ਕਿਤੇ ਵੱਧ ਹੈ; ਇਹ ਵਿਸ਼ਵਾਸ, ਸਤਿਕਾਰ ਅਤੇ ਪ੍ਰੇਰਣਾ ਰਾਹੀਂ ਇੱਕ ਬਿਹਤਰ ਭਵਿੱਖ ਦੀ ਸਿਰਜਣਾ ਦਾ ਰਿਸ਼ਤਾ ਹੈ।

ਸੰਪਾਦਕ-ਦਵਿੰਦਰ ਕੁਮਾਰ ਨੇ ਪ੍ਰਿੰਟਰ, ਇੰਮਪ੍ਰੈਸ਼ਨ ਪ੍ਰਿੰਟਿਗ ਅਤੇ ਪੈਕਿੰਗ ਲਿਮਿਟਿਡ, ਪਲਾਟ 22 ਅਤੇ 49 ਜੀਐਫ਼, ਇੰਡਰਸਟਰੀ ਏਰੀਆ, ਫ਼ੇਸ-2 ਪੰਚਕੂਲਾ (ਹਰਿਆਣਾ) ਤੋਂ ਪ੍ਰਕਾਸ਼ਿਤ Title code : CHAMUL00914
Editor-Davinder Kumar printed at Impression Printing & Packaging Ltd.Plot 22 & 49GF, Industrial Area, Phase-2 Panchkula(Haryana)-134115

ਕਾਵਿਕਤਾ ਅਤੇ ਕਲਪਨਾ ਦੀ ਸਤਰੰਗੀ ਪੀਂਘ-ਛਿਲਤਰ

ਜਸਪਾਲ ਸੰਧੂ ਕਾਵਿ ਖੇਤਰ ਵਿੱਚ ਬੇਸ਼ੱਕ ਕੋਈ ਬਹੁਤਾ ਪੁਰਾਣਾ ਨਾਮ ਨਹੀਂ ਹੈ ਪਰ ਆਪਣੀ ਸਾਰਥਕ ਸ਼ਾਇਰੀ ਸਦਕਾ ਜਸਪਾਲ ਸੰਧੂ ਨੇ ਕਵਿਤਾ ਦੇ ਸਫ਼ਰ ਉੱਤੇ ਆਪਣਾ ਨਾਮ ਬਣਾਇਆ ਹੈ। "ਦੋਹਰੇ ਕਿਰਦਾਰ"ਅਤੇ "ਦੀ ਲਾਸਟ ਸਮਰ"ਨਾਮਕ ਪੁਸਤਕਾਂ ਦੇ ਸਿਰਜਣਹਾਰ ਜਸਪਾਲ ਸੰਧੂ ਨੂੰ ਸ਼ਾਇਰੀ ਦੀ ਚੋਖੀ ਸਮਝ ਹੈ। ਹਥਲੀ ਪੁਸਤਕ "ਛਿਲਤਰ"ਜ਼ਿੰਦਗੀ ਦੇ ਸੱਤ ਵੱਖ-ਵੱਖ ਰੰਗਾਂ ਨਾਲ ਰੰਗੀ ਸ਼ਾਇਰੀ ਦੀ ਕਿਤਾਬ ਹੈ। ਸ਼ਾਇਰ ਜ਼ਿੰਦਗੀ ਨੂੰ ਬਹੁਤ ਨੇੜਿਓਂ ਵੇਖਦਾ ਹੈ ਅਤੇ ਉਸ ਵਿੱਚੋਂ ਮਿਲੇ ਅਹਿਸਾਸ ਅਤੇ ਤਜੁਰਬਿਆਂ ਦੇ ਆਧਾਰ ਉੱਤੇ ਹੀ ਹਰਫ਼ ਸਜਾਉਂਦਾ ਹੈ। "ਛਿਲਤਰ"ਕਾਵਿ-ਸੰਗ੍ਰਹਿ ਵੀ ਅਜਿਹੇ ਹੀ ਸੂਖਮ ਅਹਿਸਾਸ ਨਾਲ ਭਿੱਜਿਆ ਹੋਇਆ ਹੈ। ਵੱਖ-ਵੱਖ ਸੰਕਲਪਾਂ, ਸ਼ਬਦਾਂ ਅਤੇ ਸਿਰਲੇਖਾਂ ਅਧੀਨ ਸਿਰਜੀ ਗਈ ਸ਼ਾਇਰੀ ਸੱਚ ਹੀ ਪੋਟੇ ਵਿੱਚ ਚੁੱਭੀ ਕਿਸੇ ਛਿਲਤਰ ਵਾਂਗਰ ਇੱਕ ਪੀੜ ਦਾ ਅਹਿਸਾਸ ਕਰਵਾਉਂਦੀ ਹੈ।

ਛਿਲਤਰ, ਬੁਝਾਰਤ, ਆਸ਼ਾ-ਕਿਰਣ, ਅਨੰਤ-ਅਮੁੱਕ, ਸੁਨੇਹੜੇ, ਲਲਕਾਰ ਅਤੇ ਅਰਪਣ ਸਿਰਲੇਖ ਅਧੀਨ ਭਿੰਨ-ਭਿੰਨ ਕਵਿਤਾਵਾਂ ਜ਼ਿੰਦਗੀ ਦੇ ਵੱਖ-ਵੱਖ ਤਜੁਰਬਿਆਂ ਦਾ ਸੁਹਜ ਸਵਾਦ ਦਿੰਦੀਆਂ ਹਨ।

ਗੱਲ ਸੁਣ ਮਹਿਰਮਾ ਵੇ
ਗੀਤਾਂ ਨੂੰ ਨਾ ਗਾਈਂ ਸਾਡੇ
ਅੱਥਰੇ ਜਿਹੇ ਚਾਵਾਂ ਤੋਂ ਲੁਕਾਈਂ ਵੇ
ਜਦੋਂ ਫ਼ੇਰ ਸਾਹਾਂ ਦੀ ਚੰਗੇਰ ਸਾਡੀ ਮੂਧੀ ਹੋਜੇ
ਚਾਨਣੀ ਦੇ ਦੇਸ ਲੈ ਕੇ ਜਾਈਂ ਵੇ


(**ਸਾਹਾਂ ਦੀ ਚੰਗੇਰ, ਪੰਨਾ** : 20)

ਸ਼ਾਇਰ ਜਸਪਾਲ ਸੰਧੂ ਦੀ ਸ਼ਾਇਰੀ ਇੱਕ ਪੀੜ ਦੇ ਅਹਿਸਾਸ ਨਾਲ ਜੁੜਦੀ ਹੈ। ਇਸ ਸ਼ਾਇਰੀ ਅੰਦਰ ਵਿਯੋਗ ਹੈ, ਉਡੀਕ ਹੈ, ਤੜਪ ਹੈ, ਕਸ਼ਿਸ਼ ਹੈ, ਹਿਰਖ ਹੈ ਅਤੇ ਜ਼ਖ਼ਮ ਹੈ। ਸ਼ਾਇਰ ਜਿਸ ਪੀੜ ਵਿੱਚੋਂ ਗੁਜ਼ਰਦਾ ਹੈ, ਆਪਣੇ ਪਾਠਕ ਨੂੰ ਉਸੇ ਅਹਿਸਾਸ ਦੇ ਰੂਬਰੂ ਵੀ ਕਰਵਾਉਂਦਾ ਹੈ। ਦੁੱਖ ਇੱਕ-ਇੱਕ ਕਰਕੇ ਖ਼?ਜ਼ਾਂ ਦੀ ਰੁੱਤ ਵਿੱਚ ਸੁੱਕੇ ਪੱਤਿਆਂ ਵਾਂਗਰ ਝੜਦੇ ਜਾਂਦੇ ਨੇ ਤੇ ਉਹਨਾਂ ਦੁੱਖਾਂ ਦੀ ਜਗ?ਹਾ ਇੱਕ ਹੋਰ ਨਵੀਂ ਪੀੜ ਪੁੰਗਰ ਆਉਂਦੀ ਹੈ। ਦੁੱਖ ਦੇ ਇਸ ਅਹਿਸਾਸ ਵਿੱਚੋਂ ਹੀ ਕੋਈ ਖ਼ੌਫ਼ਜ਼ਦਾ ਅਤੇ ਕੰਬਦਾ ਹੋਇਆ ਗੀਤ ਬੁੱਲ੍ਹਾਂ ਉੱਤੇ ਆ ਜਾਂਦਾ ਹੈ। ਫ਼?ਰ ਮਨ ਅੰਦਰਲੀ ਪਈ ਇਸ ਵਿੱਥ ਨੂੰ ਪੂਰਨਾ ਵੀ ਸ਼ਾਇਰ ਲਈ ਮੁਸ਼ਕਿਲ ਹੋ ਜਾਂਦਾ ਹੈ।

ਅੱਜ ਜਦ ਆਪਣੇ ਅੰਦਰ ਤੱਕਿਆ
ਭੰਨਘੜ ਹੋਈ ਜਾਪੇ
ਮੈਨੂੰ ਮੇਰਾ ਆਪ ਨਾ ਲੱਗੇ
ਕੋਈ ਹੋਰ ਵਿਆਪੇ
ਲੱਗੇ ਜਿਵੇਂ ਕੁੱਝ ਖ਼ਾਲੀ ਹੋਇਆ
ਜਾਂ ਬਹੁਤਾ ਹੀ ਭਰਿਆ
ਇੱਕ ਪਾਸੇ ਗੱਲ ਲੱਗਦੀ ਜਾਪੇ
ਨਾ ਜਿਊਂਦਾ ਸਭ ਮਰਿਆ

(**ਦੇਸ ਅਨੋਖਾ, ਪੰਨਾ** : 77)

"ਛਿਲਤਰ"ਵਿਚਲੀ ਸ਼ਾਇਰੀ ਕਿਸੇ ਬੁਝਾਰਤ ਦਾ ਹੱਲ ਲੱਭਦੀ ਮਹਿਸੂਸ ਹੁੰਦੀ ਹੈ। ਜ਼ਿੰਦਗੀ ਜਿੱਥੇ ਕਈ ਦੁਸ਼ਵਾਰੀਆਂ ਨਾਲ ਜੂਝਦੀ ਹੈ ਓਥੇ ਸਾਨੂੰ ਕਈ ਬੁਝਾਰਤਾਂ ਵੀ ਦੇ ਜਾਂਦੀ ਹੈ ਜਿਹਨਾਂ ਦਾ ਹੱਲ ਅਸੀਂ ਖ਼ੁਦ ਲੱਭਣਾ ਹੁੰਦਾ ਹੈ। ਅਜਿਹੀਆਂ ਹੀ



ਤਲਿਸਮੀ ਬੁਝਾਰਤਾਂ ਦੇ ਹੱਲ ਦੀ ਖੋਜ ਵਿੱਚ ਸ਼ਾਇਰ ਜਸਪਾਲ ਸੰਧੂ ਵੀ ਨਜ਼ਰ ਆਇਆ ਹੈ। ਕਿਤੇ-ਕਿਤੇ ਇਹ ਵੀ ਲੱਗਦਾ ਹੈ ਕਿ ਸ਼ਾਇਰ ਦਾ ਹਿਰਦਾ ਕਦਮ-ਕਦਮ ਉੱਤੇ ਕਿਸੇ ਸਵਾਲ ਦੀ ਖੋਜ ਵਿੱਚ ਨਿਰੰਤਰ ਕਾਰਜਸ਼ੀਲ ਹੈ।

ਹਨੇਰਿਆਂ ਦਾ ਰਾਹ ਰੋਕ ਕੇ
ਇੱਕ ਦੀਪ ਜਗਾ ਆਵਾਂਗਾ
ਮੈਂ ਸੁਪਨਿਆਂ ਨੂੰ ਜੀਣ ਦੇ
ਤਰੀਕੇ ਸੁਝਾ ਆਵਾਂਗਾ
ਤੋਰਾਂ ਚਾਨਣ ਦੇ ਕਾਫ਼ਲੇ
ਗਾੜ੍ਹੇ ਹਨੇਰੇ ਵੱਲ ਨੂੰ
ਮਾਯੂਸੀਆਂ ਨੂੰ ਉਹਨਾਂ ਦੀ
ਔਕਾਤ ਦਿਖਾ ਆਵਾਂਗਾ

(**ਅਜਿੱਤ, ਪੰਨਾ** : 85)

ਜਸਪਾਲ ਸੰਧੂ ਸੁਪਨਸਾਜ਼ ਹੈ, ਆਸਵੰਦ ਹੈ ਅਤੇ ਉਸਾਰੂ ਸੋਚ ਦਾ ਧਾਰਨੀ ਕਵੀ ਹੈ। ਉਸਦੀਆਂ ਰਚਨਾਵਾਂ ਵਿੱਚ ਜਿੱਥੇ ਹੌਂਸਲਿਆਂ ਨੂੰ ਪਰਖਣ ਦੀ ਸਮਰੱਥਾ ਹੈ ਓਥੇ ਉੱਚੇ ਅੰਬਰ ਤੱਕ ਪਰਵਾਜ਼ ਲਾਉਣ ਦਾ ਜਜ਼ਬਾ ਵੀ ਨਜ਼ਰੀਂ ਪੈਂਦਾ ਹੈ। ਕਿੱਧਰੇ ਉਹ ਕਿਸੇ ਸੰਦਲੀ ਨੈਣਾਂ ਵਿੱਚੋਂ ਗੀਤ ਸੁਣਦਾ ਨਜ਼ਰ ਆਉਂਦਾ ਹੈ ਤੇ ਕਿੱਧਰੇ ਚੀਚ ਸੁਪਨਿਆਂ ਦੀ ਬਸਤੀ ਵਿੱਚੋਂ ਲੰਘਦਾ ਫੁੱਲਾਂ ਦੇ ਮੀਂਹ ਵਿੱਚ ਭਿੱਜਦਾ ਤੇ ਨੱਚਦਾ ਹੈ। ਸ਼ਾਇਰ ਦੀ ਚਾਲ ਸਮੇਂ ਦੀ ਚਾਲ ਦੇ ਨਾਲ ਮੇਲ ਖਾਂਦੀ ਹੈ, ਉਸਦਾ ਵਜੂਦ ਪੌਣਾਂ ਦਾ ਹਮਸਾਇਆ ਹੈ ਅਤੇ ਉਸਦੇ ਅੰਦਰ ਪਾਣੀ ਦਾ ਵੇਗ ਮੌਜੂਦ ਹੈ। ਇਹ ਸਾਰੇ ਸੰਕੇਤ ਸ਼ਾਇਰ ਦੇ ਊਰਜਾਵਾਨ ਅਤੇ ਸਾਕਾਰਾਤਮਕ ਹੋਣ ਵੱਲ ਇਸ਼ਾਰਾ ਕਰਦੇ ਹਨ।

ਸੱਜਣਾ ਆ ਸੁਨੇਹੇ ਘੱਲੀਏ
ਆਪਣੇ ਪਿੰਡ ਗਰਾਂ ਮੁੜ ਚੱਲੀਏ
ਸਿੱਕਿਆਂ ਵਾਲੀ ਖਣਖਣ ਛੱਡ ਕੇ
ਘਰ ਦੀਆਂ ਚੱਲ ਬਰੂਹਾਂ ਮੱਲੀਏ
ਮਿੱਟੀ ਤੈਨੂੰ ਵਾਜਾਂ ਮਾਰੇ
ਦਿਲ ਨੂੰ ਜ਼ਿੰਦਰੇ ਕਾਹਤੋਂ ਮਾਰੇ
ਤੇਰੀਆਂ ਰਾਹਾਂ ਤੱਕਦੇ ਰਹਿੰਦੇ
ਮਾਂ ਬੁੱਢੀ ਦੇ ਅੱਥਰੂ ਖਾਰੇ

(**ਪਰਵਾਸ, ਪੰਨਾ** : 104)

ਸ਼ਾਇਰ ਦੀ ਇਹ ਵੀ ਧਰਨਾ ਹੈ ਕਿ ਅਜੋਕੇ ਸਮੇਂ ਵਿੱਚ ਸੁਨੇਹੇ ਭੇਜਦੇ ਰਹਿਣਾ ਚਾਹੀਦਾ ਹੈ। ਸੁਨੇਹੇ ਭੇਜਣਾ ਮਹਿਜ਼ ਇੱਕ ਰਸਮ ਨਾ ਹੋਵੇ ਸਗੋਂ ਸੁਨੇਹਿਆਂ ਦੇ ਰੂਪ ਵਿੱਚ ਸੁੱਖ-ਸਾਂਦ, ਦੁੱਖ-ਤਕਲੀਫ਼ਾਂ ਸਾਂਝੀਆਂ ਹੋਣ ਅਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਹੁੰਦੇ ਰਹਿਣੇ ਚਾਹੀਦੇ ਨੇ। ਇਹ ਸੁਨੇਹੇ ਦਿਲ ਦੇ ਧੁਰ ਅੰਦਰ ਤੀਕਰ ਦਸਤਕ ਦਿੰਦੇ ਨੇ। ਇਹ ਸੁਨੇਹੇ ਸਮੁੱਚੀ ਇਨਸਾਨੀਅਤ ਲਈ ਹੋਕਾ ਦਿੰਦੇ ਨੇ। ਇਹਨਾਂ ਕਵਿਤਾਵਾਂ ਵਿੱਚ ਕਵੀ ਨੇ ਪਰਦੇਸੀ ਪੁੱਤਰ ਨੂੰ ਹਾਕਾਂ ਮਾਰੀਆਂ ਨੇ, ਗ਼ੁਲਾਮੀ ਛੱਡਣ ਦਾ ਹੋਕਾ ਦਿੱਤਾ ਹੈ ਅਤੇ ਏਕਤਾ ਨਾਲ ਰਹਿਣ ਦੀ ਆਵਾਜ਼ ਵੀ ਦਿੱਤੀ ਗਈ ਹੈ।

ਅਜੇ ਤਾਂ ਸੱਚ ਦਾ ਲੰਮਾ ਪੈਂਡਾ
ਝੂਠਾਂ ਦੇ ਸੰਗ ਯਾਰੀ
ਸਹੁੰਆਂ ਖਾਣੋਂ ਕਿੱਥੇ ਟਲਦੇ
ਨੋਟਾਂ ਵਾਲੇ ਵਪਾਰੀ
ਏਸ ਦੌਰ ਵਿੱਚ ਕੌਲ ਵੀ ਕੱਚੇ
ਰਸਮਾਂ ਭਾਰ ਚੁਕੀਵਣ
ਗਰਜ਼ਾਂ ਵਾਲੇ ਗਿਰਝ ਨੇ ਨੱਚਦੇ
ਅਣਤੁੱਲੀ ਰੱਤ ਪੀਵਣ

(**ਗਰਜ਼ਾਂ ਵਾਲੇ ਗਿਰਝ, ਪੰਨਾ** : 128)


"ਛਿਲਤਰ"ਅੰਦਰ ਲਲਕਾਰ ਅਤੇ ਵੰਗਾਰ ਹੈ। ਸ਼ਾਇਰ ਨੇ ਅਜੋਕੇ ਲੋਕਤੰਤਰ ਉੱਤੇ ਵੀ ਤਨਜ਼ ਕੱਸਿਆ ਹੈ। ਵਕਤ-ਵਕਤ ਉੱਤੇ ਲੋਕਾਂ ਨੂੰ ਗੂੜ੍ਹੀ ਨੀਂਦਰ ਤੋਂ ਜਗਾਉਣ ਲਈ ਕਿਸੇ ਨਾ ਕਿਸੇ ਨੂੰ ਜ਼ਰੂਰ ਹੋਕਾ ਦੇਣਾ ਪੈਂਦਾ ਹੈ। ਜਸਪਾਲ ਸੰਧੂ ਨੇ ਆਪਣੀਆਂ ਰਚਨਾਵਾਂ ਦੇ ਜ਼ਰੀਏ ਸਮਾਜ ਅੰਦਰ ਪੈਦਾ ਹੋਈਆਂ ਕੁਰੀਤੀਆਂ, ਵਧ ਰਹੇ ਵਿਕਾਰਾਂ ਅਤੇ ਵਿਗਾੜਾਂ ਦੇ ਖ਼?ਲਾਫ਼ ਪਾਠਕ ਨੂੰ ਝੰਜੋੜਿਆ ਹੈ। ਇਤਿਹਾਸ ਨੂੰ ਜੇਕਰ ਦੋਸ਼ ਮੁਕਤ ਰੱਖਣਾ ਹੋਵੇ ਤਾਂ ਸਹੀ ਸਮੇਂ ਉੱਤੇ ਉਸ ਅੰਦਰ ਪੈਦਾ ਹੋਈਆਂ ਬੁਰਾਈਆਂ ਨੂੰ ਕਿਸੇ ਨਾ ਕਿਸੇ ਵਿਧੀ ਜ਼ਰੀਏ ਠੱਲ੍ਹ ਪਾਉਣੀ ਅਤੇ ਖ਼ਤਮ ਕਰਨਾ ਜ਼ਰੂਰੀ ਹੋ ਜਾਂਦਾ ਹੈ।

ਇਸ ਕਾਵਿ-ਸੰਗ੍ਰਹਿ ਦਾ ਅੰਤਲਾ ਹਿੱਸਾ ਗੁਰੂ ਤੇਗ ਬਹਾਦਰ ਜੀ ਅਤੇ ਸ਼੍ਰੋਮਣੀ ਪੰਜਾਬੀ ਕਵੀ ਮਰਹੂਮ ਸੁਰਜੀਤ ਪਾਤਰ ਨੂੰ ਸਮਰਪਿਤ ਹੈ। ਸ਼ਾਇਰ ਦੇ ਦ੍ਰਿਸ਼ਟੀਕੋਣ ਅਤੇ ਸ਼ਾਇਰੀ ਵਿਚਲੀ ਵਿਭਿੰਨਤਾ ਤੋਂ ਇਹ ਸਿੱਧ ਹੁੰਦਾ ਹੈ ਕਿ ਜਸਪਾਲ ਸੰਧੂ ਬਹੁਪੱਖੀ ਸ਼ਾਇਰ ਹੈ। ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਉੱਤੇ ਰਚੀ ਗਈ ਸ਼ਾਇਰੀ "ਛਿਲਤਰ"ਮਾਨਵੀ ਜਜ਼ਬਾਤ ਦਾ ਅਕਸ ਹੈ। ਊੜਾ ਪਬਲੀਕੇਸ਼ਨ ਨੇ ਪੁਸਤਕ ਦੇ ਬਾਹਰੀ ਰੂਪ ਅਤੇ ਕੰਪੋਜ਼ਿੰਗ ਦੀ ਖ਼ੂਬਸੂਰਤੀ ਵੱਲ ਤਵੱਜੋਂ ਦਿੱਤੀ ਹੈ। ਮੈਂ ਜਸਪਾਲ ਸੰਧੂ ਜੀ ਨੂੰ ਇਸ ਪੁਸਤਕ ਲਈ ਮੁਬਾਰਕ ਦਿੰਦਾ ਹਾਂ। ਆਸ ਹੈ ਪਾਠਕ "ਛਿਲਤਰ" ਨੂੰ ਆਪਣੀ ਮੁਹੱਬਤ ਜ਼ਰੂਰ ਦੇਣਗੇ।

-ਸ਼ਹਿਬਾਜ਼ ਖ਼ਾਨ, ਕਪੂਰਥਲਾ

ਅਧੂਰੀ ਕਹਾਣੀ

'ਕਰੋਨਾ ਦੇ ਦੌਰਾਨ ਇੱਕ ਲੇਖਕ ਉੱਪਰ ਲਿਖੀ ਗਈ ਕਹਾਣੀ'



ਕਰੋਨਾ ਵਾਇਰਸ ਕਰਕੇ ਸਾਰੇ ਦੇਸ਼ ਵਿੱਚ ਕਰਫਿਊ ਲੱਗਿਆ ਹੋਇਆ ਹੈ। ਕੱਲ ਮੇਰੀ ਮੁਲਾਕਾਤ ਇੱਕ ਬਜ਼ੁਰਗ ਲੇਖਕ ਨਾਲ ਹੋਈ। ਜਿਸ ਨੂੰ ਸਾਰੇ ਲਿਖਾਰੀ ਕਹਿ ਕੇ ਬਲਾਉਂਦੇ ਹਨ। ਲੇਖਕ ਵੀ ਬੱਸ ਐਨਾ ਕੁ, ਕਿ ਕਦੇ ਸਾਲਾਂ ਬੱਧੀ ਇੱਕ ਅੱਧੀ ਕਹਾਣੀ ਉਸ ਦੀ ਅਖ਼ਬਾਰ ਵਿੱਚ ਛਪ ਜਾਂਦੀ ਹੈ ਤੇ ਫੇਰ ਕਈ ਸਾਲ ਓਸੇ ਕਹਾਣੀ ਦੀਆਂ ਗੱਲਾਂ ਕਰਦਾ ਰਹਿੰਦਾ ਹੈ। ਲਿਖਾਰੀ ਸਾਹਿਬ ਗਾਲੜੀ ਬਹੁਤ ਹੈ। ਮੈਨੂੰ ਕਾਫ਼ੀ ਪੁਰਾਣਾ ਜਾਣਦਾ ਹੈ, ਬਹੁਤ ਮਜ਼ਾਕੀਏ ਸੁਭਾਅ ਦਾ ਬੰਦਾ ਹੈ। ਟਾਇਮ ਪਾਸ ਕਰਨ ਲਈ ਕੱਲ ਮੈਂ ਉਸ ਨੂੰ ਗਲੀ ਵਿੱਚ ਤੁਰੇ ਜਾਂਦੇ ਨੂੰ ਬੁਲਾ ਲਿਆ ਤੇ ਪੁੱਛਿਆ ਹੋਰ ਲਿਖਾਰੀ ਸਾਹਿਬ ਕੋਈ ਨਵੀਂ ਕਹਾਣੀ ਲਿਖੀ ਫੇਰ ? ਐਨੀ ਗੱਲ ਕਹਿਣ ਦੀ ਦੇਰ ਸੀ ਉਹ ਲੱਗ ਪਿਆ ਆਪਣੀਆਂ ਗੱਲਾਂ ਸੁਨਾਉਣ। ਕਹਿੰਦਾ,"ਅੱਜ ਮੈਂ ਵੀ ਇੱਕ ਬਹੁਤ ਵੱਡਾ ਲੇਖਕ ਹੁੰਦਾ, ਜੇਕਰ ਲੋਕਾਂ ਦੀ ਪ੍ਰਵਾਹ ਨਾ ਕਰਦਾ। ਕਿਉਂਕਿ ਮੈਂ ਇੱਕ ਸ਼ਰਮੀਲੇ ਸੁਭਾਅ ਦਾ, ਭਾਵੁਕ ਜਿਹਾ, ਗੱਲ ਨੂੰ ਦਿਲ ਤੇ ਲਾਉਣ ਵਾਲਾ ਅਤੇ ਡਰਦਾ ਰਹਿੰਦਾ ਹਾਂ ਬਈ ਲੋਕ ਕੀ ਕਹਿਣਗੇ? ਜਦੋਂ ਵੀ ਮੈਂ ਕੋਈ ਕਹਾਣੀ ਲਿੱਖਣ ਬੈਠਦਾ ਹਾਂ, ਤਾਂ ਲਿੱਖਦੇ ਲਿੱਖਦੇ, ਉਹ ਕਹਾਣੀ ਮੇਰੇ ਕਿਸੇ ਮਿਲਣ ਵਾਲੇ ਨਾਲ ਮੇਲ ਖਾਣ ਲੱਗ ਜਾਂਦੀ ਹੈ। ਫੇਰ ਮੈਂ ਸੋਚਦਾ ਹਾਂ ਕਿ ਜੇਕਰ ਇਹ ਕਹਾਣੀ ਲਿੱਖ ਦਿੱਤੀ ਤਾਂ ਮੇਰਾ ਉਹ ਰਿਸ਼ਤੇਦਾਰ ਕੀ ਕਹੇਗਾ? ਜਾਂ ਮੇਰਾ ਉਹ ਮਿਲਣ ਵਾਲਾ ਕੀ ਕਹੇਗਾ? ਜਿਸ ਨਾਲ ਇਹ ਕਹਾਣੀ ਮੇਲ ਖਾ ਰਹੀ ਹੈ। ਫੇਰ ਲਿਖਾਰੀ ਕਹਿੰਦਾ ਇੱਕ ਦਿਨ ਮੈਂ ਆਪਣਾ ਪੂਰਾ ਮਨ ਬਣਾ ਕੇ ਕਹਾਣੀ ਲਿੱਖਣ ਲੱਗਿਆ।

ਆਈਡੀਆ ਆਇਆ ਕਿ ਅੱਜ ਦੇ ਕਰੰਟ ਮੁੱਦੇ ਤੇ ਕਹਾਣੀ ਲਿਖੀ ਜਾਵੇ। ਕਹਿੰਦਾ ਅੱਜ ਦੇ ਦਿਨ 'ਕਰੋਨਾ' ਤੋਂ ਵੱਡਾ ਕਰੰਟ ਮੁੱਦਾ ਕੀ ਹੋ ਸਕਦਾ ਹੈ? ਸੱਭ ਤੋਂ ਪਹਿਲਾਂ ਮੇਰੇ ਦਿਮਾਗ਼ ਵਿੱਚ ਕਰੋਨਾ ਦੀ ਗੱਲ ਹੀ ਆਈ। ਕਰੋਨਾ ਉੱਪਰ ਅੱਧੀ ਤੋਂ ਵੱਧ ਕਹਾਣੀ ਲਿੱਖ ਲਈ, ਮੈਨੂੰ ਲੱਗ ਰਿਹਾ ਸੀ ਇਸ ਨੂੰ ਲੋਕ ਬਹੁਤ ਹੀ ਪਸੰਦ ਕਰਨਗੇ। ਲਿੱਖਦੇ ਲਿੱਖਦੇ ਗੱਲ ਪ੍ਰਸ਼ਾਸ਼ਨ ਦੀ, ਡਾਕਟਰਾਂ ਦੀ, ਪੁਲਸ ਦੀ, ਕੋਰਨਟਾਈਨ ਦੀ ਅਤੇ ਸਮਾਜ ਦੀ ਆ ਗਈ। ਫੱਸ ਗਿਆ ਪੇਚ.., ਕਹਾਣੀ ਵਿੱਚ ਇਹਨਾਂ ਦੇ ਹੱਕ ਚ ਵੀ ਲਿਖਣਾ ਪੈਣਾ ਸੀ... ਤੇ ਖਿਲਾਫ਼ ਵੀ...। ਪੈ ਗਿਆ ਪੰਗਾ..., ਹੁਣ ਖੁੱਲ੍ਹ ਕੇ ਕੌਣ ਲਿਖੇ..। 'ਸੱਪ ਦੇ ਮੂੰਹ ਚ ਕੋਹੜ ਕਿਰਲੀ' ਵਾਲੀ ਗੱਲ ਹੋ ਗਈ। ਕਹਾਣੀ ਰੁਕ ਗਈ।

ਫੇਰ ਸੋਚਿਆ.. ਚਲੋ ਕਰਫਿਊ ਤੇ ਲਿੱਖਦੇ ਆਂ..। ਉਸ ਵਿੱਚ ਵੀ ਪ੍ਰਸ਼ਾਸ਼ਨ, ਪੁਲਸ ਤੇ ਆਮ ਜਨਤਾ ਆੜੇ ਆ ਗਈ..। ਬੰਦਾ ਕੀਹਦੇ ਹੱਕ ਵਿੱਚ ਲਿਖੇ... ਤੇ ਕੀਹਦੇ ਉੱਲਟ..। ਜਨਤਾ ਦਾ ਬਾਹਰ ਜਾਣਾ ਵੀ ਕਈ ਵਾਰ ਬਹੁਤ ਮਜ਼ਬੂਰੀ ਹੁੰਦੀ ਹੈ। ਪੁਲਸ ਨੂੰ ਹੁਣ ਪਤਾ ਕੀ ਲੱਗੇ..? ਕਿਹੜਾ ਮਜਬੂਰ ਹੈ.. ਤੇ ਕਿਹੜਾ ਘੁੰਮਦਾ ਫਿਰਦਾ ਹੈ..। ਇਸ ਲਈ ਪੁਲਿਸ ਨੇ ਤਾਂ ਆਵਦਾ ਕੰਮ ਕਰ ਹੀ ਦੇਣਾ ਹੁੰਦੈ...। ਵੇਖਿਆ ਜਾਏ.. ਦੋਨੋਂ ਹੀ ਸਹੀ ਹੈ.. ਤੇ ਦੋਨੋਂ ਹੀ ਗੱਲਤ..। ਪਤਾ ਹੀ ਨਹੀਂ ਲੱਗ ਰਿਹਾ ਅਸਲ ਵਿੱਚ ਕੌਣ ਸਹੀ ਹੈ ਤੇ ਕੌਣ ਗੱਲਤ। ਇਹ ਕਹਾਣੀ ਵੀ ਛੱਡ ਦਿੱਤੀ।

ਫੇਰ ਗੱਲ ਦਿਮਾਗ ਚ ਆਈ.. ਨਸ਼ੇੜੀਆਂ ਦੀ..। ਨਸ਼ੇੜੀ ਵੀ ਕਸੂਤੇ ਫੱਸ ਗਏ ਵਿਚਾਰੇ.. ਇਸ ਕਰਫਿਊ ਵਿੱਚ.. ਪਰ ਇਹ ਕਿਤੋਂ ਨਾ ਕਿਤੋਂ ਨਸ਼ੇ ਦਾ ਇੰਤਜ਼ਾਮ ਕਰ ਹੀ ਲੈਂਦੇ ਨ..। ਅਜੇ ਮੈਂ ਪਹਿਲੇ ਪੈਰ੍ਹੇ ਵਿੱਚ ਭੂਮਿਕਾ ਜੀ ਬੰਨ੍ਹੀ ਜਾਂਦਾ ਸੀ.. ਜਦੋਂ ਨਸ਼ੇੜੀ ਦਾ ਨਾਮ ਰੱਖਣ ਦੀ ਗੱਲ ਆਈ.. ਤਾਂ ਗੁਆਂਢੀਆਂ ਦਾ ਲੇਖੂ ਅੱਖਾਂ ਸਾਹਮਣੇ ਆ ਗਿਆ.. ਜਿਹੜਾ ਤੱਕੜਾ ਨਸ਼ੇੜੀ ਐ..। ਉਸੇ ਵਕਤ ਮੈਨੂੰ ਇਹ ਲੱਗਣ ਲੱਗ ਪਿਆ.. ਕਿ ਹੁਣ ਗੁਆਂਢੀ ਕਹਿਣਗੇ.., ਸਾਡੇ ਮੁੰਡੇ ਨੂੰ ਬਦਨਾਮ ਕਰਨ ਲੱਗਿਆਂ ਤੂੰ ਆਵਦੀਆਂ ਕਹਾਣੀਆਂ ਵਿੱਚ। ਮੈਂ ਭਾਈ ਫੇਰ ਚੁੱਪ ਹੋ ਗਿਆ।

ਸੱਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਮੈਂ ਹਿੰਮਤ ਨੀ ਹਾਰਦਾ। ਫੇਰ ਸੋਚਿਆ... ਜਿਹੜੇ ਲੋਕ ਇਸ ਕਰੋਨਾ ਕਰਕੇ ਲੱਗੇ ਕਰਫਿਊ ਵਿੱਚ ਗਰੀਬ ਲੋਕਾਂ ਨੂੰ ਲੰਗਰ ਖੁਵਾ ਰਹੇ ਹਨ ਉਹਨਾਂ ਤੇ ਲਿਖਦੇ ਹਾਂ। ਜਦੋਂ ਲਿੱਖਣ ਲੱਗਿਆ.. ਸੱਭ ਤੋਂ ਪਹਿਲਾਂ ਤਾਂ ਮੁਸ਼ਕਲ ਇਹ ਆਈ.. ਕਿ ਲੰਗਰ ਖਵਾਉਣ ਵੇਲੇ.. ਜਾਂ ਵੰਡਣ ਵੇਲੇ.. ਤਸਵੀਰਾਂ ਲਈਆਂ ਜਾਣ.. ਜਾਂ ਨਾ ਲਈਆਂ ਜਾਣ..। ਚਲੋ ਖੈਰ ਕਿਵੇਂ ਨਾ ਕਿਵੇਂ ਇਹਦਾ ਹੱਲ ਕੀਤਾ...। ਫਿਰ ਲਿਖਦੇ ਲਿਖਦੇ ਜਦੋਂ ਪੂਰੀ ਕਹਾਣੀ ਲਿੱਖ ਲਈ ਹੁਣ ਆਏਂ ਨਾ ਪਤਾ ਲੱਗੇ ਇਹਦਾ ਐਂਨਡ ਕੀ ਕੱਢੀਏ ਬਈ ਕਰੋਨਾ ਕਰਕੇ ਲੱਗੇ ਇਸ ਕਰਫਿਊ ਵਿੱਚ.. ਲੋਕਾਂ ਨੂੰ ਲੰਗਰ ਖਵਾਉਣਾ ਵੀ ਚਾਹੀਦੈ..? ਜਾਂ ਨਹੀਂ..? ਐਥੇ ਆਕੇ ਮੈਂ ਫਿਰ ਫੱਸ ਗਿਆ। ਇਹ ਕਹਾਣੀ ਵੀ ਪਾਸੇ ਕਰਤੀ।

ਫ਼ੇਰ ਦਿਮਾਗ਼ ਨੇ ਕੰਮ ਕੀਤਾ.. ਕਿ ਪਤੀ ਪਤਨੀ ਦੀ ਆਪਸੀ ਲੜਾਈ ਵਾਰੇ ਲਿਖਦੇ ਹਾਂ..। ਲਿਖਾਂਗੇ.. ਕਿ ਹਰ ਤਿਓਹਾਰ ਤੇ ਲੜਾਈ ਹੁੰਦੀ ਐ..। ਲੜਦੇ ਲੜਦੇ ਗਲੀ ਚ ਨਿੱਕਲ ਆਉਂਦੇ ਐ.. ਤੇ ਸਾਰੀ ਗਲੀ ਵਾਲੇ ਤਮਾਸ਼ਾ ਦੇਖਦੇ ਐ। ਪਰ ਇਸ ਤਰ੍ਹਾਂ ਦਾ ਪ੍ਰੀਵਾਰ ਤਾਂ ਜਮਾ ਹੀ ਸਾਡੇ ਸਾਹਮਣੇ ਰਹਿੰਦੈ..।

ਇਹ ਵੀ ਛੱਡਣੀ ਪਈ। ਅਖ਼ੀਰ ਚ ਸੋਚਿਆ ਇੱਕ ਅਜਿਹੇ ਪ੍ਰੀਵਾਰ ਦੀ ਕਹਾਣੀ ਲਿਖੋ ਜਿਹੜਾ ਸਾਰੇ ਪਾਸਿਓਂ ਸੁੱਖੀ ਹੈ। ਨਾ ਕਿਸੇ ਨੂੰ ਕੋਈ ਗੁੱਸਾ ਨਾ ਗਿਲਾ। ਅੱਧੀ ਕਹਾਣੀ ਲਿੱਖ ਕੇ ਦਿਮਾਗ਼ ਵਿਚ ਆਇਆ ਕੇ ਐਸਾ ਪ੍ਰੀਵਾਰ ਤਾਂ ਕੋਈ.., ਹੈ ਹੀ ਨਹੀਂ.. ਸਮਾਜ ਵਿੱਚ.. ਜੀਹਨੂੰ ਕੋਈ ਦੁੱਖ ਹੀ ਨਾ ਹੋਵੇ..,। ਇਹ ਕਹਾਣੀ ਝੂਠੀ ਜਿਹੀ ਲੱਗੇਗੀ ਲੋਕਾਂ ਨੂੰ। ਕਹਾਣੀ ਫੇਰ ਬੰਦ।

ਇੱਕ ਹੋਰ ਬਹੁਤ ਵੱਡਾ ਮੁੱਦਾ ਮਿਲਿਆ ਜਿਸ ਨੇ ਪੂਰੇ ਭਾਰਤ ਨੂੰ ਝੰਝੋੜ ਕੇ ਰੱਖ ਛੱਡਿਐ.. ਉਹ ਹੈ.. ਬਲਾਤਕਾਰ.. ਇਸ ਬਾਰੇ ਤਾਂ.. ਜਿਨ੍ਹਾਂ ਲਿਖ ਲਉ.. ਓਨਾ ਥੋੜ੍ਹਾ ਹੈ..। ਅਜੇ ਸ਼ੁਰੂ ਹੀ ਕਰਨ ਲੱਗਿਆ ਸੀ, ਮੈਂ ਡਰ ਗਿਆ.. ਕਿ ਲੋਕ ਕੀ ਕਹਿਣਗੇ..? ਕੀ ਸੋਚਣਗੇ ਮੇਰੇ ਬਾਰੇ? ਜਦੋਂ ਇਹ ਗੱਲ ਦਿਮਾਗ਼ ਵਿੱਚ ਆਈ ਫੇਰ ਕੀ ਸੀ..? ਇੱਕ ਦਮ ਹੀ 'ਸੱਪ ਸੁੰਘ ਗਿਆ'। ਘਰ ਦੇ ਕਹਿਣ ਰੋਟੀ ਖਾ ਲਓ। ਮਖਿਆ ਮੈਂ ਉੱਲਝਿਆ ਬੈਠੈਂ, ਸੋਨੂੰ ਰੋਟੀ ਦੀ ਲੱਗੀ ਐ। ਫੇਰ ਲੰਬਾ ਸਾਹ ਲੈਕੇ ਕਹਿੰਦਾ ਹੁਣ ਮੈਂ ਕਹਾਣੀ ਲਿੱਖਣ ਦੀ ਵਿਜਾਏ.., ਮਨ ਚ ਹੀ ਸੋਚ ਲੈਂਨੈਂ.. ਤੇ ਛੱਡ ਦਿੰਨੈ..। ਸੋ ਕਹਾਣੀ ਤਾਂ ਮੈਂ ਰੋਜ਼ ਹੀ ਲਿੱਖ ਲੈਂਦਾ ਹਾਂ, ਤੇ ਢਾਹ ਦਿੰਦਾ ਹਾਂ"।



ਰਮੇਸ਼ ਐਮ.ਐਮ.
ਰੀਵਿਊ ਕਰਤਾ :
ਹਾਸ-ਵਿਅੰਗਕਾਰ, ਬਠਿੰਡਾ

ਮੇਰੀ ਪਹਿਲੀ ਗੱਲ ਤੇ ਆਉਂਦਾ.. ਲਿਖਾਰੀ ਕਹਿੰਦਾ.. "ਤੂੰ ਪੁੱਛਿਐ..? ਕਿ ਕੋਈ ਨਵੀਂ ਕਹਾਣੀ ਲਿਖੀ ਐ ਕੇ ਨਹੀਂ..? ਮੈਂ ਤਾਂ ਐਨੀਆਂ ਸਾਰੀਆਂ ਕਹਾਣੀਆਂ ਲਿੱਖ ਤੀਆਂ। ਹੁਣ ਤੂੰ ਹੀ ਦੱਸ ਕਿਹੜੀ ਕਹਾਣੀ ਪੂਰੀ ਕਰਕੇ ਅਖ਼ਬਾਰ ਵਿੱਚ ਛਪਵਾਈਏ। ਇਸ ਕਰਕੇ ਕਹਾਣੀ ਵਿੱਚ ਬਾਹਲੇ ਨੁਕਸ ਜੇ ਨਾ ਕੱਢਿਆ ਕਰ ਮੇਰੇ ਯਾਰ.., ਮੇਰੇ ਪੁੱਤਰ..। ਉਸ ਵਿੱਚ ਬਹੁਤ ਸਮਝੋਤੇ ਹੁੰਦੇ ਹਨ..। ਜਿਹੜੇ ਨੁਕਸ ਤੂੰ ਕੱਢਦਾ ਹੁੰਨੈ ਨਾ.., ਉਹ ਨੁਕਸ.. ਸਾਨੂੰ ਲੇਖਕਾਂ ਨੂੰ ਪਤਾ ਹੁੰਦੇ ਹੋਏ ਵੀ.. ਪਾਉਣੇ ਪੈਂਦੇ ਨ..। ਬਾਕੀ ਗੱਲਾਂ ਫੇਰ ਸਹੀ, ਹੁਣ ਤੈਨੂੰ ਮਿਲ ਕੇ ਹੋਰ ਨਵੇਂ ਆਈਡੀਏ ਦਿਮਾਗ਼ ਵਿੱਚ ਆ ਰਹੇ ਨ। ਜਿਵੇਂ ਬਿਰਧ ਆਸ਼ਰਮ ਜਿਵੇਂ ਉਹ ਤੇਰਾ ਤਾਇਆ ਨੀ ਬੈਠਾ ਬਿਰਧ ਆਸ਼ਰਮ ਵਿੱਚ। ਤਲਾਕ ਜਿਵੇਂ ਤੇਰੇ ਮਾਸੀ ਦੇ ਮੁੰਡੇ ਦਾ ਤਲਾਕ ਬਾਰੇ ਕਚਹਿਰੀ ਚ ਕੇਸ ਚੱਲਦੈ। ਲਵ ਮੈਰਿਜ ਜਿਵੇਂ ਤੇਰੇ ਮੁੰਡੇ ਦੇ ਦੋਸਤ ਦੀ ਹੋਈ ਹੈ। ਹੁਣ ਤੈਨੂੰ ਸਾਰੀਆਂ ਕਹਾਣੀਆਂ ਦਾ ਪਤਾ ਹੀ ਹੈ। ਇਹ ਸਾਰੀਆਂ ਬਣੀਆਂ ਬਣਾਈਆਂ ਕਹਾਣੀਆਂ ਹੀ ਤਾਂ ਹੈ। ਚੰਗਾ.. ਬਾਕੀ ਗੱਲਾਂ ਕੱਲ ਸਹੀ... ਕਹਿ ਕੇ ਉਹ ਚਲਾ ਗਿਆ"।

ਘਰ ਆਕੇ ਮੈਂ ਸੋਚਦਾ ਰਿਹਾ... ਕਿ ਇਹ ਸਾਰੀਆਂ ਗੱਲਾਂ... ਲਿਖਾਰੀ ਨੇ ਮਜ਼ਾਕ ਵਿੱਚ ਕਹੀਆਂ ਹਨ..? ਕਿ ਅਸਲੀਅਤ ਹੈ..? ਤੇ ਨਾਲੇ ਇਹ ਜਾਂਦਾ ਜਾਂਦਾ... ਸਾਡੇ ਰਿਸ਼ਤੇਦਾਰਾਂ ਬਾਰੇ, 'ਕੀ ਕਹਿ ਗਿਆ..? ਕਿਤੇ.. ਇਹਨਾਂ ਤੇ ਨਾ... ਹੁਣ ਜਾਕੇ ਕੋਈ ਕਹਾਣੀ ਲਿੱਖ ਦੇ..? ਕਿਉਂਕਿ ਲੇਖਕ ਕਹਿੰਦੇ ਹੀ ਹੁੰਦੇ ਹੈ ਕਿਵੇਂ ਲਿਖੀਏ? ਪਰ ਲਿੱਖ ਫ਼ੇਰ ਵੀ ਦਿੰਦੇ ਐ...। ਲਿਖਣੋਂ ਟਲਦੇ ਨੀਂ..? ਇਹਨਾਂ ਨੇ ਬੱਸ ਪਾਤਰਾਂ ਦੇ ਨਾਂ ਹੀ ਬਦਲਣੇ ਹੁੰਦੇ ਐ!

.ਗ਼ਜ਼ਲ

ਹੱਸਦੇ ਆਂ ਪਰ ਮਨ ਨਈਂ ਹੁੰਦਾ
ਮੈਥੋਂ ਹੋਰ ਰੁਦਨ ਨਈਂ ਹੁੰਦਾ
ਘਰ ਦੀ ਤੰਗੀ ਤੁਰਸ਼ੀ ਘੂਰੇ
ਜਦ ਪੀਪੇ ਰਾਸ਼ਨ ਨਈਂ ਹੁੰਦਾ
ਖੁੱਲ੍ਹ ਦੇ ਨਾਂ 'ਤੇ ਨੰਗ ਵਿਖਾਉਣਾ
ਬੀਬਾ ਇਹ ਫ਼ੈਸ਼ਨ ਨਈਂ ਹੁੰਦਾ
ਪਾਰ ਉਤਾਰਾ ਕਰ ਸਕਦਾ ਏ
ਹਰ ਸਵਾਲ ਉਲਝਨ ਨਈਂ ਹੁੰਦਾ
ਤਿਸ਼ਨਾ ਦਾ ਬਸ ਜ਼ਰੀਆ ਮਾਤਰ
ਕਈਆਂ ਲਈ ਤਨ, ਤਨ ਨਈਂ ਹੁੰਦਾ
ਸਬਰ-ਸਬੂਰੀ ਵਾਲਾ ਬੰਦਾ
ਅਸਲੋਂ ਉਹ ਨਿਰਧਨ ਨਈਂ ਹੁੰਦਾ
ਮੂੰਹੋਂ ਆਪਣਾ ਕਹਿ ਦਏਂ ਐਪਰ
ਅੰਦਰ ਆਪਣਾਪਨ ਨਈਂ ਹੁੰਦਾ
ਝਾਂਜਰ ਬੇੜੀ ਬਣ ਜਾਂਦੀ ਏ
ਉਝ ਕੋਈ ਬੰਧਨ ਨਈਂ ਹੁੰਦਾ
ਦਿਲ ਦੇ ਵਿੱਚ ਵਸਾਇਐ 'ਇੰਦਰ'
ਹਰ ਕੋਈ ਧੜਕਨ ਨਈਂ ਹੁੰਦਾ

-ਇੰਦਰ ਪਰਵਾਜ਼ (ਸਮਾਣਾ)



ਕੁਪੱਤੇ ਰਿਸ਼ਤੇ

ਰੋਜ਼ ਰੋਜ਼ ਦੀ ਨਿੰਦਾ ਚੁਗਲੀ,ਕਰ ਨਾ ਬੀਬੀਆਂ ਥੱਕੀਆਂ,
ਸੱਸ ਬਹੂ ਦੀ, ਬਹੂ ਸੱਸ ਦੀ,ਲੜ ਲੜ ਨਿੱਤ ਨਾ ਅੱਕੀਆਂ।
ਵਿੱਚ ਲਪੇਟੇ ਲੈ ਕੇ ਕੁੜਮਾਂ,ਨਣਦਾਂ ਨੂੰ ਛੱਡਣ ਨ ਸੁੱਕੀਆਂ,
ਜੇਠ-ਸਹੁਰਾ ਬੰਨ੍ਹ ਇੱਕੋ ਰੱਸੇ,ਚੁੱਕ ਚੁੱਕ ਪੈਂਦੀਆਂ ਮੁੱਕੀਆਂ।
ਫਿਰ ਵੀ ਗੱਲ ਇੱਥੇ ਨ ਮੁੱਕੇ,ਬੰਦਿਆਂ ਦੇ ਸਿੰਗ ਫਸਾਵਣ,
ਰਿਸ਼ਤਿਆਂ ਦੀ ਸਫ਼ਬੰਦੀ ਹੋਵੇ, ਭਰਾ,ਪਿਉ,ਪੁੱਤ ਲੜਾਵਣ।
ਰੋਜ਼ ਖੜਕੇ ਮਹਾਂਭਾਰਤ ਵਾਂਗੂੰ,ਕਲਾ ਕਲੇਸ਼ ਨਿੱਤ ਵਸਦਾ ,
ਉੱਜੜ ਜਾਵੇ ਖਿੜਿਆ ਚਮਨ,ਜੋ ਘਰ ਸੀ ਵਸਦਾ ਰਸਦਾ।
ਮਾਰ ਜਾਵੇ ਪਿਆਰ ਉਡਾਰੀ, ਉਮਰਾਂ ਦੇ ਫਿੱਕ ਆਣ ਪੈਂਦੇ,
ਬਣ ਜਾਵਣ ਲਹੂ ਦੇ ਪਿਆਸੇ,ਇੱਕੋ ਆਲ੍ਹਣੇ ਸੀ ਜੋ ਰਹਿੰਦੇ।
ਉਡੰਤਰ ਹੋਵਣ ਦੁੱਖ ਸੁੱਖ ਸਾਂਝੇ, ਸਕਾ ਵੀ ਪੱਤਰੇ ਵਾਚ ਜਾਵੇ ,
ਪੱਲੇ ਬਚਦੀਆਂ ਨੇ ਕੁੱਝ ਯਾਦਾਂ, ਰੋਸੇ, ਗਿਲੇ ਜਾਂ ਪਛਤਾਵੇ।
ਆਮ ਘਰਾਂ ਦੀ ਇਹ ਕਹਾਣੀ, ਭਾਵੇਂ ਜਾਣੀਏ ਆਪਾਂ ਸਾਰੇ,
ਕਾਹਤੋਂ ਬੇਵੱਸ ਹੋਏ ਫਿਰਦੇ ਹਾਂ,ਕਰ ਵਿਸਾਹਘਾਤ ਖੁਦ ਹਾਰੇ।
ਆਓ ਸਭ ਕੜ੍ਹਵਾਟਾਂ ਭੁੱਲ ਕੇ ,ਇੱਕ ਨਵਾਂ ਸੰਸਾਰ ਵਸਾਈਏ ,
ਜਿੱਥੇ ਸਿਰਫ਼ ਪਿਆਰ ਹੀ ਹੋਵੇ, ਨਫ਼ਰਤਾਂ ਨੂੰ ਅੱਗ ਲਾਈਏ।

-ਸੇਵਾ ਸਿੰਘ "ਨੂਰਪੁਰੀ"

ਮਿੰਨੀ ਕਹਾਣੀ-ਸਾਰਥਿਕ ਉੱਤਰ



ਇਕ ਵੱਡੇ ਰੁਤਬੇ ਵਾਲੇ ਲੇਖਕ ਦੀ ਪੁਸਤਕ ਰਿਲੀਜ਼ ਹੋਈ। ਜਿਸ ਵਿਚ ਦੂਰੋਂ ਨੇੜਿਓਂ ਛੋਟੇ-ਵੱਡੇ ਲੇਖਕਾਂ ਨੇ ਸ਼ਿਰਕਤ ਕੀਤੀ। ਪੁਸਤਕ 'ਤੇ ਦੋ ਵਿਦਵਾਨਾਂ ਵੱਲੋਂ ਪਰਚੇ ਪੜ੍ਹੇ ਗਏ ਜਿਨ੍ਹਾਂ ਨੇ ਪੁਸਤਕ ਅਤੇ ਪੁਸਤਕ ਦੇ ਲੇਖਕ ਦੀ ਬਹੁਤ ਪ੍ਰਸੰਸਾ ਕੀਤੀ।ਇਸ ਤੋਂ ਇਲਾਵਾ ਮੰਚ ਤੋਂ ਬੋਲਣ ਵਾਲੇ ਹਰ ਇਕ ਬੁਲਾਰੇ ਨੇ ਕਿਸੇ ਕਿਸਮ ਦੀ ਨੁਕਤਾਚੀਨੀ ਕੀਤੇ ਬਿਨ੍ਹਾਂ ਬਸ ਸਿਫ਼ਤਾਂ ਦੇ ਹੀ ਪੁਲ ਬੰਨੇ। ਮੈਂ ਸਭ ਕੁਝ ਵੇਖ, ਸੁਣ ਕੇ, ਹਾਲ ਵਿਚ ਮੇਰੇ ਬਿਲਕੁੱਲ ਕੋਲ ਵਾਲੀ ਕੁਰਸੀ 'ਤੇ ਬੈਠੇ ਬਜ਼ੁਰਗ ਅਤੇ ਨਾਮਵਰ ਲੇਖਕ ਸੁਭਾਸ਼ ਦੀਵਾਨਾ ਨੂੰ ਵਿਅੰਗ ਜਿਹੇ ਲਹਿਜੇ ਨਾਲ ਪੁੱਛਿਆ ਸਰ ਕੀ ਅੱਜ ਕੋਈ ਅਲੋਚਕ ਵਿਹਲਾ ਨਹੀਂ ਸੀ ਜਾਂ ਬੁਲਾਇਆ ਹੀ ਨਹੀਂ ਗਿਆ?
ਵੱਡੇ ਰੁਤਬੇ ਵਾਲੇ ਲੇਖਕਾਂ ਦੀ ਆਲੋਚਨਾ ਨਹੀਂ ਸਿਰਫ ਪ੍ਰਸੰਸਾ ਹੀ ਹੁੰਦੀ ਏ ਕਾਕਾ, ਲੇਖਕ ਚਾਹੇ ਉਹ ਨਾਂ ਦਾ ਹੀ ਹੋਵੇ।
ਦੀਵਾਨਾ ਸਾਹਿਬ ਦੀ ਗੱਲ ਸੁਣ ਕੇ ਮੇਰੇ ਮਨ ਵਿਚ ਉੱਠੇ ਸਵਾਲ ਦਾ ਬਿਲਕੁੱਲ ਸਾਰਥਿਕ ਉਤਰ ਮਿਲ ਗਿਆ ਸੀ।

-ਪ੍ਰਤਾਪ 'ਪਾਰਸ' ਗੁਰਦਾਸਪੁਰੀ, 787/10 ਪ੍ਰੇਮ ਨਗਰ, ਹਰਦੋਛੰਨੀ ਰੋਡ ਗੁਰਦਾਸਪੁਰ

ਕਵਿਤਾ

ਕਿੱਥੇ ਤੁਰ ਜਾਂਦੇ ਨੇ
ਦੁਨੀਆਂ ਤੱਜ ਜਾਵਣ ਵਾਲੇ
ਮੈਂ ਅੱਜ ਵੀ
ਉਸੇ ਰਾਹ ਵੱਲ ਤੱਕਦਾ ਹਾਂ,
ਜਿੱਥੋਂ ਤੂੰ ਆਖ਼ਰੀ ਵਾਰ ਗਿਆ ਸੀ।
ਵਿਹੜਾ ਉਹੀ ਏ,
ਦਰਵਾਜ਼ਾ ਉਹੀ,
ਬਸ ਇਕ ਤੇਰੀ ਆਹਟ ਨਹੀਂ ਰਹੀ।
ਹਰ ਸ਼ਾਮ
ਦਿਲ ਆਖਦਾ ਏ—
ਦਿਖਣ ਵਾਲੀ ਆਖ਼ਰੀ ਹੱਦ ਤੱਕ
ਵੇਖਦਿਆਂ, ਸੋਚਾਂ ਵਿੱਚ ਗਵਾਚਾ
ਸੋਚਾਂ
ਸ਼ਾਇਦ ਅੱਜ ਤੂੰ ਮੁੜ ਆਵੇਂ।
ਪਰ ਸੱਚ ਇਹ ਏ—
ਮਲਾਲ ਇਹ
ਹਰ ਪਲ ਟੁੰਬੀਂ ਜਾਵੇ ਰੂਹ ਨੂੰ
ਤੇਰੇ ਜਾਣ ਦਾ ਨਹੀਂ,
ਮਲਾਲ ਇਹ ਏ ਕਿ
ਕਿਓ ਮੈਂ ਰੋਕਿਆ ਨਹੀਂ ਤੈਨੂੰ।-ਜੋਤੀ

ਅਮਰੀਕਾ ਮਹਾਂਦੀਪ ਵਿੱਚ ਕ੍ਰਲੇਬਰ ਡੇਅ ਨੂੰ ਸਮਰਪਿਤ

ਮਜ਼ਦੂਰ ਦਿਵਸ

ਅਠਾਰ੍ਹਾਂ ਸੌ ਛਿਆਸੀ ਦੀ ਹੈ ਗੱਲਬਾਤ ਜੀ,
ਨਿਚੋੜ ਦੇ ਸੀ ਕਾਮਿਆਂ ਨੂੰ ਦਿਨ ਰਾਤ ਜੀ।
ਹੋਇਆ ਉਦਯੋਗਾਂ ਦਾ ਨਵਾਂ ਅਗਾਜ਼ ਸੀ,
ਦੱਬੀ ਸਰਮਾਏਦਾਰਾਂ ਕਾਮੇ ਦੀ ਅਵਾਜ਼ ਸੀ।
ਉਦੋਂ ਪੰਦਰਾਂ ਘੰਟੇ ਰੋਜ਼ ਸੱਤੇ ਦਿਨ ਕੰਮ ਸੀ,
ਸਿਹਤ ਸਹੂਲਤਾਂ ਦੀ ਘਾਟ ਇੱਕ ਦਮ ਸੀ।
ਮਿਹਨਤਕਸ਼ ਹੱਕਾਂ ਦੀ ਚੱਲਦੀ ਲੁੱਟ ਸੀ,
ਮਾਲਕਾਂ ਸਰਕਾਰਾਂ ਦਿੱਤਾ ਸਾਹ ਘੁੱਟ ਸੀ।
ਜਾਗ ਪਏ ਕਿਰਤੀ ਸੀ ਫਿਰ ਹੱਕ ਮੰਗਦੇ,
ਅੱਖਾਂ 'ਚ ਅੱਖਾਂ ਪਾਉਣੋ ਨਹੀਂ ਸੀ ਸੰਗਦੇ।
ਵਿੱਢ ਕੇ ਸੰਘਰਸ਼ ਉਨ੍ਹਾਂ ਪਾਏ ਨਵੇਂ ਪੂਰਨੇ,
ਬਣਾ ਕੇ ਜਥੇਬੰਦੀਆਂ ਮਾਲਕ ਪਏ ਘੂਰਨੇ।
ਹੋਇਆ ਸਮਝੌਤਾ ਸ਼ਿਫਟ ਅੱਠ ਘੰਟੇ ਦੀ,
ਐਤਵਾਰ ਛੁੱਟੀ ਬ੍ਰੇਕ ਹੋਈ ਅੱਧੇ ਘੰਟੇ ਦੀ।
ਯੂਨੀਅਨ ਬਣਾਉਣ ਦਾ ਸੀ ਹੱਕ ਵੱਜਿਆ,
'ਮਿਹਨਤਕਸ਼ੋ ਇੱਕ ਹੋ ਜਾਉ' ਸੀ ਗੱਜਿਆ।
ਰੂਸ ਵਿੱਚ ਇਨਕਲਾਬ ਫਿਰ ਸੀ ਉੱਠਿਆ,
ਪੂੰਜੀਵਾਦੀਆਂ ਦੀ ਮੰਜਾ ਸੀ ਇੰਝ ਠੁੱਕਿਆ।
ਸ਼ਿਕਾਗੋ ਦੀਆਂ ਗਲ਼ੀਆਂ ਨੂੰ ਕੌਣ ਭੁੱਲਿਆ,
ਕਾਮੇ ਦਾ ਜਿੱਥੇ ਸੀ ਲਹੂ ਪਸੀਨਾ ਡੁੱਲ੍ਹਿਆ।
ਪ੍ਰਣਾਮ ਹੈ ਜਿਨ੍ਹਾਂ ਨੇ ਘਾਲ਼ਣਾਂ ਸੀ ਘਾਲ਼ੀਆਂ,
ਕਿਰਤੀ ਕਿਸਾਨਾਂ ਸੀ ਵਜਾਈਆਂ ਤਾਲ਼ੀਆਂ।

-ਸੇਵਾ ਸਿੰਘ 'ਨੂਰਪੁਰੀ'

ਨਜ਼ਮ : ਜ਼ੈੱਨ ਜੀ ਅਲਫ਼ਾ

ਆਜੀਵਕਾ ਲਈ ਮੈਂ ਤੇ ਮੇਰੀ ਪਤਨੀ,
ਅਕਸਰ ਰਹਿੰਦੇ ਆਂ ਦਿਨੇ ਬਾਹਰ,
ਘਰ ਵਾਪਸੀ 'ਤੇ ਸੌਣ ਤੋਂ ਪਹਿਲਾਂ,
ਸਕੂਲੀ ਹੋਮ ਵਰਕ ਕਰਾਉਂਦਿਆਂ,
ਕਰਦੇ ਆਂ ਲਾਡਲੇ ਨਾਲ ਪਿਆਰ,
ਨੌਕਰਾਣੀ ਰੱਖੇ ਪਿੱਛੋਂ ਓਦਾ ਖ਼ਿਆਲ।
ਲਾਡਲੇ ਦਾ ਜਦ ਆਵੇ ਨਾਨਕਾ ਪ੍ਰੀਵਾਰ,
ਘਰ ਚ ਸਾਨੂੰ ਚੜ੍ਹੇ ਗੋਡੇ ਗੋਡੇ ਚਾਅ।
ਨਾਨਕਾ ਪ੍ਰੀਵਾਰ ਭਣੇਵੇਂ ਨੂੰ ਲੈਂਦਾ,
ਜੱਫੀਆਂ 'ਚ ਤੇ ਵਿਖਾਂਦਾ ਤੋਹਫ਼ੇ ,
ਅੱਡੀ ਚੁੱਕ ਚੁੱਕ ਕਰੇ ਰੱਜਵਾਂ ਉਤਸ਼ਾਹ।
ਲਾਡਲਾ ਸਾਡਾ ਸਰਸਰੀ ਮਿਲਕੇ,
ਮੋਬਾਇਲ ਗੇਮ 'ਚ ਖੁੱਭੇ ਉਤਸ਼ਾਹ।
ਸੋਚਾਂ,ਇਕੱਲਤਾ ਦੀ ਕੈਸੀ ਰੋਗੀ ਹਵਾ ਏ,
ਹਵਾ 'ਚ ਦੈਂਤ ਏ ਪੂੰਜੀਵਾਦ ਤੇ ਨਿੱਜੀਕਰਨ,
ਉਪਜੀਵਕਾ ਦੀ ਚਿੰਤਾ ਨੂੰ ਜੋ ਸਰਾਪੇ ਤੇ,
ਉਡਾਂਦਾ ਘਰ ਦੀ ਰੌਣਕ ਬਚਪਣ ਚੋਂ ਰੂਹ,
ਤੇ ਜ਼ੈੱਨ ਜ਼ੀ ਅਲਫ਼ਾ ਨੂੰ ਨਾਨਕੇ ਦਾਦਕੇ,
ਆਣ ਜਾਣ ਦੇ ਚਾਵਾਂ ਨੂੰ ਪੌਂਦਾ ਢੱਠੇ ਖੂਹ।
ਸਾਡੇ ਤੇ ਪੁਰਖਿਆਂ ਚ ਰਹੀ ਏ ਛੁੱਟੀਆਂ,
ਸਕੂਲੀ ਚ ਨਾਨਕੇ ਮਿੱਟੀ ਦੀ ਖ਼ੁਸ਼ਬੂ।
ਇਕੱਲਤਾ ਹਵਾ ਦੇ ਰੋਗ ਚ ਏ ਅੱਜ,
ਘਰ ਘਰ ਨਹੀਂ ਏ, ਹੈ ਇੱਟਾਂ,
ਸੀਮੈਂਟ,ਬਜ਼ਰੀ ਦੀ ਜੂਹ,
ਉੱਡੀ ਪੁੱਡੀ ਪਈ ਜਿਸ ਚੋਂ ਪੁਰਖਿਆਂ ਦੀ ਰੂਹ।

-ਐੱਸ. ਪ੍ਰਸ਼ੋਤਮ

ਹੂਕ

ਕਰਦਾ ਹੈ ਦਿਲ ਦੁਆ ਸਦਾ ਆਬਾਦ ਰਹੇ ਵਤਨ,
ਗਾਵਾਂ ਤਰਾਨਾ ਪਿਆਰ ਦਾ ਨ ਉੱਜੜੇ ਕਦੇ ਚਮਨ।
ਅਮਨਾਂ ਦੀਆਂ ਘੁੱਗੀਆਂ ਨੂੰ ਅਚਿੰਤੇ ਪੈਣ ਨ ਬਾਜ,
ਲਾਉਣ ਅਕਾਸ਼ੀਂ ਉਡਾਰੀਆਂ ਨ ਕਰੇ ਕੋਈ ਦਫ਼ਨ।
ਚਿੜੀਆਂ,ਸ਼ਿਕਰੇ ਬਹਿ 'ਕੱਠੇ ਝੂਮਣ ਡਾਲ੍ਹੀਆਂ 'ਤੇ,
ਮਜ਼?ਹਬਾਂ ਦੀ ਚੋਗ ਪਾ ਕੇ ਨਾ ਕਰ ਸਕੇ ਕੋਈ ਦਮਨ।
ਬੱਕਰੀ ਨੂੰ ਖਾ ਜਾਣ ਲਈ ਬਹਾਨਾ ਨ ਬਣਾਵੇ ਸ਼ੇਰ,
ਸੜਕ 'ਤੇ ਮਰ ਗਿਆਂ ਨੂੰ ਵੀ ਨਸੀਬ ਹੋਵੇ ਕਫ਼ਨ।
ਜਨੂੰਨੀਆਂ ਨੇ ਲਾਇਆ ਹੈ ਜਾਤ,ਪਾਤ ਦਾ ਗ੍ਰਹਿਣ,
ਖਾ ਜਾਏ ਨਾ ਮਨੁੱਖ ਨੂੰ ਇਹ ਕੋਝਾ ਜਿਹਾ ਚਲਨ।
ਧਰਤੀ 'ਤੇ ਹਮਸਾਏ ਕਿਉਂ ਲੜ ਲੜ ਮਰ ਰਹੇ ਨੇ ,
ਝੋਰਾ ਹੈ ਦਿਲ ਨੂੰ ਵੱਧਦਾ ਹੋਇਆ ਇਹੋ ਗ਼ਬਨ।
ਕਲਮਾਂ ਵਾਲਿਓ ਜਾਗੋ ਰਲ਼ ਸੋਚੀਏ ਹੋਰ ਉਪਾਅ,
"ਨੂਰਪੁਰੀ"ਜੰਨਤ ਬਣੇ ਦੇਸ਼ ਰਹੇ ਵੱਸਦਾ ਅਮਨ।

-ਸੇਵਾ ਸਿੰਘ "ਨੂਰਪੁਰੀ

ਬਿਚਾਰੇ ਲੋਕ

ਸਾਡੇ ਘਰ ਨਾ ਸੰਗਿਆ ਕਰ ਤੂੰ ,
ਜੋ ਜੀਅ ਚਾਹੇ ਮੰਗਿਆ ਕਰ ਤੂੰ।
ਸਾਡੇ ਕੋਲ ਛੁਪਾਉਣ ਨੂੰ ਕੁੱਝ ਨਹੀਂ,
ਦਿਲ ਦੇ ਪਰਚਾਉਣ ਨੂੰ ਕੁੱਝ ਨਹੀਂ।
ਗ਼ਰੀਬੀ ਵਿੱਚ ਅਮੀਰ ਹਾਂ ਰੱਜ ਕੇ,
ਭੁੱਖੇ ਢਿੱਡ ਹਾਂ ਨ ਕਦੇ ਸੌਂਦੇ ਰੱਜ ਕੇ।
ਨ ਸਿਰ 'ਤੇ ਛੱਤ, ਸਰੀਰ ਅਧਕੱਜੇ,
ਨੰਗ ਮਲੰਗ ਹਾਂ ਪਰ ਰੂਹ ਦੇ ਰੱਜੇ।
ਸਿੱਧੇ ਸਾਦੇ ਹਾਂ, ਨਹੀਂ ਵਲ਼ ਫਰੇਬੀ,
ਵਫ਼ਾਦਾਰ ਹਾਂ ਰਹਿੰਦੀ ਖਾਲੀ ਜੇਬੀ।
ਮੰਗੇ ਹੱਕ, ਚੱਲੇ ਜ਼ੁਲਮ ਦਾ ਚੱਕਰ,
ਨਿਰਬਲ ਹਾਂ ਕਿੰਝ ਦੇਈਏ ਟੱਕਰ ?
ਮੁੱਦਤਾਂ ਤੋਂ ਇੰਝ ਹੀ ਜੂਨ ਹੰਢਾਉਂਦੇ,
ਮਨੂੰ ਸਿਮ੍ਰਿਤੀ ਦੇ ਕੀਰਨੇ ਪਾਉਂਦੇ।
ਸੰਵਿਧਾਨ ਵੀ ਹੋਇਆ ਬੌਣਾ ਜਾਪੇ,
ਜਿੰਦ ਫਸੀ ਹੈ ਸਦਾ ਵਿੱਚ ਸਿਆਪੇ।
ਕੰਮੀਆਂ ਦੇ ਅਲੱਗ ਕਿਉਂ ਵਿਹੜੇ ,
ਮਰ ਮਰ ਕੇ ਨਿੱਤ ਜਿਉਂਦੇ ਜਿਹੜੇ?
ਰਿਸ਼ਤੇ ਨਾਤੇ ਕਿਉਂ ਨਹੀਂ ਨੇ ਸਾਂਝੇ,
ਮਨੁੱਖੀ ਕਦਰਾਂ ਤੋਂ ਕਿਉਂ ਰੱਖੇ ਵਾਂਝੇ?
ਸਾਡਾ ਜੀਉਣਾ ਮਰਨਾ ਕਿਉਂ ਵੱਖ ਹੈ,
ਸਿਵਿਆਂ ਨੂੰ ਵੀ ਰਾਹ ਕਿਉਂ ਵੱਖ ਹੈ?
ਸਾਡੀ ਇੱਜ਼ਤ ਕਿਉਂ ਨਹੀਂ ਅਮੁੱਲ,
ਹਾਥਰਸ 'ਚ ਕੀਤੀ ਹੈ ਕਿਉਂ ਗੁੱਲ?
ਧਰਮ ਸਿਆਸਤ ਦੇ ਐ ਠੇਕੇਦਾਰੋ,
ਮੁੱਦੇ ਸਾਰੇ ਫਿਰ ਰਲ਼ ਸੋਚ ਵਿਚਾਰੋ।
ਮੰਗੀਏ ਵਤਨਾਂ ਦੀ ਇਕੱਠੇ ਹੋ ਖ਼ੈਰ,
ਸਾਂਝੀਵਾਲਤਾ ਨਾਲ਼ ਮੁਕਾਈਏ ਵੈਰ।

-ਸੇਵਾ ਸਿੰਘ 'ਨੂਰਪੁਰੀ'

ਇਕਲੌਵਿਆ

ਅਧਿਆਪਕ ਦਿਵਸ
ਮੌਕੇ ਤੇ ਹੀ ਨਹੀਂ
ਇਕਲੌਵਿਆ
ਹਰ ਰੋਜ਼
ਹਰ ਕਲਾਸ 'ਚ
ਮੇਰੇ ਨਾਲ ਤੁਰਦਾ
ਕਲਮ ਦੀ ਥਾਂ
ਕੱਟੇ ਅੰਗੂਠੇ ਨਾਲ
ਅੱਖਰਾਂ ਦੇ ਅੱਖਰ ਉਕਰਦਾ
ਅਦਬ ਨਾਲ ਭਰਿਆ
ਅੱਖਾਂ 'ਚ ਅੱਖਾਂ ਪਾ ਸਵਾਲ ਕਰਦਾ
ਬਹਿਸ ਲਈ ਬਹਿਸ ਨ੍ਹੀਂ ਕਰਦਾ
ਸਿੱਖਣ ਲਈ ਨੁਕਤਾ ਫੜਦਾ
ਨੁਕਤੇ ਨੂੰ ਕੱਟੇ ਅੰਗੂਠੇ ਨਾਲ
ਉਧੇੜਦਾ
ਨੁਕਤੇ ਦੀ ਤਹਿ 'ਚ
ਲਹਿ ਜਾਂਦਾ
ਸੋਚਦਾ ਹਾਂ
ਮੇਰੇ ਮੱਥੇ ਤੇ ਦਾਗ਼?ਆ
ਦਖੱਸ਼ਣਾ ਦਾ ਕਲੰਕ
ਕਿਸ ਗੁਰੂ ਦਾ ਸਰਾਪ ਹੈ?
ਕਾਸ਼!
ਅੱਜ ਵਿਦਿਆਰਥੀ ਦਿਵਸ ਹੁੰਦਾ
ਮੈਂ ਇਕਲੌਵਿਆ ਨੂੰ ਅੰਗੂਠਾ ਨ੍ਹੀਂ
ਸਿਰ ਭੇਟ ਕਰ ਦੇਣਾ ਸੀ।

-ਬਖ਼ਤੌਰ ਧਾਲੀਵਾਲ

ਖੇੜਾ

ਤਿੰਨ ਘੰਟੇ ਤੋਂ ਲਗਾਤਾਰ
ਕਦੇ ਛੰਮ ਛੰਮ
ਕਦੇ ਕਿਣਮਿਣ
ਕਦੇ ਰੁਕ ਰੁਕ ਵਰ੍ਹਦੇ
ਧਰਤੀ ਦੀ ਤਪਸ਼ ਭਜਾਉਂਦੇ
ਪਿਆਸ ਬੁਝਾਉਂਦੇ
ਕਾਲ਼ੇ ਕਾਲ਼ੇ ਬੱਦਲ਼
ਹਵਾ ਦੇ ਮੋਢਿਆਂ 'ਤੇ
ਚੜ੍ਹਕੇ ਗੜ ਗੜਾਉਂਦੇ
ਸ਼ਾਇਦ ਗੁੱਸੇ ਵਿੱਚ ਘੋਰਦੇ ਜਾਪਦੇ
ਦਰੱਖਤਾਂ ਨੂੰ ਝੂਮਣ ਲਾ ਦਿੰਦੇ
ਧਰਤੀ ਮਹਿਕ ਉੱਠਦੀ
ਬਨਸਪਤੀ ਲਹਿਰਾਉਂਦੀ
ਸ੍ਰਿਸ਼ਟੀ ਲਹਿਲਹਾਉਂਦੀ
ਪਰਿੰਦੇ ਚਹਿਕਦੇ
ਸਾਰੇ ਜੀਵ ਜੰਤੂ ਪ੍ਰਸੰਨ
ਕੁਦਰਤ ਦਾ ਇੱਕ ਅਨੋਖਾ
ਵਿਸਮਾਦੀ ਸੰਗੀਤ ਵੱਜਦਾ
ਕਿਤੇ ਕਿਤੇ ਸੂਰਜ ਦੇਵਤਾ
ਝਾਤੀ ਮਾਰਦਾ ਫਿਰ
ਸਤਰੰਗੀ ਪੀਂਘ ਪਾ ਕੇ
ਹੁਲਾਰੇ ਦਿੰਦੀ ਜਾਪਦੀ
ਖ਼ਿਆਲਾਂ ਉਡਾਰੀ ਬੁਲੰਦ ਕਰਦੀ
ਹੇਠ ਉੱਪਰ ਝੂਲਾ ਝੁਲਉਂਦੀ
ਛੋਟੀਆਂ ਛੋਟੀਆਂ ਬਦਲ਼ੀਆਂ
ਪੈਤੜੇ ਲੈਂਦੀਆਂ ਮਹਿਸੂਸ ਹੁੰਦੀਆਂ
ਕਿ ਕੋਈ ਸੁੱਕੀ ਥਾਂ ਨਾ ਬਚ ਜਾਏ
ਬੱਚੇ ਮੀਂਹ ਵਿੱਚ ਨਹਾਉਂਦੇ
ਗਭਰੂ ਤੇ ਬੁੱਢੇ ਸ਼ਾਬਾਸ਼ ਸ਼ਾਬਾਸ਼ ਕਰਦੇ
ਘਰਾਂ ਅੰਦਰ ਬੈਠੇ ਅਨੰਦ ਮਾਣਦੇ
ਸਿਆਣੇ ਕਹਿੰਦੇ ਹੁੰਦੇ ਸੀ ਕਿ
"ਸਾਵਣ ਵਿੱਚ ਤਾਂ ਸੁੱਕੇ ਹੱਡ ਵੀ
ਹਰੇ ਹੋ ਜਾਂਦੇ ਹਨ"
ਸੋ ਬਰਸਾਤ ਫ਼ਸਲਾਂ ਤੇ ਨਸਲਾਂ 'ਤੇ
ਜ਼ਿੰਦਗੀ ਦਾ ਸਰੂਰ ਭਰਦੀ ਤੇ
ਆਉਣ ਵਾਲੀਆਂ ਪੀੜ੍ਹੀਆਂ ਲਈ
ਸਦਾ ਹੱਸਣ ਤੇ ਵੱਸਣ ਦੀ
ਅਸੀਸ ਤੇ ਅਸ਼ੀਰਵਾਦ ਦਿੰਦੀ
ਜਾਪਦੀ ਹੈ।

-ਸੇਵਾ ਸਿੰਘ "ਨੂਰਪੁਰੀ''

ਪਾਸ਼ ਦੇ ਨਾਂ

ਉਸ ਨੂੰ ਜੇਲ੍ਹ ਵਿੱਚ
ਡੱਕ ਦਿੱਤਾ ਗਿਆ
ਇਕ ਵਾਰ ਨਹੀਂ
ਕਈ ਵਾਰ
ਜਦ ਵੀ ਉਸ ਨੇ
ਹਕੂਮਤ ਨੂੰ ਲਲਕਾਰਿਆ
ਤਾਂ ਜੇਲ੍ਹ ਦੇ ਬੂਹੇ
ਖੋਲ੍ਹ ਦਿੱਤੇ ਗਏ
ਉਹ ਕੈਦ 'ਚ ਹੁੰਦਾ
ਪਰ ਖ਼ਿਆਲ
ਆਜ਼ਾਦ ਅੱਖਰਾਂ 'ਚ
ਲਹੂ ਵਾਂਗ ਦੌੜ ਦੇ
ਨਿਡਰ ਹੋ ਘੁੰਮਦੇ....
ਹਾਕਮ ਨੂੰ ਤਾਂ ਛੱਡੋ
ਪਹਿਰਾ ਦਿੰਦੇ
ਸਿਪਾਹੀਆਂ ਨੂੰ ਵੀ
ਪਤਾ ਨਹੀਂ ਸੀ ਚੱਲਦਾ
ਕਦ ਖ਼ਿਆਲ
ਕਵਿਤਾ ਦੀ ਤਲਵਾਰ ਲੈ
ਤਖ਼ਤਾਂ ਨੂੰ
ਘੇਰਾ ਪਾ ਲੈਂਦੇ ਸੀ
ਤੇ ਉਧਰ
ਇਨਕਲਾਬੀ ਸ਼ਬਦਾਂ ਦੀ
ਗੋਦ 'ਚ ਪਿਆ ਪਾਸ਼
ਕਿਸੇ ਹੋਰ ਜੇਲ੍ਹ ਦਾ
ਬੂਹਾ ਖੁੱਲ੍ਹਣ ਦੀ
ਬੇਸਬਰੀ ਨਾਲ ਉਡੀਕ ਕਰਦਾ
ਉਹ ਕੈਦ ਹੋ ਕੇ ਵੀ
ਆਜ਼ਾਦ ਰਹਿੰਦਾ
ਇਤਿਹਾਸ ਗਵਾਹ ਹੈ
ਖ਼ਿਆਲਾਂ ਨੂੰ
ਸ਼ਬਦਾਂ ਨੂੰ ਕਵਿਤਾ ਨੂੰ
ਕੈਦ ਨਹੀਂ ਕੀਤਾ ਜਾ ਸਕਦਾ
ਤੇ ਇਨ੍ਹਾਂ ਸੰਗ ਜਿਉਣ ਵਾਲਾ
ਕਦੇ ਮਰਦਾ ਨਹੀਂ....।

-ਜਸਵੰਤ ਗਿੱਲ ਸਮਾਲਸਰ

ਯੁੱਗ ਵਿਗਿਆਨ ਦਾ

ਆਓ ਕੋਈ ਯੁੱਗ ਲੈ ਕੇ ਆਈਏ ਵਿਗਿਆਨ ਦਾ।
ਚਾਰੇ ਪਾਸੇ ਬੋਲਬਾਲਾ ਹੋ ਜਾਏ ਗਿਆਨ ਦਾ ।
ਆਓ ਕੋਈ ਯੁੱਗ ਲੈ ਕੇ ਆਈਏ ਵਿਗਿਆਨ ਦਾ।
ਯਾਰੋ ਸਤਿ ਯੁੱਗ ਵੇਖਿਆ ਦੁਆਪਰ ਤ੍ਰੇਤਾ ਵੇਖੇ।
ਕਲਿਯੁਗ ਆਇਆ ਗਏ ਭਰਮਾਂ ਨੂੰ ਮੱਥੇ ਟੇਕੇ।
ਵਹਿਮ ਫੈਲਾ ਕੇ ਕੋਈ ਸਰਾਪ ਤੇ ਵਰਦਾਨ ਦਾ।
ਆਓ ਕੋਈ ਯੁੱਗ ਲੈ ਕੇ ਆਈਏ ਵਿਗਿਆਨ ਦਾ।
ਚਾਰੇ ਪਾਸੇ ਬੋਲਬਾਲਾ ਹੋ ਜਾਏ ਗਿਆਨ ਦਾ ।
ਆਓ ਕੋਈ ਯੁੱਗ ਲੈ ਕੇ ਆਈਏ ਵਿਗਿਆਨ ਦਾ।
ਹੁਣ ਸੱਚ ਦੀ ਕੋਈ ਲੋਅ ਕਰੇ ਰੌਸ਼ਨ ਦਿਮਾਗਾਂ।
ਭਰਵਾਂ ਹੁੰਗਾਰਾ ਮਿਲੇ ਸਾਇੰਸ ਦੀਆਂ ਕਾਢਾਂ ਨੂੰ।
ਕੋਨਾ ਕੋਨਾ ਰੌਸ਼ਨ ਹੁਣ ਹੋ ਜਾਏ ਜਹਾਨ ਦਾ ।
ਆਓ ਕੋਈ ਯੁੱਗ ਲੈ ਕੇ ਆਈਏ ਵਿਗਿਆਨ ਦਾ।
ਚਾਰੇ ਪਾਸੇ ਬੋਲਬਾਲਾ ਹੋ ਜਾਏ ਗਿਆਨ ਦਾ ।
ਆਓ ਕੋਈ ਯੁੱਗ ਲੈ ਕੇ ਆਈਏ ਵਿਗਿਆਨ ਦਾ।
ਭਰਮਾਂ, ਪਖੰਡਾਂ, ਜਾਤਾਂ,ਧਰਮਾਂ ਦਾ ਨਾਸ਼ ਹੋਵੇ।
ਨਵੀਂ ਤਕਨੀਕ ਹੋਵੇ, ਨਵੀਂ ਕੋਈ ਆਸ ਹੋਵੇ।
ਚੰਗਾ ਕੋਈ ਤਰੀਕਾ ਹੋਵੇ ਬੰਦੇ ਦੀ ਪਹਿਚਾਣ ਦਾ।
ਆਓ ਕੋਈ ਯੁੱਗ ਲੈ ਕੇ ਆਈਏ ਵਿਗਿਆਨ ਦਾ।
ਚਾਰੇ ਪਾਸੇ ਬੋਲਬਾਲਾ ਹੋ ਜਾਏ ਗਿਆਨ ਦਾ ।
ਆਓ ਕੋਈ ਯੁੱਗ ਲੈ ਕੇ ਆਈਏ ਵਿਗਿਆਨ ਦਾ।
ਉਚ- ਨੀਚ, ਭੇਦ -ਭਾਵ ਵਾਲੇ ਹੰਝੂ ਪੂੰਝੇ ਜਾਣ।
ਹੰਕਾਰੀ ਤੇ ਘਮੰਡੀ ਸਭ ਲੱਗ ਕਿਸੇ ਖੂੰਜੇ ਜਾਣ।
ਲੱਗਦਾ ਨਹੀਂ ਜਿਹਨਾਂ ਤਾਈਂ ਬੰਦਾ ਬੰਦੇ ਹਾਣ ਦਾ।
ਆਓ ਕੋਈ ਯੁੱਗ ਲੈ ਕੇ ਆਈਏ ਵਿਗਿਆਨ ਦਾ।
ਚਾਰੇ ਪਾਸੇ ਬੋਲਬਾਲਾ ਹੋ ਜਾਏ ਗਿਆਨ ਦਾ ।
ਆਓ ਕੋਈ ਯੁੱਗ ਲੈ ਕੇ ਆਈਏ ਵਿਗਿਆਨ ਦਾ।
ਤਰੱਕੀਆਂ ਦੇ ਰਾਹ ਉੱਤੇ ਹੋਵੇ ਸਾਰਾ ਜੱਗ ਜੀ।
ਮਚੇ ਨਾ ਬਾਰੂਦ ਵਾਲੀ ਕਿਸੇ ਥਾਂ ਵੀ ਅੱਗ ਜੀ।
'ਪਾਲੀ' ਹੁੰਦਾ ਨਹੀਂ ਫਿਰ ਪੂਰਾ ਘਾਟਾ ਹੋਏ ਨੁਕਸਾਨ ਦਾ।
ਆਓ ਕੋਈ ਯੁੱਗ ਲੈ ਕੇ ਆਈਏ ਵਿਗਿਆਨ ਦਾ।
ਚਾਰੇ ਪਾਸੇ ਬੋਲਬਾਲਾ ਹੋ ਜਾਏ ਗਿਆਨ ਦਾ ।
ਆਓ ਕੋਈ ਯੁੱਗ ਲੈ ਕੇ ਆਈਏ ਵਿਗਿਆਨ ਦਾ।

-ਪਾਲੀ ਸਧੋਵਾਲ

"ਪੈਗਾਮ-ਏ-ਜਗਤ"
NEWS & WEB CHANNEL
HEAD OFFICE
F 388, Industrial Area,
Sector 74, Sahibzada Ajit
Singh Nagar, Punjab 160071
CONTACT : +91 9878862733, 9872340701
ਛੋਟਾ ਇਸ਼ਤਿਹਾਰ ਵੱਡਾ ਵਪਾਰ
"ਪੈਗਾਮ-ਏ-ਜਗਤ" ਵਿੱਚ ਕਿਸੇ ਵੀ ਤਰ੍ਹਾਂ ਦਾ ਕਲਾਸੀਫਾਈਡ ਜੋਤਿਸ਼, ਵਪਾਰ, ਨਾਮ ਪਰਿਵਰਤਨ, ਵਿਆਹ ਸੰਬੰਧੀ ਇਸ਼ਤਿਹਾਰ ਆਦਿ ਲਈ ਘਰ ਬੈਠੇ ਬੁਕਿੰਗ ਕਰੋ।

ਸਾਹਿਤਕੀ ਅਤੇ ਹੋਰ

ਅਕਲ ਕਿਸਨੂੰ? (ਮਿੰਨੀ ਕਹਾਣੀ)



ਮੈਂ ਤੇ ਮੇਰਾ ਦੋਸਤ ਸ਼ਾਮ ਨੂੰ ਖਾਣਾ ਖਾਣ ਮਗਰੋਂ ਨਿੱਤ ਦੀ ਆਦਤ ਅਨੁਸਾਰ ਘੁੰਮਣ ਨਿਕਲ ਤੁਰੇ। ਪਾਰਕ 'ਚ ਚੱਕਰ ਕਟਦਿਆਂ ਅਕਸਰ ਕੋਈ ਨਾ ਕੋਈ ਹਲਕਾ ਫੁੱਲਕਾ ਵਿਸ਼ਾ ਚੱਲ ਹੀ ਪੈਂਦਾ।

ਅੱਜ ਵਿਸ਼ਾ ਚੱਲਿਆ। ਮਨੁੱਖੀ ਅਕਲ ਦੇ ਮਾਅਰਕੇ।

ਇਨਸਾਨ ਨੇ ਅਕਲ ਦੇ ਬਲਬੂੱਤੇ ਕਿੰਨੀਆਂ ਲਾਭਕਾਰੀ ਅਤੇ ਦੂੱਜੇ ਪਾਸੇ ਵਿਨਾਸ਼ਕਾਰੀ ਖੋਜਾਂ ਕੀਤੀਆਂ ਨੇ। ਕਿੰਨੀ ਅਥਾਹ ਅਕਲ ਹੈ , ਏਸ ਮਨੁੱਖ ਨੂੰ ! ਕਿੱਧਰੇ ਪੰਛੀਆਂ ਵਾਂਗ ਹਵਾ 'ਚ ਉਡਾਰੀਆਂ ਮਾਰਦਾ ਫਿਰਦੈ। ਮੰਗਲ ਗ੍ਰਹਿ ਅਤੇ ਚੰਦਰਮਾਂ ਉੱਪਰ ਪਲਾਟ ਕਟਾਉਣ ਦੀਆਂ ਸਕੀਮਾਂ ਬਣਾ ਰਿਹੈ। ਮਿੰਟਾਂ ਸਕਿੰਟਾਂ 'ਚ ਸੱਤ ਸਮੁੰਦਰੋ ਪਾਰ ਸਿੱਧੀਆਂ ਗੱਲਾਂ ਬਾਤਾਂ ਵੀ ਕਰ ਲੈਂਦੈ ਸੁਨੇਹੇ ਭੇਜਣਾਂ ਤਾਂ ਹੁਣ ਚੁੱਟਕੀ ਦਾ ਕੰਮ ਹੋ ਗਿਐ। ਓਧਰ ਪ੍ਰਮਾਣੂ ਬੰਬਾਂ , ਮਿਜ਼ਾਈਲਾਂ ਦੀਆਂ ਵਿਨਾਸ਼ਕਾਰੀ ਖਬਰਾਂ ਵੀ ਖੂਬ ਕੰਨੀ ਪੈਂਦੀਆਂ ਨੇ। ਸੁਣਿਐ ਹੁਣ ਤਾਂ ਮਨੁੱਖ ਨੇ ਮਨੁੱਖ ਨੂੰ ਖਤਮ ਕਰਨ ਲਈ ਬਇਓ ਜੰਗ ਲਈ ਮਾਰੂ ਵਾਇਰਸ ਵਰਗੇ ਹਥਿਆਰ ਵੀ ਤਿਆਰ ਕਰਨ ਦੀ ਜਾਚ ਸਿੱਖ ਲਈ ਹੈ। ਅਖੇ ਨਾ ਖੜਕਾ ਨਾ ਦੜਕਾ। ਹੌਲੀ ਹੌਲੀ ਬੰਦਾ ਖਤਮ। ਭੁਸਰਿਆ ਮਨੁੱਖ ਪੂਰੀ ਕਾਇਨਾਤ ਤੇ ਕਬਜਾ ਕਰਨ ਦੀ ਹੋੜ 'ਚ ਲਗਾਤਾਰ ਅੱਗੇ ਵਧਦਾ ਹੀ ਜਾ ਰਿਹੈ। ਵਿਚਾਰਾਂ ਕਰਦੇ ਤੁਰੇ ਜਾ ਰਹੇ ਸਾਂ। ਦੋ ਵੀਰ ਜੱਫੀ ਪਾਈਂ। ਸ਼ਰਾਬ ਦੇ ਨਸ਼ੇ 'ਚ ਧੁੱਤ। ਡਿੱਕ ਡੋਲੇ ਖਾਂਦੇ ਸੜਕ ਪਾਰ ਕਰ ਰਹੇ ਸਨ। ਇੱਕ ਤਾਂ ਮਸਾਂ ਹੀ ਕਦਮ ਚੱਕ ਰਿਹਾ ਸੀ।

ਸਾਰੇ ਦਿਨ ਦਾ ਥੱਕਿਆ ਟੁੱਟਿਆ ਰਿਕਸ਼ੇ ਵਾਲਾ ਗਰੀਬੜਾ ਜਿਉਂ ਹੀ ਉਹਨਾਂ ਦੇ ਅੱਗਿਓ ਲੰਘਣ ਲੱਗਿਆ ਤਾਂ ਇੱਕ ਵੀਰ ਨੇ ਰਿਕਸ਼ਾ ਰੋਕਦਿਆਂ ਤਾੜ ਤਾੜ ਕਰਦੇ ਤਿੰਨ ਚਾਰ ਥੱਪੜ ਜੜਦਿਆਂ ਕੜਕਿਆ।

ਤੈਨੂੰ ਅਕਲ ਨੀ ! ਕਿਹਦੇ ਅੱਗੋਂ ਦੀ ਲੰਘ ਰਿਹੈਂ? ਪਹਿਲਾਂ ਤੇਰੇ ਪਤੰਦਰਾਂ ਨੂੰ ਲੰਘ ਲੈਣ ਦੇ! ਸਾਲਿ...........।

ਨਸ਼ੇ 'ਚ ਹੰਕਾਰ ਸਿਰ ਚੜ ਬੋਲ ਰਿਹਾ ਸੀ।

ਬੇਬੱਸ ਰਿਕਸ਼ੇ ਵਾਲਾ ਮਾੜਕੂ ਜਿਹਾ ਗਰੀਬ ਥੱਪੜ ਖਾਂਦਿਆਂ, ਬਿਨਾ ਕੁੱਝ ਬੋਲਿਆਂ ਨੀਵੀਂ ਪਾ ਅੱਖਾਂ ਭਰਦਾ ਤੁਰਦਾ ਬਣਿਆ। ਉਹ ਉਥੋਂ ਚਲੇ ਜਾਣ 'ਚ ਹੀ ਸਿਆਣਪ ਸਮਝ ਰਿਹਾ ਸੀ।

ਓ ਜਾਣ ਦੇ ਬਾਈ ਕਾਹਨੂੰ ਬਹਿਸਦੈਂ। ਛੋਟੇ ਮੋਟੇ ਅਨਪੜ ਬੰਦਿਆਂ ਨਾਲ! ਜਾਣ ਦੇ ਪਰਾਂ ਜਾਤ ਨੂੰ। ਕਾਹਨੂੰ ਮੂੰਹ ਲਾਉਣੈ। ਇਹਨਾਂ ਨੂੰ ਅਕਲ ਉਕਲ ਘੱਟ ਈ ਹੁੰਦੀ ਆ। ਕਿੱਥੇ ਰਾਜਾ ਭੋਜ ਤੇ ਕਿੱਥੇ ਇਹ ਗੰਗੂ ਤੇਲੀ। ਆ ਜਾ ਬਾਈ ਆਪਾਂ ਆਪਣੇ ਰਾਹ। ਐਵੇਂ ਟਾਈਮ ਬਰਵਾਦ ਹੋਊ।

ਦੂੱਜੇ ਸ਼ਰਾਬੀ ਨੇ ਵੀ ਨਸ਼ਾ ਖਰਾ ਕਰਦਿਆਂ ਹਾਜਰੀ ਲਵਾਈ।

ਸਾਨੂੰ ਸਮਝ ਆ ਚੁੱਕੀ ਸੀ ਕਿ ਅਕਲ ਕਿਸਨੂੰ ਨਹੀਂ ?

ਰਹਿੰਦੀ ਸੈਰ ਮਨੁੱਖੀ ਹੈਂਕੜ ਦੇ ਸਾਏ 'ਚ ਸ਼ਾਂਤ ਚਿੱਤ ਮਸਾਂ ਪੂਰੀ ਕੀਤੀ।

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ (ਸਕਾਊਟਿੰਗ)

ਜਲ ਬਚੇਗਾ ਤਾਂ ਪੰਜਾਬ ਬਚੇਗਾ



ਪੰਜਾਬ ਨੂੰ ਸਦੀਆਂ ਤੋਂ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ। ਇਹ ਧਰਤੀ ਆਪਣੀ ਉਪਜਾਊ ਮਿੱਟੀ, ਹਰਿਆਲੀ ਅਤੇ ਭਰਪੂਰ ਪਾਣੀ ਕਾਰਨ ਦੇਸ਼ ਦਾ ਅੰਨ ਭੰਡਾਰ ਬਣੀ। ਪਰ ਅੱਜ ਇਹੀ ਪੰਜਾਬ ਇੱਕ ਗੰਭੀਰ ਜਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਹਰ ਸਾਲ ਹੇਠਾਂ ਜਾ ਰਿਹਾ ਹੈ, ਦਰਿਆਵਾਂ ਦਾ ਪਾਣੀ ਘਟ ਰਿਹਾ ਹੈ ਅਤੇ ਜਲਵਾਯੂ ਪਰਿਵਰਤਨ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਜੇਕਰ ਅਸੀਂ ਹੁਣ ਵੀ ਨਾ ਸੰਭਲੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਨੂੰ ਪਾਣੀ ਲਈ ਸੰਘਰਸ਼ ਕਰਨਾ ਪਵੇਗਾ। ਇਸ ਲਈ ਅੱਜ ਦਾ ਸਭ ਤੋਂ ਵੱਡਾ ਸੰਦੇਸ਼ ਹੈ—ਜਲ ਬਚੇਗਾ ਤਾਂ ਪੰਜਾਬ ਬਚੇਗਾ।

ਡਿੱਗਦਾ ਭੂ-ਜਲ ਪੱਧਰ

ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਵਿੱਚ ਟਿਊਬਵੈੱਲਾਂ ਰਾਹੀਂ ਬੇਹਿਸਾਬ ਪਾਣੀ ਕੱਢਿਆ ਜਾ ਰਿਹਾ ਹੈ। ਝੋਨੇ ਵਰਗੀਆਂ ਵੱਧ ਪਾਣੀ ਮੰਗਣ ਵਾਲੀਆਂ ਫ਼ਸਲਾਂ ਦੀ ਲਗਾਤਾਰ ਖੇਤੀ ਨੇ ਧਰਤੀ ਹੇਠਲੇ ਪਾਣੀ ਦੇ ਭੰਡਾਰਾਂ 'ਤੇ ਭਾਰੀ ਦਬਾਅ ਪਾਇਆ ਹੈ। ਕਈ ਇਲਾਕਿਆਂ ਵਿੱਚ ਪਾਣੀ ਪਹਿਲਾਂ ਨਾਲੋਂ ਕਈ ਗੁਣਾ ਡੂੰਘਾਈ ਤੋਂ ਮਿਲ ਰਿਹਾ ਹੈ। ਇਸ ਨਾਲ ਕਿਸਾਨਾਂ ਦੀ ਲਾਗਤ ਵੀ ਵਧ ਰਹੀ ਹੈ ਅਤੇ ਭਵਿੱਖ ਲਈ ਚਿੰਤਾ ਵੀ।

ਜਲ ਸੰਕਟ ਦੇ ਮੁੱਖ ਕਾਰਨ

ਪਾਣੀ ਦੀ ਕਮੀ ਦਾ ਕਾਰਨ ਕੇਵਲ ਘੱਟ ਵਰਖਾ ਨਹੀਂ ਹੈ। ਇਸ ਦੇ ਕਈ ਮਨੁੱਖੀ ਕਾਰਨ ਵੀ ਹਨ—

- ਝੋਨੇ ਦੀ ਵੱਧ ਖੇਤੀ ਅਤੇ ਫ਼ਸਲੀ ਵਿਭਿੰਨਤਾ ਦੀ ਘਾਟ।
- ਵਰਖਾ ਦੇ ਪਾਣੀ ਨੂੰ ਸੰਭਾਲਣ ਦੀ ਕਮੀ।
- ਰਵਾਇਤੀ ਤਲਾਬਾਂ ਅਤੇ ਜਲ ਸਰੋਤਾਂ ਦਾ ਖ਼ਤਮ ਹੋਣਾ।
- ਸ਼ਹਿਰੀਕਰਨ ਅਤੇ ਕੰਕਰੀਟ ਦੇ ਫੈਲਾਅ ਕਾਰਨ ਪਾਣੀ ਦਾ ਧਰਤੀ ਵਿੱਚ ਨਾ ਸਮਾਉਣਾ।
- ਉਦਯੋਗਿਕ ਅਤੇ ਘਰੇਲੂ ਪਾਣੀ ਦੀ ਬਰਬਾਦੀ।
- ਜਲਵਾਯੂ ਪਰਿਵਰਤਨ ਕਾਰਨ ਅਨਿਯਮਿਤ ਵਰਖਾ।

ਖੇਤੀ 'ਤੇ ਗੰਭੀਰ ਪ੍ਰਭਾਵ

ਪੰਜਾਬ ਦੀ ਆਰਥਿਕਤਾ ਦਾ ਵੱਡਾ ਹਿੱਸਾ ਖੇਤੀ 'ਤੇ ਨਿਰਭਰ ਕਰਦਾ ਹੈ। ਜੇਕਰ ਭੂ-ਜਲ ਲਗਾਤਾਰ ਘਟਦਾ ਰਿਹਾ ਤਾਂ ਖੇਤੀ ਦੀ ਲਾਗਤ ਵਧੇਗੀ, ਉਤਪਾਦਨ ਘਟੇਗਾ ਅਤੇ ਕਿਸਾਨਾਂ ਦੀਆਂ ਮੁਸ਼ਕਲਾਂ ਹੋਰ ਵਧਣਗੀਆਂ। ਭਵਿੱਖ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਵੀ ਗੰਭੀਰ ਹੋ ਸਕਦੀ ਹੈ।

ਹੱਲ ਕੀ ਹਨ?

ਇਸ ਸੰਕਟ ਤੋਂ ਬਚਣਾ ਅਸੰਭਵ ਨਹੀਂ, ਪਰ ਇਸ ਲਈ ਸਾਂਝੇ ਯਤਨਾਂ ਦੀ ਲੋੜ ਹੈ।

- ਝੋਨੇ ਦੀ ਥਾਂ ਘੱਟ ਪਾਣੀ ਵਾਲੀਆਂ ਫ਼ਸਲਾਂ ਨੂੰ ਉਤਸ਼ਾਹਿਤ ਕੀਤਾ ਜਾਵੇ।
- ਡ੍ਰਿਪ ਅਤੇ ਸਪ੍ਰਿੰਕਲਰ ਸਿੰਚਾਈ ਵਰਗੀਆਂ ਆਧੁਨਿਕ ਤਕਨੀਕਾਂ ਨੂੰ ਅਪਣਾਇਆ ਜਾਵੇ।
- ਹਰ ਪਿੰਡ ਅਤੇ ਸ਼ਹਿਰ ਵਿੱਚ ਵਰਖਾ ਦੇ ਪਾਣੀ ਦੀ ਸੰਭਾਲ (Rainwater Harvesting) ਲਾਜ਼ਮੀ ਬਣਾਈ ਜਾਵੇ।
- ਪੁਰਾਣੇ ਤਲਾਬਾਂ, ਛੱਪੜਾਂ ਅਤੇ ਜਲ ਸਰੋਤਾਂ ਨੂੰ ਮੁੜ ਜੀਵੰਤ ਕੀਤਾ ਜਾਵੇ।
- ਰੁੱਖ ਲਗਾਉਣ ਅਤੇ ਜੰਗਲਾਂ ਦਾ ਰਕਬਾ ਵਧਾਇਆ ਜਾਵੇ।
- ਪਾਣੀ ਦੀ ਬੇਲੋੜੀ ਵਰਤੋਂ ਨੂੰ ਰੋਕਣ ਲਈ ਲੋਕਾਂ ਵਿੱਚ ਜਾਗਰੂਕਤਾ ਫੈਲਾਈ ਜਾਵੇ।

ਹਰ ਨਾਗਰਿਕ ਦੀ ਜ਼ਿੰਮੇਵਾਰੀ

ਜਲ ਸੰਭਾਲ ਸਿਰਫ਼ ਸਰਕਾਰ ਜਾਂ ਕਿਸਾਨਾਂ ਦੀ ਜ਼ਿੰਮੇਵਾਰੀ ਨਹੀਂ। ਹਰ ਘਰ, ਹਰ ਸਕੂਲ ਅਤੇ ਹਰ ਸੰਸਥਾ ਨੂੰ ਪਾਣੀ ਦੀ ਇੱਕ-ਇੱਕ ਬੂੰਦ ਦੀ ਕਦਰ ਕਰਨੀ ਪਵੇਗੀ। ਟਪਕਦੇ ਨਲ ਬੰਦ ਕਰਨਾ, ਲੋੜ ਅਨੁਸਾਰ ਹੀ ਪਾਣੀ ਵਰਤਣਾ, ਵਰਖਾ ਦਾ ਪਾਣੀ ਇਕੱਠਾ ਕਰਨਾ ਅਤੇ ਬੱਚਿਆਂ ਵਿੱਚ ਜਲ ਸੰਭਾਲ ਦੀ ਆਦਤ ਪੈਦਾ ਕਰਨਾ ਸਾਡੇ ਸਾਂਝੇ ਫ਼ਰਜ਼ ਹਨ।

ਭਵਿੱਖ ਦੀ ਸੋਚ

ਜੇ ਅਸੀਂ ਅੱਜ ਜਲ ਸੰਭਾਲ ਨੂੰ ਆਪਣੀ ਜੀਵਨਸ਼ੈਲੀ ਦਾ ਹਿੱਸਾ ਬਣਾ ਲਈਏ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਦੀ ਕਮੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਪਰ ਜੇ ਅਸੀਂ ਲਾਪਰਵਾਹ ਰਹੇ ਤਾਂ ਪੰਜਾਬ ਦੀ ਹਰਿਆਲੀ, ਖੇਤੀ ਅਤੇ ਆਰਥਿਕ ਖ਼ੁਸ਼ਹਾਲੀ ਸਭ ਖ਼ਤਰੇ ਵਿੱਚ ਪੈ ਸਕਦੀ ਹੈ।

ਸਿੱਟਾ

ਪਾਣੀ ਕੁਦਰਤ ਦਾ ਸਭ ਤੋਂ ਕੀਮਤੀ ਤੋਹਫ਼ਾ ਹੈ। ਇਸ ਦਾ ਕੋਈ ਬਦਲ ਨਹੀਂ। ਪੰਜਾਬ ਦੀ ਪਹਿਚਾਣ, ਖੇਤੀਬਾੜੀ, ਆਰਥਿਕਤਾ ਅਤੇ ਲੋਕਾਂ ਦੀ ਜ਼ਿੰਦਗੀ ਪਾਣੀ ਨਾਲ ਹੀ ਜੁੜੀ ਹੋਈ ਹੈ। ਇਸ ਲਈ ਸਮਾਂ ਆ ਗਿਆ ਹੈ ਕਿ ਅਸੀਂ ਪਾਣੀ ਨੂੰ ਅਸੀਮ ਸੰਸਾਧਨ ਨਹੀਂ, ਸਗੋਂ ਇੱਕ ਸੀਮਤ ਅਤੇ ਅਮੋਲਕ ਧਰੋਹਰ ਸਮਝੀਏ।

ਜੇ ਅਸੀਂ ਅੱਜ ਪਾਣੀ ਦੀ ਹਰ ਬੂੰਦ ਬਚਾਵਾਂਗੇ, ਤਾਂ ਹੀ ਕੱਲ੍ਹ ਪੰਜਾਬ ਦੀ ਹਰਿਆਲੀ, ਖ਼ੁਸ਼ਹਾਲੀ ਅਤੇ ਜੀਵਨ ਬਚੇਗਾ। ਅਸਲ ਵਿੱਚ, ਜਲ ਬਚੇਗਾ ਤਾਂ ਪੰਜਾਬ ਬਚੇਗਾ ਸਿਰਫ਼ ਇੱਕ ਨਾਅਰਾ ਨਹੀਂ, ਸਗੋਂ ਸਾਡੇ ਭਵਿੱਖ ਦੀ ਸੁਰੱਖਿਆ ਦਾ ਸੰਕਲਪ ਹੈ।

ਸ.ਫ਼ਾ 1 ਦਾ ਬਾਕੀ...

ਭਾਜਪਾ ਨੇ 'ਆਪ'...

'ਆਪ' ਸਰਕਾਰ ਉੱਤੇ ਲਾਗੂ ਕੀਤਾ ਜਾਵੇ। ਢਿੱਲੋ ਨੇ ਕਿਹਾ ਕਿ ਜਿਸ ਸਰਕਾਰ ਕੋਲ ਆਪਣੇ ਮੁਲਾਜ਼ਮਾਂ ਨੂੰ ਦੇਣ ਲਈ ਪੈਸੇ ਨਹੀਂ ਹਨ, ਉਹ ਸੂਬੇ ਦਾ ਵਿਕਾਸ ਕਿੱਥੋਂ ਕਰ ਸਕਦੀ ਹੈ। ਢਿੱਲੋ ਨੇ ਦੋਸ਼ ਲਾਇਆ ਕਿ 'ਆਪ' ਸਰਕਾਰ ਦੇ ਕੁਸ਼ਾਸਨ ਨੇ ਸੂਬੇ ਨੂੰ ਆਰਥਿਕ ਸੰਕਟ ਵਿੱਚ ਧੱਕ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਮੁਲਾਜ਼ਮਾਂ ਨੂੰ ਧਮਕੀਆਂ ਦੇਣ ਨਾਲ ਉਨ੍ਹਾਂ ਦੇ ਹੱਕ ਨਹੀਂ ਦਬਾਏ ਜਾ ਸਕਦੇ, ਕਿਉਂਕਿ ਪੰਜਾਬ ਦੇ ਮੁਲਾਜ਼ਮਾਂ ਨੂੰ ਪ੍ਰਚਾਰ ਨਹੀਂ ਸਗੋਂ ਅਸਲ ਸੁਸ਼ਾਸਨ ਅਤੇ ਕੰਮ ਚਾਹੀਦਾ ਹੈ। ਭਾਜਪਾ ਆਗੂ ਨੇ ਐਲਾਨ ਕੀਤਾ ਕਿ ਮੁਲਾਜ਼ਮ ਵਰਗ ਦੇ ਸੰਘਰਸ਼ ਵਿੱਚ ਭਾਜਪਾ ਚੱਟਾਨ ਵਾਂਗ ਨਾਲ ਖੜ੍ਹੀ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਦਿਆਂ ਹੀ 'ਆਪ' ਸਰਕਾਰ ਵੱਲੋਂ ਮੁਲਾਜ਼ਮਾਂ ਦੀ ਕੱਟੀ ਗਈ ਤਨਖਾਹ ਅਤੇ ਡੀ.ਏ. ਦੇ ਬਕਾਏ ਵਿਆਜ ਸਮੇਤ ਵਾਪਸ ਕੀਤੇ ਜਾਣਗੇ।

ਅਦਾਲਤ ਦਾ ਜਸਟਿਸ...

ਪਟੀਸ਼ਨਰ ਦੇ ਵਕੀਲ ਨੇ ਅਰਜ਼ੀ 'ਤੇ ਐਕਸ-ਪਾਰਟੀ (ਇੱਕਤਰਫਾ) ਸੁਣਵਾਈ ਅਤੇ ਅਗਲੀ ਤਾਰੀਖ ਤੱਕ ਆਰਜ਼ੀ ਹੁਕਮ ਦੇਣ ਦੀ ਅਪੀਲ ਕੀਤੀ ਸੀ। ਵਕੀਲ ਨੇ ਦਲੀਲ ਦਿੱਤੀ ਕਿ ਪਟੀਸ਼ਨਰ ਦੇ ਹੱਕ ਵਿੱਚ ਮਜ਼ਬੂਤ ਪ੍ਰਾਈਮਾ ਫੇਸੀ (ਮੁੱਢਲਾ) ਕੇਸ ਬਣਦਾ ਹੈ ਅਤੇ ਸਹੂਲਤ ਦਾ ਸੰਤੁਲਨ ਵੀ ਉਸ ਦੇ ਪੱਖ ਵਿੱਚ ਹੈ। ਜੇਕਰ ਹੁਕਮ ਜਾਰੀ ਨਹੀਂ ਕੀਤਾ ਜਾਂਦਾ ਹੈ, ਤਾਂ ਪਟੀਸ਼ਨਰ ਨੂੰ ਨੁਕਸਾਨ ਹੋਵੇਗਾ ਅਤੇ ਸੱਟ ਪਹੁੰਚੇਗੀ ਜਿਸ ਦੀ ਕਿਸੇ ਵੀ ਤਰ੍ਹਾਂ ਭਰਪਾਈ ਨਹੀਂ ਕੀਤੀ ਜਾ ਸਕਦੀ।

ਭਗਵੰਤ ਮਾਨ ਵਿੱਤ...

ਉਨ੍ਹਾਂ ਨੇ ਵਿੱਤ ਮੰਤਰੀ ਤੋਂ ਸਿਰਫ਼ ਇਹ ਸਵਾਲ ਕੀਤਾ ਸੀ ਕਿ ਸਰਕਾਰ ਨਸ਼ਿਆਂ ਦੇ ਕਾਰੋਬਾਰ ਨੂੰ ਰੋਕਣ ਵਿੱਚ ਇੰਨੀ ਬੁਰੀ ਤਰ੍ਹਾਂ ਕਿਉਂ ਨਾਕਾਮ ਰਹੀ ਹੈ। ਰਾਹੁਲ ਗਾਂਧੀ ਦੇ ਮੁਤਾਬਕ, ਇਸ ਸਵਾਲ ਤੋਂ ਬਾਅਦ ਗੁਲਜ਼ਾਰ ਸਿੰਘ ਨੂੰ ਕਥਿਤ ਤੌਰ 'ਤੇ ਤੰਗ-ਪ੍ਰੇਸ਼ਾਨ ਅਤੇ ਬੇਇੱਜ਼ਤ ਕੀਤਾ ਗਿਆ। ਉਨ੍ਹਾਂ 'ਤੇ ਮੁਆਫ਼ੀ ਮੰਗਣ ਲਈ ਦਬਾਅ ਬਣਾਇਆ ਗਿਆ, ਜਿਸ ਤੋਂ ਬਾਅਦ ਉਨ੍ਹਾਂ ਨੇ ਜ਼ਹਿਰ ਖਾ ਲਿਆ।

'ਲਾਸ਼ਾਂ 'ਤੇ ਸਿਆਸਤ...

ਲਾਇਆ ਕਿ 'ਆਪ' ਸਰਕਾਰ ਤਹਿਤ ਇੱਕ 'ਖ਼ਤਰਨਾਕ ਪੈਟਰਨ' ਉਭਰ ਰਿਹਾ ਹੈ ਕਿ ਜੇ ਕੋਈ ਨਾਕਾਮੀਆਂ ਬਾਰੇ ਸਵਾਲ ਕਰਦਾ ਹੈ, ਤਾਂ ਉਸ ਦਾ ਜਵਾਬ ਧਮਕੀਆਂ ਅਤੇ ਤਸ਼ੱਦਦ ਦੇ ਰੂਪ ਵਿੱਚ ਮਿਲਦਾ ਹੈ। ਕਾਂਗਰਸ ਨੇਤਾ ਨੂੰ ਜਵਾਬ ਦਿੰਦਿਆਂ ਮਾਨ ਨੇ ਕਿਹਾ, "ਰਾਹੁਲ ਗਾਂਧੀ ਜੀ, ਲਾਸ਼ਾਂ ਉੱਤੇ ਸਿਆਸਤ ਨਾ ਕਰੋ, ਪੰਜਾਬੀਆਂ ਨੂੰ ਇਸ ਕਿਸਮ ਦੀ ਸਿਆਸਤ ਪਸੰਦ ਨਹੀਂ ਹੈ। ਉਨ੍ਹਾਂ ਇੱਕ ਵੀਡੀਓ ਕਲਿੱਪ ਸਾਂਝੀ ਕਰਦਿਆਂ ਕਿਹਾ, "ਇਸ ਨੂੰ ਦੇਖੋ, ਜਦੋਂ ਕਾਂਗਰਸੀ ਨੇਤਾ ਪੀੜਤ ਦੇ ਪਿੰਡ ਗਏ ਅਤੇ ਇਸ ਗੰਦੀ ਸਿਆਸਤ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕੀਤੀ, ਤਾਂ ਲੋਕਾਂ ਨੇ ਉਨ੍ਹਾਂ ਨੂੰ ਭਜਾ ਦਿੱਤਾ।"ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਨੇ ਪਹਿਲਾਂ ਹੀ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਦੌਰਾਨ ਮੁੱਖ ਮੰਤਰੀ ਮਾਨ ਨੇ ਪੰਜਾਬ ਵਿੱਚ ਨਸ਼ੇ ਦੀ ਲਤ ਦੇ ਫੈਲਣ ਲਈ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ, " ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ।"

ਇਨਫਲੂਐਂਸਰ ਮਨਜੀਤ ਕੌਰ...

ਕਿ ਉਸ ਨੇ ਸਿਰਫ਼ ਰਿੰਕੂ ਦਾ ਸਾਥ ਦਿੱਤਾ ਸੀ। ਉੱਥੇ ਹੀ ਸਰੋਤਾਂ ਅਨੁਸਾਰ ਪਿੰਦਾ ਨੇ ਦੱਸਿਆ ਕਿ ਰਿੰਕੂ ਮਨਜੀਤ ਕੌਰ ਨਾਲ ਰਿਸ਼ਤੇ ਵਿੱਚ ਸੀ। ਹਾਲਾਂਕਿ ਪੁਲਿਸ ਵੱਲੋਂ ਅਜੇ ਇਸ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ। ਪੁਲਿਸ ਅਨੁਸਾਰ ਮਨਜੀਤ ਕੌਰ ਲਗਭਗ ਤਿੰਨ ਮਹੀਨੇ ਦੀ ਗਰਭਵਤੀ ਸੀ। ਜਾਂਚ ਦੌਰਾਨ ਗਰਭ ਵਿੱਚ ਪਲ ਰਹੇ ਬੱਚੇ ਨੂੰ ਲੈ ਕੇ ਵੀ ਵਿਵਾਦ ਦੀ ਗੱਲ ਸਾਹਮਣੇ ਆਈ ਹੈ। ਹਾਲਾਂਕਿ ਬੱਚੇ ਦੇ ਪਿਤਾ ਅਤੇ ਵਿਵਾਦ ਨਾਲ ਜੁੜੇ ਹੋਰ ਤੱਥਾਂ ਦੀ ਡੀ.ਐੱਨ.ਏ ਟੈਸਟ ਤੋਂ ਬਾਅਦ ਹੀ ਪੁਸ਼ਟੀ ਹੋ ਸਕੇਗੀ। ਸੋਸ਼ਲ ਮੀਡੀਆ ਇਨਫਲੂਐਂਸਰ ਮਨਜੀਤ ਕੌਰ ਦੇ ਅਗਵਾ ਅਤੇ ਕਤਲ ਦੇ ਮਾਮਲੇ ਵਿੱਚ ਚੰਡੀਗੜ੍ਹ ਪੁਲਿਸ ਨੇ ਪਹਿਲੀ ਗ੍ਰਿਫ਼ਤਾਰੀ ਕੀਤੀ ਹੈ । ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਪੰਜਾਬ ਦੇ ਕਪੂਰਥਲਾ ਨਿਵਾਸੀ ਪਰਮਿੰਦਰ ਸਿੰਘ ਉਰਫ਼ ਪਿੰਦਾ ਵਜੋਂ ਹੋਈ ਹੈ। ਉੱਥੇ ਹੀ ਮਾਮਲੇ ਵਿੱਚ ਦੋ ਹੋਰ ਮੁਲਜ਼ਮ ਰਿੰਕੂ ਅਤੇ ਸ਼ੁਭੀ ਅਜੇ ਫ਼ਰਾਰ ਹਨ। ਪੁਲਿਸ ਟੀਮਾਂ ਦੋਹਾਂ ਦੀ ਭਾਲ ਵਿੱਚ ਲਗਾਤਾਰ ਛਾਪੇਮਾਰੀ ਕਰ ਰਹੀਆਂ ਹਨ।

ਕੈਨੇਡਾ ਨੇ ਅਮਰੀਕਾ...

ਸਾਲਾਨਾ ਲਗਭਗ 1.1 ਮਿਲੀਅਨ ਸਿੰਗਾਪੁਰ ਡਾਲਰ (82 ਮਿਲੀਅਨ) ਮਿਲਦੇ ਹਨ। ਇਹ ਨਵੀਂ ਪ੍ਰਣਾਲੀ ਦੇ ਤਹਿਤ ਲਗਭਗ 1.2 ਮਿਲੀਅਨ ਸਿੰਗਾਪੁਰ ਡਾਲਰ (89.5 ਮਿਲੀਅਨ) ਤੱਕ ਵਧ ਜਾਵੇਗਾ। ਵੋਂਗ ਦੇ ਅਨੁਸਾਰ, ਮੌਜੂਦਾ ਸਰਕਾਰ ਦੇ ਕਾਰਜਕਾਲ ਦੇ ਅੰਤ ਤੱਕ, ਜ਼ਿਆਦਾਤਰ ਮੰਤਰੀ 1.35 ਮਿਲੀਅਨ ਸਿੰਗਾਪੁਰ ਡਾਲਰ (ਲਗਭਗ 100 ਮਿਲੀਅਨ) ਤੱਕ ਕਮਾ ਸਕਦੇ ਹਨ। ਇਸ ਤਨਖਾਹ ਦਾ ਇੱਕ ਹਿੱਸਾ ਸਰਕਾਰ ਦੇ ਪ੍ਰਦਰਸ਼ਨ 'ਤੇ ਨਿਰਭਰ ਕਰੇਗਾ।

ਹਿਜ਼ਬੁਲ ਮੁਜਾਹਿਦੀਨ ਦਾ...

ਦੱਸਿਆ ਕਿ ਮੰਜ਼ੂਰ ਅਹਿਮਦ ਭੱਟ ਹਿਜ਼ਬੁਲ ਮੁਜਾਹਿਦੀਨ ਦਾ ਸਾਬਕਾ ਅੱਤਵਾਦੀ ਹੈ ਤੇ ਉਸ ਨੂੰ ਪਹਿਲਾਂ ਵੀ ਦੋ ਮਾਮਲਿਆਂ 'ਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸ ਸਬੰਧੀ ਹੰਦਵਾੜਾ ਥਾਣੇ 'ਚ ਐੱਫਆਈਆਰ ਨੰਬਰ 232 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਏਜੰਸੀਆਂ ਹੁਣ ਇਹ ਪਤਾ ਲਗਾਉਣ 'ਚ ਜੁਟੀਆਂ ਹਨ ਕਿ ਇਸ ਮਾਡਿਊਲ 'ਚ ਮੁਲਜ਼ਮ ਦੇ ਨਾਲ ਹੋਰ ਕੌਣ-ਕੌਣ ਲੋਕ ਜੁੜੇ ਹੋਏ ਹਨ ਤੇ ਖੇਤਰ 'ਚ ਉਸ ਦੀਆਂ ਗਤੀਵਿਧੀਆਂ ਦਾ ਨੈੱਟਵਰਕ ਕਿੰਨਾ ਫੈਲਿਆ ਹੋਇਆ ਹੈ। ਪੁਲਿਸ ਹੋਰ ਸ਼ੱਕੀ ਵਿਅਕਤੀਆਂ ਤੇ ਉਨ੍ਹਾਂ ਦੀ ਭੂਮਿਕਾ ਦੀ ਵੀ ਜਾਂਚ ਕਰ ਰਹੀ ਹੈ।


'ਤੁਹਾਡੀ ਹਿੰਮਤ ਕਿਵੇਂ...

ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ, ਸੀਨੀਅਰ ਵਕੀਲ ਵਿਸ਼ਵਜੀਤ ਭੱਟਾਚਾਰੀਆ ਨੇ ਜ਼ੁਬਾਨੀ ਤੌਰ 'ਤੇ ਸੀਜੇਆਈ ਦੀ ਅਗਵਾਈ ਵਾਲੇ ਬੈਂਚ ਨੂੰ ਮਾਮਲੇ ਤੋਂ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਕਾਰਜਕਾਰੀ ਮੈਜਿਸਟਰੇਟ ਨੇ ਵਿਦਿਆਰਥੀ ਨੂੰ ਇੱਕ ਨੋਟਿਸ ਜਾਰੀ ਕੀਤਾ ਸੀ ਜਿਸ ਵਿੱਚ ਪੁੱਛਿਆ ਗਿਆ ਸੀ ਕਿ ਸ਼ਾਂਤੀ ਬਣਾਈ ਰੱਖਣ ਲਈ 5 ਲੱਖ ਰੁਪਏ ਦਾ ਨਿੱਜੀ ਮੁਚਲਕਾ ਕਿਉਂ ਨਾ ਲਗਾਇਆ ਜਾਵੇ। ਬਾਅਦ ਵਿੱਚ ਨੋਟਿਸ ਵਾਪਸ ਲੈ ਲਿਆ ਗਿਆ। ਐਡਵੋਕੇਟ ਭੱਟਾਚਾਰੀਆ ਨੇ ਸੁਪਰੀਮ ਕੋਰਟ ਨੂੰ ਦੱਸਿਆ, ਭਾਰਤ ਦੇ ਵਿਦਿਆਰਥੀਆਂ 'ਤੇ ਇੱਕ ਪ੍ਰਯੋਗ ਕੀਤਾ ਜਾ ਰਿਹਾ ਹੈ। ਇਸ ਦੇ ਦੇਸ਼ ਭਰ ਵਿੱਚ ਨਤੀਜੇ ਨਿਕਲਣਗੇ। ਪਹਿਲਾਂ, ਇੱਕ ਅਪਮਾਨਜਨਕ ਕਾਰਵਾਈ ਕੀਤੀ ਗਈ ਸੀ, ਅਤੇ ਫਿਰ ਇਸਨੂੰ ਵਾਪਸ ਲੈ ਲਿਆ ਗਿਆ। ਇਸ ਤਰ੍ਹਾਂ ਦੀ ਅਪਮਾਨ ਨੂੰ ਇਸ ਤਰੀਕੇ ਨਾਲ ਸੁਧਾਰਿਆ ਨਹੀਂ ਜਾ ਸਕਦਾ।

ਪੰਜਾਬੀ ਗਾਇਕ ਐਮੀ...

ਕਰਨ ਦਾ ਯਤਨ ਹੁੰਦਾ ਹੈ। ਪੁਲੀਸ ਦਾ ਕਹਿਣਾ ਹੈ ਕਿ ਹਮਲਾਵਰਾਂ ਨੇ ਕਿਸੇ ਖਾਸ ਵਿਅਕਤੀ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਈਆਂ, ਇਸਦਾ ਪਤਾ ਲਾਉਣ ਦਾ ਕੰਮ ਵਿਸ਼ੇਸ਼ ਪੁਲੀਸ ਦਲ ਨੂੰ ਸੌਂਪਿਆ ਗਿਆ ਹੈ। ਦੱਸਣਾ ਬਣਦਾ ਹੈ ਕਿ ਦੋ ਮਹੀਨੇ ਦੀ ਸ਼ਾਂਤੀ ਤੋਂ ਬਾਅਦ ਲੰਘੇ ਚਾਰ ਦਿਨਾਂ 'ਚ ਸਰੀ ਅਤੇ ਨੇੜਲੇ ਸ਼ਹਿਰਾਂ ਵਿੱਚ ਫਿਰ ਤੋਂ ਗੋਲੀਬਾਰੀ ਦੀਆਂ ਘਟਨਾਵਾਂ ਹੋਣ ਲੱਗੀਆਂ ਹਨ।

ਕਵਿਤਾ



ਜੇ ਜੱਗ ਤੇ ਤੂੰ ਰੁਤਬਾ
ਪਾਉਣਾ
ਜੇ ਜੱਗ ਤੇ ਤੂੰ ਨਾਮ
ਕਮਾਉਣਾ
ਮਾਰ ਲੈ ਲੰਮੀ ਉਡਾਰੀ
ਮੰਜ਼ਿਲ ਪਾ ਜਾਏਂਗਾ
ਮਿਹਨਤ ਰੱਖੀਂ ਜਾਰੀ
ਮੰਜ਼ਿਲ ਪਾ ਜਾਏਂਗਾ
2 .ਜ਼ਿੰਦਗੀ ਚ ਆਉਣਗੀਆਂ ਔਕੜਾਂ
ਬਥੇਰੀਆਂ.
ਨਾਂ ਰੁਕੀਂ ਨਾਂ ਝੁਕੀਂ ਰੱਖੀਂ ਬੰਨ ਕੇ ਦਲੇਰੀਆਂ.
ਖਿੰਡ ਜਾਏਂਗਾ ਹਿੰਮਤ ਜੇ ਤੂੰ ਹਾਰੀ
ਮੰਜ਼ਿਲ ਪਾ ਜਾਏਂਗਾ
ਮਿਹਨਤ ਰੱਖੀਂ ਜਾਰੀ ਮੰਜ਼ਿਲ ਪਾ ਜਾਏਂਗਾ
3 .ਪੱਥਰਾਂ ਨੂੰ ਤੋੜ ਕੇ ਹੀ ਰਾਅ ਸਦਾ ਬਣਦੇ
ਜੁਗ ਬਦਲਾਉਣ ਵਾਲੇ ਹਾਰ ਨਹੀਓਂ ਮੰਨਦੇ
ਸੀਨੇ ਮਗਦੀ ਰੱਖੀਂ ਚੰਗਿਆਰੀ
ਮੰਜ਼ਿਲ ਪਾ ਜਾਏਂਗਾ
ਮਿਹਨਤ ਰੱਖੀਂ ਜਾਰੀ ਮੰਜ਼ਿਲ ਪਾ ਜਾਏਂਗਾ.
4. ਹਨੇਰੀਆਂ ਰਾਤਾਂ ਦੇ ਪਿੱਛੋਂ ਸਵੇਰੇ ਜ਼ਰੂਰ
ਆਉਣਗੇ
ਮਿਹਨਤਾਂ ਨਾਲ ਕੀਤੇ ਕਾਜ ਰਾਅ
ਰਸ਼ਨਾਉਣਗੇ
ਗੱਲ ਮੁੱਕੇ "ਬਰਜਿੰਦਰ" ਇਥੇ ਸਾਰੀ
ਮੰਜ਼ਿਲ ਪਾ ਜਾਏਂਗਾ
ਮਿਹਨਤ ਰੱਖੀਂ ਜਾਰੀ, ਮੰਜ਼ਿਲ ਪਾ ਜਾਏਂਗਾ

-ਬਰਜਿੰਦਰ ਸਾਂਝ

ਮੇਰਾ ਦੇਸ਼ ਮਹਾਨ



ਭਗਤ ਸਿੰਘ ਦੀ ਗੱਲ ਕਰਨ ਵਾਲੇ ਡਰਦੇ ਕਾਲੇ ਝੰਡੇ ਤੋਂ,
ਲੱਗਦਾ ਹੁਣ ਨਹੀਂ ਬੱਚਦੇ ਇਹ ਡਿਗਣਗੇ ਕਾਲੇ ਝੰਡੇ ਤੋਂ।
ਮਜ਼ਦੂਰਾਂ,ਕਿਸਾਨਾਂ ਅਤੇ ਸੇਵਕਾਂ ਪਾ ਲਏ ਡੰਡੇ ਚ ਝੰਡੇ ਹੁਣ,
ਹੁਣ ਨਹੀਂ ਨੇੜੇ ਆਉਂਦੇ ਦੂਰ ਖੜ੍ਹਨਗੇ ਕਾਲੇ ਝੰਡੇ ਤੋਂ।
ਕਾਲਾ ਰੰਗ ਦਿਸਦੇ ਸਾਰ ਹੀ ਧੂਅ ਧੂਅ ਕੁੱਟੀ ਜਾਂਦੇ ਨੇ,
ਸਾਇਮਨ ਕਮਿਸ਼ਨ ਦੀ ਤਰ੍ਹਾਂ ਇਹ ਡਰਦੇ ਕਾਲੇ ਝੰਡੇ ਤੋਂ।
ਆਪ ਲੈ ਸਹਾਰਾ ਕਾਲੇ ਝੰਡੇ ਦਾ ਇਹ ਆਮ ਤੋਂ ਖ਼ਾਸ ਹੋਏ ਸੀ ,
ਹੁਣ ਪਤਾ ਨਹੀਂ ਕਿਉਂ ਇਹ ਸਾਰੇ ਕੰਬਦੇ ਕਾਲੇ ਝੰਡੇ ਤੋਂ।
ਤੀਰ ਕਿਰਪਾਨ ਗੋਲੀ ਵਾਂਗ ਲੱਗਦਾ ਇਨ੍ਹਾਂ ਨੂੰ ਕਾਲਾ ਰੰਗ,
ਇਸ ਲਈ ਰੱਖਣ ਲੱਗੇ ਬਾਡੀਗਾਰਡ ਡਰਦੇ ਕਾਲੇ ਝੰਡੇ ਤੋਂ।

-ਬਲਵੀਰ ਬਡੇਸਰੋਂ


ਕਵਿਤਾ



ਜੇ ਸਰਕਾਰੀ ਫੁੱਫੜ ਰੁੱਸਿਆ
ਰੁੱਸ ਜਾਵੇ ਜੇ ਵਿਆਹ ਵਿਚ ਫੁੱਫੜ,
ਰੁਕ ਜਾਂਦਾ ਸਾਰਾ ਕਾਰੋਬਾਰ।
ਗੁੱਸਾ ਜੇ ਫੁੱਫੜ ਜ਼ਿਆਦਾ ਕਰ ਲਵੇ,
ਜੰਞ ਚੜ੍ਹਨ ਤੋਂ ਰੁਕਦੀ, ਲਾੜੇ ਦੀ ਕਾਰ।
ਸਮੇਂ ਤੇ ਜੇ ਨਾ ਉਹ ਮੰਨੇ,
ਮਨਾਉਣ ਲੱਗਦਾ ਸਾਰਾ ਪ੍ਰੀਵਾਰ।
ਮੋਦੀ ਜੀ, ਚਿੰਤਾ ਕਰੋ ਫੁੱਫੜ ਦੀ,
ਚੰਗੀ ਤਰ੍ਹਾਂ ਕਰੋ ਸੋਚ ਵਿਚਾਰ।
ਰੁਸਿਆ ਜੇ ਫੁੱਫੜ ਏ ਰਹਿੰਦਾ,
ਕਿਵੇਂ ਚੱਲੇਗੀ ਸਾਡੀ ਸਰਕਾਰ।
ਰੁੱਸਣਾ ਫੁੱਫੜ ਦਾ ਨਹੀਂ ਏ ਚੰਗਾ
ਠੱਪ ਹੋ ਜਾਊ, ਸਾਰਾ ਵਿਉਪਾਰ।
ਦੁਨੀਆਂ ਸਾਰੀ, ਦੇਖੂ ਸਾਡੇ ਵੱਲ,
'ਗੋਸਲ' ਤੇ ਹੱਸਣ ਲੱਗੂ ਸਾਰਾ ਸੰਸਾਰ।

-ਬਹਾਦਰ ਸਿੰਘ ਗੋਸਲ, ਮਕਾਨ ਨੰ: 3098,
ਸੈਕਟਰ-37 ਡੀ, ਚੰਡੀਗੜ੍ਹ।

ਹਾਇਕੂ



1) ਖਿਲੇ ਕਮਲ
ਜਲ ਚਿ ਜਲ ਹੋਏ
ਲਾਭ ਅਨੇਕ
2) ਫੁੱਲਾਂ ਚਿ ਛਿਪੀ
ਮਹਿਕਾਂ ਦੀ ਚੁਗਲੀ
ਮਨ ਮਚਲੇ
3) ਚਮੇਲੀ ਫੁੱਲ
ਸੁਗੰਧਿਤ ਧਰਤੀ
ਫੈਲੀ ਖ਼ੁਸ਼ਬੂ
4)ਰੰਗ ਬਿਰੰਗੀ
ਨੀਲੀ ਨੀਲੀ ਤਿੱਤਲੀ
ਫੁੱਲਾਂ ਤੇ ਨੱਚੇ
5) ਚੇਤੇ ਚਿਹਰਾ
ਗੁਲਾਬੀ ਗੰਧ ਰੱਖੇ
ਗੁਲਾਬ ਫੁੱਲ
6)ਮੇਰਾ ਵਿਹੜਾ
ਜੋ ਰੇਗਿਸਤਾਨ ਸੀ
ਅੱਜ ਚਮਨ
7) ਸੁੱਕੀ ਪੰਖੜੀ
ਦਰਦਨਾਕ ਮੌਤ
ਜੋ ਆਣਾ ਜਾਣਾ
8)ਚਲ ਰੇ ਮਨ
ਹੁਣ ਨਦੀ ਤੋਂ ਪਾਰ
ਜਿੱਥੇ ਬਹਾਰ
9)ਜਿੱਥੇ ਰੌਸ਼ਨੀ
ਬਣ ਕੇ ਪਰਛਾਵਾਂ
ਇਕ ਹੋ ਗਿਆ

ਕਸ਼ਮੀਰੀ ਲਾਲ ਚਾਵਲਾ ਸੰਪਾਦਕ
ਅਦਬੀ ਪਰਿਕਰਮਾ ਮੁਕਤਸਰ
ਮੋਬਾਈਲ 9814814791

ਫੇਜ਼ 1 ਵਿੱਚ ਸ਼ੋਅਰੂਮਾਂ ਦੇ ਸਾਹਮਣੇ ਪਏ ਕੂੜੇਦਾਨ ਦੇ ਆਲੇ ਦੁਆਲੇ ਕੂੜੇ ਅਤੇ ਗੰਦਗੀ ਦੀ ਭਰਮਾਰ

ਐਸ ਏ ਐਸ ਨਗਰ, 9 ਸਤੰਬਰ (ਪੈ.ਗਾਮ-ਏ-ਜਗਤ)

ਸਥਾਨਕ ਫੇਜ਼ 1 ਦੇ ਸ਼ੋਅਰੂਮਾਂ ਦੇ ਸਾਹਮਣੇ ਪਏ ਕੂੜੇਦਾਨ ਦੇ ਆਲੇ ਦੁਆਲੇ ਭਾਰੀ ਮਾਤਰਾ ਵਿੱਚ ਕੂੜਾ ਅਤੇ ਗੰਦਗੀ ਖਿਲਰੇ ਪਏ ਹਨ ਪਰ ਇਸ ਨੂੰ ਚੁੱਕਣ ਲਈ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਫੇਜ਼ 1 ਦੀ ਸ਼ੋਅਰੂਮ ਮਾਰਕੀਟ ਦੇ ਦੁਕਾਨਦਾਰਾਂ ਨੇ ਦੱਸਿਆ ਕਿ ਪਿਛਲੇ ਤਿੰਨ ਚਾਰ ਦਿਨਾਂ ਤੋਂ ਇਹ ਡਸਟਬਿਨ ਕੂੜੇ ਨਾਲ ਭਰਿਆ ਪਿਆ ਹੈ ਅਤੇ ਇਸ ਡਸਟਬਿਨ ਦੇ ਆਲੇ ਦੁਆਲੇ ਭਾਰੀ ਮਾਤਰਾ ਵਿੱਚ ਕੂੜਾ ਖਿਲਰਿਆ ਪਿਆ ਹੈ। ਇਸ ਕੂੜੇ ਵਿਚੋਂ ਬਦਬੂ ਵੀ ਆ ਰਹੀ ਹੈ। ਇਸ ਤੋਂ ਇਲਾਵਾ ਤੇਜ ਹਵਾ ਚੱਲਣ ਨਾਲ ਇਹ ਕੂੜਾ ਦੂਰ ਤਕ ਖਿਲਰ ਜਾਂਦਾ ਹੈ। ਉਹਨਾਂ ਦਸਿਆ ਕਿ ਆਵਾਰਾ ਪਸ਼ੂ ਅਤੇ ਆਵਾਰਾ ਕੁੱਤੇ ਇਸ ਕੂੜੇ ਨੂੰ ਫਰੋਲਦੇ ਰਹਿੰਦੇ ਹਨ, ਜਿਸ ਕਾਰਨ ਇਹ ਕੂੜਾ ਬਹੁਤ ਦੂਰ ਤਕ ਫੈਲ ਜਾਂਦਾ ਹੈ। ਉਹਨਾਂ ਮੰਗ ਕੀਤੀ ਕਿ ਇਸ ਕੂੜੇ ਵਾਲੇ ਡਸਟਬਿਨ ਵਿਚੋਂ ਅਤੇ ਇਸ ਦੇ ਆਲੇ ਦੁਆਲੇ ਫੈਲਿਆ ਕੂੜਾ ਤੁਰੰਤ ਚੁਕਵਾਇਆ ਜਾਵੇ।

ਕਵਿਤਾ



ਹਰੀ ਕ੍ਰਿਸ਼ਨ ਬੰਗਾ
ਜਨਰਲ ਸੈਕਟਰੀ
ਆਦਰਸ਼ ਸੋਸ਼ਲ ਵੈਲਫੇਅਰ
ਸੋਸਾਇਟੀ ਪੰਜਾਬ ਰਜਿ.

ਨਾ ਜਨਮ ਦਾ ਕੋਈ ਮਹੂਰਤ,
ਨਾ ਮਰਨ ਦਾ ਕੋਈ ਮਹੂਰਤ।
ਫਿਰ ਕੀਮਤੀ ਸਮਾਂ ਕਿਉਂ ਮਹੂਰਤਾਂ
ਚੋਂ ਗੁਆਇਆ।
ਨਾ ਆਉਣਾ ਤੇਰੇ ਵੱਸ,
ਨਾ ਜਾਣਾ ਤੇਰੇ ਵੱਸ।
ਫਿਰ ਫਿਕਰਾਂ ਦੇ ਬੋਝ ਨਾਲ ਕੀ
ਪਾਇਆ।
ਨਾ ਜਨਮ ਦੇ ਜਸ਼ਨਾ ਚੋਂ ਸ਼ਰੀਕ,
ਨਾ ਮਰਨ ਦੇ ਮਾਤਮ ਚੋਂ ਸ਼ਰੀਕ।
ਫਿਰ ਵੀ ਜ਼ਿੰਦਗੀ ਦਾ ਸਫ਼ਰ
ਜਸ਼ਨਾ ਨਾਲ ਲਗਾਇਆ।
ਖਾਲੀ ਹੱਥ ਆਉਣਾ,
ਖਾਲੀ ਹੱਥ ਜਾਣਾ।
ਕੱਫਨ ਵੀ ਬਿਨਾਂ ਜੇਬ ਸੁਆਇਆ।
ਪਾਪਾਂ ਵਾਜ ਨਾ ਹੋਵੇ ਕੱਠੀ,
ਮੋਆਂ ਸਾਥ ਨਾ ਜਾਏ।
ਉਮਰ ਦੀ ਕਮਾਈ ਨਾਲ ਪੱਲ ਵੀ
ਖਰੀਦ ਨਾ ਪਾਇਆ।
ਕੀ ਪਾਪ ਦੀ ਵਿਆਖਿਆ,
ਕੀ ਪੁੰਨ ਦੀ ਵਿਆਖਿਆ।
ਪਾਪੀ ਨੂੰ ਨਰਕ,
ਦਾਨੀ ਨੂੰ ਸਵਰਗ।
ਇਹ ਕੌਣ ਦੇਖ ਕੇ ਆਇਆ।
ਕਰਮ ਫੱਲ ਹੈ ਭਲਵਾਨ,
ਇਸ ਤੋਂ ਹੈ ਤੂੰ ਨਾਦਾਨ।
ਇਸ ਤੋਂ ਨਾ ਕੋਈ ਬੱਚ ਪਾਇਆ।
'ਹਰੀ' ਗੱਲਾਂ ਸੱਚੀਆਂ ਕਰ ਗਿਆ,
ਸਾਨੂੰ ਰਾਤੀਂ ਉਸ ਸੋਚਾਂ ਵਿੱਚ ਪਾਇਆ।
ਨਾ ਜਨਮ ਦਾ ਕੋਈ ਮਹੂਰਤ,
ਨਾ ਮਰਨ ਦਾ ਕੋਈ ਮਹੂਰਤ।
ਫਿਰ ਕੀਮਤੀ ਸਮਾਂ ਕਿਉਂ ਮਹੂਰਤਾਂ
ਚੋਂ ਗੁਆਇਆ।
ਨਾ ਆਉਣਾ ਤੇਰੇ ਵੱਸ,
ਨਾ ਜਾਣਾ ਤੇਰੇ ਵੱਸ।

ਫਿਰ ਫਿਕਰਾਂ ਦੇ ਬੋਝ ਨਾਲ ਕੀ
ਪਾਇਆ।
ਨਾ ਜਨਮ ਦੇ ਜਸ਼ਨਾ ਚੋਂ ਸ਼ਰੀਕ,
ਨਾ ਮਰਨ ਦੇ ਮਾਤਮ ਚੋਂ ਸ਼ਰੀਕ।
ਫਿਰ ਵੀ ਜ਼ਿੰਦਗੀ ਦਾ ਸਫ਼ਰ
ਜਸ਼ਨਾ ਨਾਲ ਲਗਾਇਆ।
ਖਾਲੀ ਹੱਥ ਆਉਣਾ,
ਖਾਲੀ ਹੱਥ ਜਾਣਾ।
ਕੱਫਨ ਵੀ ਬਿਨਾਂ ਜੇਬ ਸੁਆਇਆ।
ਪਾਪਾਂ ਵਾਜ ਨਾ ਹੋਵੇ ਕੱਠੀ,
ਮੋਆਂ ਸਾਥ ਨਾ ਜਾਏ।
ਉਮਰ ਦੀ ਕਮਾਈ ਨਾਲ ਪੱਲ ਵੀ
ਖਰੀਦ ਨਾ ਪਾਇਆ।
ਕੀ ਪਾਪ ਦੀ ਵਿਆਖਿਆ,
ਕੀ ਪੁੰਨ ਦੀ ਵਿਆਖਿਆ।
ਪਾਪੀ ਨੂੰ ਨਰਕ,
ਦਾਨੀ ਨੂੰ ਸਵਰਗ।
ਇਹ ਕੌਣ ਦੇਖ ਕੇ ਆਇਆ।
ਕਰਮ ਫੱਲ ਹੈ ਭਲਵਾਨ,
ਇਸ ਤੋਂ ਹੈ ਤੂੰ ਨਾਦਾਨ।
ਇਸ ਤੋਂ ਨਾ ਕੋਈ ਬੱਚ ਪਾਇਆ।
ਹਰੀ* ਗੱਲਾਂ ਸੱਚੀਆਂ ਕਰ ਗਿਆ,
ਸਾਨੂੰ ਰਾਤੀਂ ਉਸ ਸੋਚਾਂ ਵਿੱਚ
ਪਾਇਆ।

ਵਿਗਿਆਨਿਕ ਤਰੱਕੀ (ਮਿੰਨੀ ਕਹਾਣੀ)



ਜਦੋਂ ਵਿਗਿਆਨ ਦਾ ਅਧਿਆਪਕ ਛੇਵੀਂ ਜਮਾਤ ਵਿੱਚ ਬੱਚਿਆਂ ਨੂੰ ਵਿਗਿਆਨ ਦੀਆਂ ਗੱਲਾਂ ਦੱਸ ਰਿਹਾ ਸੀ ਤਾਂ ਜਮਾਤ ਵਿਚ ਬੈਠਾ ਪ੍ਰੀਤ ਆਪਣੀ ਸੁਰਤੀ ਕਿਸੇ ਹੋਰ ਪਾਸੇ ਹੀ ਲਾਈ ਬੈਠਾ ਸੀ। ਉਸ ਵੱਲ ਦੇਖ ਅਧਿਆਪਕ ਬੋਲਿਆ, "ਪ੍ਰੀਤ ਦੱਸ, ਕੀ ਤੂੰ ਇਸਰੋ ਨੂੰ ਜਾਣਦਾ ਹੈ? " ਪ੍ਰੀਤ ਆਪਣੇ ਲਈ ਕੀਤੇ ਪ੍ਰਸ਼ਨ ਤੇ ਚੇਤੰਨ ਹੋਇਆ ਅਤੇ ਬੋਲਿਆ, "ਹਾਂ ਸਰ ਜੀ, ਇਸਰੋ ਮੇਰੀ ਦਾਦੀ ਦਾ ਨਾਂ ਹੈ, ਉਸ ਨੇ ਮੈਨੂੰ ਪੌੜੀ ਚੜ੍ਹਨਾ ਸਿਖਾਇਆ ਹੈ ਅਤੇ ਚੁਬਾਰੇ ਤੱਕ ਪਹੁੰਚਾ ਦਿੱਤਾ ਹੈ।"

ਪ੍ਰੀਤ ਨੇ ਆਪਣੀ ਗੱਲ ਜਾਰੀ ਰੱਖਦੇ ਹੋਏ ਕਿਹਾ, "ਹਾਂ ਸਰ ਜੀ, ਚੁਬਾਰੇ ਪਹੁੰਚ ਕੇ ਮੈਂ ਚੰਦ ਦੇਖਿਆ ਤਾਂ ਉਹ ਮੈਨੂੰ ਬਹੁਤ ਨੇੜੇ ਲੱਗ ਰਿਹਾ ਸੀ ਅਤੇ ਸਾਰਾ ਪਿੰਡ ਛੋਟੇ ਟਾਪੂ ਦੀ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਚੰਦ ਪਰ ਹੀ ਵਸਿਆ ਹੋਵੇ।" ਇਹ ਸਭ ਮੇਰੀ ਦਾਦੀ ਇਸਰੋ ਦੀ ਹੀ ਕਰਾਮਾਤ ਹੈ। ਦਾਦੀ ਇਸਰੋ ਦਾ ਨਾਂ ਸੁਣ ਕੇ ਅਧਿਆਪਕ ਦੀਆਂ ਸਪੇਸ ਕਹਾਣੀਆਂ ਵਿਚ ਹੀ ਰਹਿ ਗਈਆਂ।

-ਬਹਾਦਰ ਸਿੰਘ ਗੋਸਲ, ਮਕਾਨ ਨੰ: 3098,
ਸੈਕਟਰ-37 ਡੀ, ਚੰਡੀਗੜ੍ਹ।

ਖਾਲਸਾ ਕਾਲਜ ਮਾਹਿਲਪੁਰ ਵਿੱਚ "ਵਿੱਤੀ ਧੋਖਾਧੜੀ ਪ੍ਰਤੀ ਜਾਗਰੂਕਤਾ" ਵਿਸ਼ੇ 'ਤੇ ਵਰਕਸ਼ਾਪ

**ਪੈ.ਗਾਮ-ਏ-ਜਗਤ/ਗੜ੍ਹਸ਼ੰਕਰ
9 ਸਤੰਬਰ (ਹਰੀ ਕ੍ਰਿਸ਼ਨ ਗੰਗੜ)**



ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਦੇ ਪੋਸਟ ਗਰੈਜੂਏਟ ਕਾਮਰਸ ਅਤੇ ਬਿਜ਼ਨਸ ਐਡਮਿਨਿਸਟ੍ਰੇਸ਼ਨ ਵਿਭਾਗ ਵੱਲੋਂ ਸੀਡੀਐੱਸੈੱਲ ਦੇ ਸਹਿਯੋਗ ਨਾਲ "ਵਿੱਤੀ ਧੋਖਾਧੜੀ ਪ੍ਰਤੀ ਜਾਗਰੂਕਤਾ"ਵਿਸ਼ੇ 'ਤੇ ਵਿਸ਼ੇਸ਼ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਰਿਸੋਰਸ ਪਰਸਨ ਵਜੋਂ ਲਾਇਲਪੁਰ ਖਾਲਸਾ ਕਾਲਜ ਫਾਰ ਵੂਮੈਨ ਤੋਂ ਐਸੋਸੀਏਟ ਪ੍ਰੋਫੈਸਰ, ਡਾ. ਜਸਵਿੰਦਰ ਕੌਰ ਨੇ ਸ਼ਿਰਕਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਸਵਾਗਤੀ ਸ਼ਬਦ ਸਾਂਝੇ ਕੀਤੇ ਅਤੇ ਕਿਹਾ ਕਿ ਵਿਦਿਆਰਥੀਆਂ ਨੂੰ ਅਜਿਹੇ ਵਰਕਸ਼ਾਪ ਸਮਾਰੋਹਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਪਰੇਰਨਾ ਦਿੱਤੀ। ਰਿਸੋਰਸ ਪਰਸਨ ਮੈਡਮ ਡਾ ਜਸਵਿੰਦਰ ਕੌਰ ਨੇ ਕਿਹਾ ਕਿ ਡਿਜ਼ੀਟਲ ਲੈਣ-ਦੇਣ ਦੇ ਵੱਧ ਰਹੇ ਰੁਝਾਨ ਦੇ ਨਾਲ ਹੀ ਸਮਾਜ ਵਿੱਚ ਵਿੱਤੀ ਧੋਖਾਧੜੀ ਦਾ ਖਤਰਾ ਵੀ ਵਧ ਰਿਹਾ ਹੈ।

ਉਨ੍ਹਾਂ ਵਿਦਿਆਰਥੀਆਂ ਨੂੰ ਵੱਖ-ਵੱਖ ਕਿਸਮਾਂ ਦੀਆਂ ਆਨਲਾਈਨ ਅਤੇ ਵਿੱਤੀ ਧੋਖਾਧੜੀਆਂ ਬਾਰੇ ਜਾਣਕਾਰੀ ਦਿੰਦਿਆਂ ਇਨ੍ਹਾਂ ਤੋਂ ਬਚਾਅ ਪ੍ਰਤੀ ਜਾਗਰੂਕ ਰਹਿਣ ਦੇ ਨੁਕਤੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਅੱਜ ਕੱਲ੍ਹ ਦੇ ਸਮੇਂ ਵਿੱਚ ਵਿਦਿਆਰਥੀ ਖੁਦ ਅਤੇ ਸਮਾਜ ਨੂੰ ਵੀ ਆਨਲਾਈਨ ਠੱਗੀਆਂ ਬਾਰੇ ਜਾਗਰੂਕ ਕਰਕੇ ਚੰਗੇ ਨਾਗਰਿਕ ਹੋਣ ਦਾ ਫਰਜ਼ ਨਿਭਾਉਣ।ਇਸ ਮੌਕੇ ਵਿਭਾਗ ਦੇ ਮੁਖੀ ਡਾ. ਰਾਕੇਸ਼ ਕੁਮਾਰ ਨੇ ਧੰਨਵਾਦੀ ਸ਼ਬਦ ਸਾਂਝੇ ਅਤੇ ਵਰਕਸ਼ਾਪ ਦੀ ਮਹੱਤਤਾ ਬਾਰੇ ਦੱਸਿਆ। ਕਾਲਜ ਦੇ ਪ੍ਰਬੰਧਕਾਂ ਵਲੋਂ ਰਿਸੋਰਸ ਪਰਸਨ ਡਾ ਜਸਵਿੰਦਰ ਕੌਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਮਰਸ ਵਿਭਾਗ ਦੇ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ ਤਹਿਤ ਗੜ੍ਹਸ਼ੰਕਰ ਤੇ ਮਹਿਲਪੁਰ ਵਿਖੇ ਹੋਣ ਵਾਲੀਆਂ ਖੇਡਾਂ ਦਾ ਪੋਸਟਰ ਕੀਤਾ ਜਾਰੀ

**ਪੈ.ਗਾਮ-ਏ-ਜਗਤ
ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)**



ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ, ਖੇਡ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਹੋਰ ਮਜ਼ਬੂਤ ਬਣਾਉਣ ਦੇ ਉਦੇਸ਼ ਨਾਲ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ 2026' ਤਹਿਤ ਪਹਿਲਾਂ ਬਲਾਕ ਪੱਧਰ ਤੇ ਫਿਰ ਜਿਲਾ ਪੱਧਰ ਤੇ ਖੇਡਾਂ ਕਰੀਆਂ ਜਾ ਰਹੀਆਂ ਹਨ , ਜਿਸ ਦੀ ਲਗਾਤਾਰਤਾ ਵਿੱਚ ਬਲਾਕ ਗੜ੍ਹਸ਼ੰਕਰ ਅਤੇ ਬਲਾਕ ਮਾਹਿਲਪੁਰ ਵਿੱਚ ਹੋਣ ਵਾਲੀਆਂ ਖੇਡਾਂ ਦਾ ਪੋਸਟਰ ਅੱਜ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ. ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਰਿਲੀਜ਼ ਕੀਤਾ ਗਿਆ ਅਤੇ ਇਹ ਖੇਡਾਂ 10 ਤਰੀਕ ਤੋਂ 15 ਤਰੀਕ ਤੱਕ ਕਰਵਾਈਆਂ ਜਾ ਰਹੀਆਂ ਇਹਨਾਂ ਖੇਡਾਂ ਵਿੱਚ 14 ਸਾਲ ਤੋਂ ਲੈ ਕੇ 70 ਸਾਲ ਤੱਕ ਵਿਅਕਤੀ ਹਿੱਸਾ ਲੈ ਸਕਦੇ ਹਨ ਬਲਾਕ ਪੱਧਰੀ ਤੇ ਸੱਤ ਗੇਮਾਂ ਕਰਵਾਈਆਂ ਜਾ ਰਹੀਆਂ ਹਨ ਜਿਸ ਵਿੱਚ ਅਟਲੈਟਿਕਸ, ਫੁੱਟਬਾਲ,ਬਾਲੀਵਾਲ ਫੈਂਸਿੰਗ, ਕਬੱਡੀ, ਖੋਖੋ ਅਤੇ ਕ੍ਰਿਕਟ ਕਰਵਾਈ ਜਾ ਰਹੀ।

ਇਸ ਮੌਕੇ ਡਿਪਟੀ ਸਪੀਕਰ ਸ. ਰੌੜੀ ਨੇ ਕਿਹਾ ਕਿ ਪੰਜਾਬ ਦੀ ਧਰਤੀ ਨੇ ਹਮੇਸ਼ਾ ਦੇਸ਼ ਅਤੇ ਦੁਨੀਆ ਨੂੰ ਉੱਘੇ ਖਿਡਾਰੀ ਦਿੱਤੇ ਹਨ। ਪੰਜਾਬ ਦੇ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਕੁਦਰਤੀ ਰੁਝਾਨ ਅਤੇ ਅਥਾਹ ਪ੍ਰਤਿਭਾ ਮੌਜੂਦ ਹੈ। ਲੋੜ ਇਸ ਗੱਲ ਦੀ ਹੈ ਕਿ ਇਸ ਪ੍ਰਤਿਭਾ ਨੂੰ ਸਹੀ ਮੰਚ, ਸਹੂਲਤਾਂ ਅਤੇ ਮੌਕੇ ਪ੍ਰਦਾਨ ਕੀਤੇ ਜਾਣ। ਉਨ੍ਹਾਂ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਵਰਗੇ ਖੇਡ ਮੇਲੇ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਵੱਡਾ ਮੰਚ ਪ੍ਰਦਾਨ ਕਰਦੇ ਹਨ।

ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰ ਮਾੜੀਆਂ ਅਲਾਮਤਾਂ ਤੋਂ ਦੂਰ ਰੱਖਣ ਲਈ ਖੇਡਾਂ ਨਾਲ ਜੋੜਨਾ ਬੇਹੱਦ ਜ਼ਰੂਰੀ ਹੈ। ਖੇਡਾਂ ਨੌਜਵਾਨਾਂ ਦੇ ਸਰੀਰ ਨੂੰ ਤੰਦਰੁਸਤ ਬਣਾਉਣ ਦੇ ਨਾਲ-ਨਾਲ ਉਨ੍ਹਾਂ ਵਿੱਚ ਅਨੁਸ਼ਾਸਨ, ਮਿਹਨਤ, ਸਬਰ, ਆਤਮ-ਵਿਸ਼ਵਾਸ ਅਤੇ ਟੀਮ ਭਾਵਨਾ ਵਰਗੇ ਗੁਣ ਪੈਦਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਪਿੰਡ ਪੱਧਰ ਤੱਕ ਲਿਜਾਣ ਅਤੇ ਹਰ ਵਰਗ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਇਸ ਮੌਕੇ ਖਿਡਾਰੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਵਿਸ਼ੇਸ਼ QR Code ਵੀ ਜਾਰੀ ਕੀਤਾ ਗਿਆ, ਤਾਂ ਜੋ ਖਿਡਾਰੀਆਂ ਨੂੰ ਰਜਿਸਟ?ਰੇਸ਼ਨ ਕਰਵਾਉਣ ਲਈ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਖਿਡਾਰੀ ਆਪਣੇ ਮੋਬਾਈਲ ਫੋਨ ਰਾਹੀਂ QR Code ਨੂੰ ਸਕੈਨ ਕਰਕੇ ਆਸਾਨੀ ਨਾਲ ਰਜਿਸਟ?ਰੇਸ਼ਨ ਪ੍ਰਕਿਰਿਆ ਪੂਰੀ ਕਰ ਸਕਦੇ ਹਨ।

ਡਿਪਟੀ ਸਪੀਕਰ ਸ. ਰੌੜੀ ਨੇ ਇਲਾਕੇ ਦੇ ਨੌਜਵਾਨਾਂ, ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਦਾ ਵੱਧ ਤੋਂ ਵੱਧ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਜਿਹੜੇ ਨੌਜਵਾਨ ਕਿਸੇ ਵੀ ਖੇਡ ਵਿੱਚ ਦਿਲਚਸਪੀ ਰੱਖਦੇ ਹਨ, ਉਹ ਬਿਨਾਂ ਦੇਰੀ ਆਪਣੀ ਰਜਿਸਟ?ਰੇਸ਼ਨ ਕਰਵਾਉਣ ਅਤੇ 'ਖੇਡਾਂ ਵਤਨ ਪੰਜਾਬ ਦੀਆਂ 2026' ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਭਾਗ ਲੈਣ ਅਤੇ ਪਹਿਲਾ ਸਥਾਨ ਜਿੱਤ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਗੋਲਡ ਮੈਡਲ 10 ਹਜ਼ਾਰ ਰੁਪਏ ਅਤੇ ਦੂਜਾ ਅਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਸਿਲਵਰ ਮੈਡਲ ਅਤੇ 7000 ਰੁਪਏ ਅਤੇ ਬਰਾਉਨ ਮੈਡਲ ਜਿੱਤਣ ਵਾਲ ਖਿਡਾਰੀਆਂ ਨੂੰ 5000 ਹਜਾਰ ਰੁਪਏ ਦਿੱਤਾ ਜਾਵੇਗਾ ਅਤੇ ਇਹਨਾਂ ਕਿਹਾ ਕਿ 12 ਕਰੋੜ ਰੁਪਏ ਦੇ ਇਨਾਮ ਰੱਖੇ ਗਏ ਹਨ ਜੋ ਖਿਡਾਰੀ ਇਹਨਾਂ ਵੱਖ ਵੱਖ ਖੇਡਾਂ 'ਚ ਜਿੱਤ ਪ੍ਰਾਪਤ ਕਰਨਗੇ

'ਪੈਗਾਮ-ਏ-ਜਗਤ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਮੁਹਾਲੀ (ਚੰਡੀਗੜ੍ਹ) ਕੋਰਟ ਵਿੱਚ ਹੀ ਹੋਵੇਗਾ। ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। -ਸੰਪਾਦਕ, ਪੈਗਾਮ-ਏ-ਜਗਤ

ਵੈਟਨਰੀ ਯੂਨੀਵਰਸਿਟੀ ਵਿਖੇ ਹੋਇਆ ‘ਦੀਕਸ਼ਾਰੰਭ 2026’ ਦਾ ਸਮਾਪਤੀ ਸਮਾਰੋਹ



ਲੁਧਿਆਣਾ 09 ਸਤੰਬਰ (ਪੈ.ਗਾਮ-ਏ-ਜਗਤ)

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਨੇ ਦੀਕਸ਼ਾਰੰਭ 2026 ਦੇ ਸਮਾਪਤੀ ਸਮਾਰੋਹ ਦਾ ਆਯੋਜਨ ਕੀਤਾ। ਇਹ ਕਾਲਜ ਆਫ਼ ਡੇਅਰੀ ਐਂਡ ਫੂਡ ਸਾਇੰਸ ਟੈਕਨਾਲੋਜੀ, ਕਾਲਜ ਆਫ਼ ਫਿਸ਼ਰੀਜ਼ ਅਤੇ ਕਾਲਜ ਆਫ਼ ਐਨੀਮਲ ਬਾਇਓਟੈਕਨਾਲੋਜੀ ਵਿੱਚ ਨਵੇਂ ਦਾਖਲ ਹੋਏ ਅੰਡਰਗ੍ਰੈਜੂਏਟ ਵਿਦਿਆਰਥੀਆਂ ਲਈ ਇੱਕ ਵਿਦਿਆਰਥੀ ਇੰਡਕਸ਼ਨ ਪ੍ਰੋਗਰਾਮ ਸੀ।

ਇਹ ਪ੍ਰੋਗਰਾਮ ਨਵੇਂ ਦਾਖਲ ਹੋਏ ਵਿਦਿਆਰਥੀਆਂ ਨੂੰ ਅਕਾਦਮਿਕ ਵਾਤਾਵਰਣ, ਪ੍ਰੀਖਿਆ ਪ੍ਰਣਾਲੀ, ਯੂਨੀਵਰਸਿਟੀ ਦੇ ਨਿਯਮਾਂ ਅਤੇ ਉਨ੍ਹਾਂ ਦੇ ਸਮੁੱਚੇ ਵਿਕਾਸ ਲਈ ਉਪਲਬਧ ਮੌਕਿਆਂ ਤੋਂ ਜਾਣੂ ਕਰਵਾਉਣ ਲਈ ਆਯੋਜਿਤ ਕੀਤਾ ਗਿਆ ਸੀ। ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਅਕਾਦਮਿਕ ਅਤੇ ਪ੍ਰੀਖਿਆ ਪ੍ਰਣਾਲੀ, ਯੂਨੀਵਰਸਿਟੀ ਦੇ ਨਿਯਮਾਂ ਅਤੇ ਨਿਯਮਾਂ, ਵਿਦਿਆਰਥੀ ਭਲਾਈ, ਐਨਐਸਐਸ ਗਤੀਵਿਧੀਆਂ, ਮਾਨਸਿਕ ਸਿਹਤ, ਐਂਟੀ-ਰੈਗਿੰਗ ਜਾਗਰੂਕਤਾ ਅਤੇ ਕਰੀਅਰ ਦੇ ਮੌਕਿਆਂ ’ਤੇ ਵਿਚਾਰ-ਵਟਾਂਦਰਾ ਸੈਸ਼ਨਾਂ ਵਿੱਚ ਹਿੱਸਾ ਲਿਆ। ਉਨ੍ਹਾਂ ਨੂੰ ਪ੍ਰਯੋਗਸ਼ਾਲਾਵਾਂ, ਪ੍ਰਯੋਗਿਕ ਡੇਅਰੀ ਪਲਾਂਟ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਖੇਡਾਂ ਅਤੇ ਮਨੋਰੰਜਨ ਸਹੂਲਤਾਂ, ਹਸਪਤਾਲ ਅਤੇ ਲਾਇਬ੍ਰੇਰੀ ਸੇਵਾਵਾਂ ਅਤੇ ਵੱਖ-ਵੱਖ ਵਿਭਾਗਾਂ ਤੇ ਸਹੂਲਤਾਂ ਤੋਂ ਵੀ ਜਾਣੂ ਕਰਵਾਇਆ ਗਿਆ।

ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ ਨੇ ਇਕੱਠ ਨੂੰ ਸੰਬੋਧਨ ਕੀਤਾ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਉਨ੍ਹਾਂ ਨੇ ਅਨੁਸ਼ਾਸਨ, ਨਿਰੰਤਰ ਸਿੱਖਣ, ਪੇਸ਼ੇਵਰ ਯੋਗਤਾ ਅਤੇ ਯੂਨੀਵਰਸਿਟੀ ਜੀਵਨ ਵਿੱਚ ਸਰਗਰਮ ਭਾਗੀਦਾਰੀ ਦੀ ਮਹੱਤਤਾ ਤੇ ਜ਼ੋਰ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ ਡਾ. ਸਰਵਪ੍ਰੀਤ ਸਿੰਘ ਘੁੰਮਣ, ਡੀਨ, ਕਾਲਜ ਆਫ਼ ਡੇਅਰੀ ਐਂਡ ਫੂਡ ਸਾਇੰਸ ਟੈਕਨਾਲੋਜੀ ਦੇ ਸਵਾਗਤੀ ਭਾਸ਼ਣ ਨਾਲ ਹੋਈ। ਡਾ. ਉਪਿੰਦਰ ਸਿੰਘ, ਰਜਿਸਟਰਾਰ ਨੇ ਪ੍ਰੀਖਿਆ ਪ੍ਰਣਾਲੀ ਦੇ ਨਿਯਮਾਂ ਅਤੇ ਨਿਯਮਾਂ ’ਤੇ ਸੰਬੋਧਨ ਕੀਤਾ। ਡਾ. ਜਸਪਾਲ ਸਿੰਘ ਹੁੰਦਲ, ਨਿਰਦੇਸ਼ਕ ਵਿਦਿਆਰਥੀ ਭਲਾਈ ਨੇ ਕਲਾਸਰੂਮਾਂ ਤੋਂ ਹਟ ਕੇ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ’ਤੇ ਗੱਲ ਕੀਤੀ। ਡਾ. ਨਿਰਭੈ ਕੁਮਾਰ ਸਿੰਘ, ਕੰਪਟਰੋਲਰ, ਨੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿੱਚ ਉਨ੍ਹਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਸੰਬੋਧਨ ਕੀਤਾ। ਡਾ. ਐਸ. ਕੇ. ਉੱਪਲ, ਡੀਨ, ਪੋਸਟ ਗ੍ਰੈਜੂਏਟ ਸਟੱਡੀਜ ਨੇ ਯੂਨੀਵਰਸਿਟੀ ਵਿੱਚ ਉਪਲਬਧ ਉੱਚ ਸਿੱਖਿਆ ਦੇ ਮੌਕਿਆਂ ’ਤੇ ਚਾਨਣਾ ਪਾਇਆ, ਵਿਦਿਆਰਥੀਆਂ ਨੂੰ ਆਪਣੀ ਯੂਨੀਵਰਸਿਟੀ ਯਾਤਰਾ ਦੌਰਾਨ ਅਕਾਦਮਿਕ ਅਤੇ ਖੋਜ ਦੇ ਮੌਕਿਆਂ ਦੀ ਪੜਚੋਲ ਕਰਨ ਲਈ ਉਤਸ਼ਾਹਿਤ ਕੀਤਾ। ਸਮਾਪਤੀ ਸੈਸ਼ਨ ਦੇ ਹਿੱਸੇ ਵਜੋਂ ਹਰੇਕ ਕਾਲਜ ਦੇ ਵਿਦਿਆਰਥੀਆਂ ਨੇ ਇੰਡਕਸ਼ਨ ਪ੍ਰੋਗਰਾਮ ’ਤੇ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਇੱਕ ਸਿਹਤਮੰਦ ਅਤੇ ਜ਼ਿੰਮੇਵਾਰ ਜੀਵਨ ਜਿਊਣ ਦੀ ਸਹੁੰ ਚੁਕਾਈ ਗਈ। ਪ੍ਰੋਗਰਾਮ ਡਾ. ਮੀਰਾ ਡੀ. ਆਂਸਲ, ਡੀਨ, ਫਿਸ਼ਰੀਜ਼ ਕਾਲਜ ਵੱਲੋਂ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਇਆ।

ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਵੱਲੋਂ ਸ੍ਰ. ਚਰਨਜੀਤ ਸਿੰਘ ਚੰਨੀ ਨੂੰ “ਸੰਸਦ ਰਤਨ” ਅਵਾਰਡ ਮਿਲਣ ਤੇ ਖੁਸ਼ੀ ਦਾ ਪ੍ਰਗਟਾਵਾ

ਚੰਡੀਗੜ੍ਹ, 9 ਸਤੰਬਰ (ਪੈ.ਗਾਮ-ਏ-ਜਗਤ)



ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਵਲੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਮੌਜੂਦਾ ਐਮ.ਪੀ. ਸ੍ਰ. ਚਰਨਜੀਤ ਸਿੰਘ ਚੰਨੀ ਨੂੰ ”ਸੰਸਦ ਰਤਨ” ਅਵਾਰਡ ਮਿਲਣ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਸੰਸਥਾ ਵਲੋਂ ਸ੍ਰ. ਚੰਨੀ ਨੂੰ ਵਧਾਈਆਂ ਦਿੱਤੀਆਂ ਗਈਆਂ। ਖੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਨੂੰ ਇਹ ਅਵਾਰਡ ਉਨ੍ਹਾਂ ਦੀ ਚੰਗੀ ਕਾਰਗੁਜ਼ਾਰੀ ਲਈ ਦੂਜੀ ਵਾਰ ਦਿੱਤਾ ਗਿਆ।

ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਦੇ ਪ੍ਰਧਾਨ ਪ੍ਰਿੰ. ਬਹਾਦਰ ਸਿੰਘ ਗੋਸਲ ਨੇ ਕਿਹਾ ਕਿ ਸ੍ਰ. ਚਰਨਜੀਤ ਸਿੰਘ ਚੰਨੀ ਨੂੰ ਮਾਣਮੱਤਾ ਅਵਾਰਡ ਮਿਲਣ ਤੇ ਪੰਜਾਬੀ, ਪੰਜਾਬੀਅਤ ਅਤੇ ਪੂਰੇ ਪੰਜਾਬ ਦਾ ਮਾਣ ਵਧਿਆ ਹੈ। ਉਨ੍ਹਾਂ ਕਿਹਾ ਕਿ ਜਿੱਥੇ ਉਹ ਇੱਕ ਪੜ੍ਹੇ ਲਿਖੇ ਨੇਤਾ ਹਨ ਉੱਥੇ ਹੀ ਉਹ ਰਾਜਨੀਤੀ ਵਿਚ ਸੁਲਝੇ ਹੋਏ ਹਨ ਅਤੇ ਪੰਜਾਬ ਦੇ ਮਸਲਿਆਂ ਤੋਂ ਭਲੀ-ਭਾਂਤ ਜਾਣੂ ਹਨ। ਉਨ੍ਹਾਂ ਦਾ ਪੰਜਾਬ ਅਤੇ ਪੰਜਾਬੀ ਪ੍ਰਤੀ ਪ੍ਰੇਮ ਲੋਕ ਉਨ੍ਹਾਂ ਦੇ ਤਿੰਨ ਮਹੀਨੇ ਦੇ ਕਾਰਜਕਾਲ ਤੋਂ ਜਾਣ ਚੁੱਕੇ ਹਨ। ਉਨ੍ਹਾਂ ਨੇ ਅਪੀਲ ਕੀਤੀ ਕਿ ਉਨ੍ਹਾਂ ਨੂੰ ਪੰਜਾਬ ਦੇ ਮਸਲਿਆਂ ਨੂੰ ਹੱਲ ਕਰਨ ਅਤੇ ਗਰੀਬ ਲੋਕਾਂ ਦੇ ਭਲੇ ਲਈ ਲੰਮੇ ਸਮੇਂ ਲਈ ਮੌਕਾ ਦਿੱਤਾ ਜਾਵੇ ਤਾਂ ਕਿ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਦਾ ਭਲਾ ਹੋਵੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੈ ਅਤੇ ਇਸ ਦਾ ਅਗਵਾਈ ਲਈ ਬਹੁਤ ਹੀ ਪੜ੍ਹੇ ਲਿਖੇ ਅਤੇ ਸੂਝਵਾਨ ਨੇਤਾ ਦੀ ਅਗਵਾਈ ਦੀ ਜ਼ਰੂਰਤ ਹੈ।

ਏ.ਡੀ.ਸੀ. ਵੱਲੋਂ ਫਰਮ ਐਲੀਗੈਂਟ ਇੰਮੀਗ੍ਰੇਸ਼ਨ ਸਰਵਿਸਿਜ਼ ਦਾ ਲਾਇਸੰਸ ਰੱਦ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 09 ਸਤੰਬਰ, (ਪੈ.ਗਾਮ-ਏ-ਜਗਤ)

ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਗੀਤਿਕਾ ਸਿੰਘ ਵੱਲੋਂ ਫਰਮ ਐਲੀਗੈਂਟ ਇੰਮੀਗ੍ਰੇਸ਼ਨ ਸਰਵਿਸਿਜ ਦਾ ਲਾਇਸੰਸ ਰੱਦ ਕਰ ਦਿੱਤਾ ਗਿਆ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਫਰਮ ਐਲੀਗੈਂਟ ਇੰਮੀਗ੍ਰੇਸ਼ਨ ਸਰਵਿਸਿਜ ਐੱਸ.ਸੀ.ਓ. ਨੰਬਰ 20, ਦੂਜੀ ਮੰਜ਼ਿਲ, ਸੈਕਟਰ-82, ਜਨਤਾ ਇੰਡਿਸਟਰੀਅਲ ਐਸਟੇਟ, ਮੋਹਾਲੀ ਦੇ ਮਾਲਕ ਸ੍ਰੀ ਦੀਪਕ ਪੁੱਤਰ ਸ੍ਰੀ ਚਰਨਜੀਤ ਸਿੰਘ ਪਤਾ ਸੰਤ ਹਜ਼ਾਰਾ ਸਿੰਘ ਨਗਰ, ਸਨੌਰ ਰੋਡ, ਪਟਿਆਲਾ, ਨੂੰ ਕੰਸਲਟੈਂਸੀ ਦੇ ਕੰਮ ਲਈ ਲਾਇਸੰਸ ਨੰਬਰ 464/ਆਈ.ਸੀ. ਮਿਤੀ 10.11.2021 ਨੂੰ ਜਾਰੀ ਗਿਆ ਸੀ। ਜਿਸ ਦੀ ਮਿਆਦ 09.11.2026 ਤੱਕ ਹੈ।

ਏ.ਡੀ.ਸੀ. ਨੇ ਦੱਸਿਆ ਕਿ ਮਹੀਨਾਵਾਰ ਸਵੈ ਘੋਸ਼ਣਾ ਫਾਰਮ ਛਿਮਾਹੀ ਤੌਰ ਤੇ ਰਿਪੋਰਟਾਂ ਭੇਜਣ ਲਈ ਕਿਹਾ ਗਿਆ ਸੀ ਪ੍ਰੰਤੂ ਫਰਮ ਵੱਲੋਂ ਹੁਣ ਤੱਕ ਕੋਈ ਵੀ ਰਿਪੋਰਟ ਪ੍ਰਾਪਤ ਨਹੀਂ ਹੋਈ। ਅਜਿਹਾ ਕਰਦੇ ਹੋਏ ਪ੍ਰਾਰਥੀ ਵੱਲੋਂ ਐਕਟ/ਰੂਲਾਂ ਦੀ ਪੂਰਨ ਤੌਰ ਤੇ ਉਲੰਘਣਾ ਕੀਤਾ ਗਈ ਹੈ।

ਏ.ਡੀ.ਸੀ. ਨੇ ਜਾਣਕਾਰੀ ਦਿੰਦੇ ਹੋਏ ਦੱਸਿਆਂ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ, 2012 ਦੀ ਧਾਰਾ 6(1)(ਈ) ਦੇ ਉਪਬੰਧਾਂ ਤਹਿਤ ਫਰਮ ਐਲੀਗੈਂਟ ਇੰਮੀਗ੍ਰੇਸ਼ਨ ਸਰਵਿਸਿਜ ਨੂੰ ਜਾਰੀ ਲਾਇਸੰਸ ਨੰ:464/ਆਈ.ਸੀ., ਮਿਤੀ 10.11.2021 ਨੂੰ ਤੁਰੰਤ ਪ੍ਰਭਾਵ ਤੋਂ ਰੱਦ/ਕੈਂਸਲ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਐਕਟ/ਰੂਲਾਂ ਵਿੱਚ ਦਰਸਾਏ ਅਨੁਸਾਰ ਉਕਤ ਪ੍ਰਾਰਥੀ/ਫਰਮ/ਫਰਮ ਦੇ ਮਾਲਕ ਖਿਲਾਫ ਭਵਿੱਖ ਵਿੱਚ ਜੇਕਰ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਪ੍ਰਾਰਥੀ/ਫਰਮ/ਫਰਮ ਦਾ ਮਾਲਕ ਹਰ ਪੱਖੋਂ ਉਸ ਦੀ ਭਰਪਾਈ ਕਰਨ ਲਈ ਖੁਦ ਜ਼ਿੰਮੇਵਾਰ ਹੋਵੇਗਾ।

ਜਸਟਿਸ ਪੰਕਜ ਜੈਨ ਵੱਲੋਂ ਸੰਗਰੂਰ ਜ਼ਿਲ੍ਹਾ ਅਦਾਲਤਾਂ ਵਿਖੇ ‘ਮਦਰਜ਼ ਟੱਚ’ ਕਰੈਚ, ਬਾਰ ਰੂਮ ਅਤੇ ਦੁਕਾਨਾਂ ਦਾ ਉਦਘਾਟਨ



ਸੰਗਰੂਰ, 9 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੇ ਮਾਣਯੋਗ ਜੱਜ ਅਤੇ ਸੰਗਰੂਰ ਸੈਸ਼ਨਜ਼ ਡਿਵੀਜ਼ਨ ਦੇ ਪ੍ਰਸ਼ਾਸਨਿਕ ਜੱਜ ਜਸਟਿਸ ਪੰਕਜ ਜੈਨ ਨੇ ਜ਼ਿਲ੍ਹਾ ਅਦਾਲਤ ਕੰਪਲੈਕਸ, ਸੰਗਰੂਰ ਦਾ ਦੌਰਾ ਕੀਤਾ ਅਤੇ ਅਦਾਲਤੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਵਕੀਲਾਂ, ਅਦਾਲਤੀ ਸਟਾਫ਼ ਅਤੇ ਵੱਖ ਵੱਖ ਮਾਮਲਿਆਂ ਵਿੱਚ ਅਦਾਲਤ ਵਿੱਚ ਆਉਣ ਵਾਲੇ ਵਿਅਕਤੀਆਂ ਲਈ ਸਹੂਲਤਾਂ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਕਈ ਨਵੀਆਂ ਸਹੂਲਤਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਸੰਗਰੂਰ ਸ੍ਰੀ ਮੁਨੀਸ਼ ਸਿੰਗਲ, ਬਾਰ ਐਸੋਸੀਏਸ਼ਨ ਸੰਗਰੂਰ ਦੇ ਪ੍ਰਧਾਨ ਸ੍ਰੀ ਐਸ.ਐਸ. ਢੀਂਡਸਾ, ਪੰਜਾਬ ਤੇ ਹਰਿਆਣਾ ਬਾਰ ਕੌਂਸਲ ਦੇ ਮੈਂਬਰ ਸ੍ਰੀ ਜੀ.ਐਸ. ਗਰੇਵਾਲ ਅਤੇ ਬਾਰ ਦੇ ਹੋਰ ਸੀਨੀਅਰ ਮੈਂਬਰਾਂ ਸਮੇਤ ਮਾਣਯੋਗ ਜਸਟਿਸ ਪੰਕਜ ਜੈਨ ਦਾ ਨਿੱਘਾ ਸਵਾਗਤ ਕੀਤਾ।

ਜ਼ਿਲ੍ਹਾ ਅਦਾਲਤਾਂ ਕੰਪਲੈਕਸ ਵਿਖੇ ਸਥਾਪਿਤ ਕਰੈਚ ਦਾ ਨਾਮ ‘ਮਦਰਜ਼ ਟੱਚ’ ਰੱਖਿਆ ਗਿਆ ਹੈ। ਇਸ ਸਹੂਲਤ ਦੀ ਯੋਜਨਾ ਮਾਣਯੋਗ ਸ੍ਰੀਮਤੀ ਜਸਟਿਸ ਅਲਕਾ ਸਰੀਨ, ਜੱਜ, ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਸੰਗਰੂਰ ਸੈਸ਼ਨਜ਼ ਡਿਵੀਜ਼ਨ ਦੇ ਪ੍ਰਸ਼ਾਸਨਿਕ ਜੱਜ ਵਜੋਂ ਆਪਣੀ ਸੇਵਾ ਦੌਰਾਨ ਕੀਤੀ ਗਈ ਸੀ। ਇਸ ਕਰੈਚ ਦਾ ਉਦਘਾਟਨ ਮਾਣਯੋਗ ਜਸਟਿਸ ਪੰਕਜ ਜੈਨ ਨੇ ਕੀਤਾ। ਇਹ ਕਰੈਚ ਕੰਮਕਾਜੀ ਮਾਪਿਆਂ ਦੇ ਬੱਚਿਆਂ ਲਈ ਸੁਰੱਖਿਅਤ, ਸੁਖਾਵਾਂ ਅਤੇ ਬੱਚਿਆਂ ਦੇ ਅਨੁਕੂਲ ਮਾਹੌਲ ਮੁਹੱਈਆ ਕਰਵਾਉਣ ਲਈ ਸਥਾਪਿਤ ਕੀਤਾ ਗਿਆ ਹੈ।

ਮਾਣਯੋਗ ਜਸਟਿਸ ਪੰਕਜ ਜੈਨ ਨੇ ਵਿਸਤ੍ਰਿਤ ਬਾਰ ਰੂਮ ਦਾ ਵੀ ਉਦਘਾਟਨ ਕੀਤਾ, ਜਿਸ ਨਾਲ ਬਾਰ ਦੇ ਮੈਂਬਰਾਂ ਲਈ ਵਾਧੂ ਜਗ੍ਹਾ ਅਤੇ ਬਿਹਤਰ ਸਹੂਲਤਾਂ ਉਪਲਬਧ ਹੋਣਗੀਆਂ। ਇਹ ਵਿਸਥਾਰ ਵਕੀਲਾਂ ਦੀਆਂ ਵੱਧ ਰਹੀਆਂ ਲੋੜਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਉਨ੍ਹਾਂ ਲਈ ਵਧੇਰੇ ਆਰਾਮਦਾਇਕ ਅਤੇ ਸੁਖਾਵੇਂ ਕੰਮਕਾਜੀ ਮਾਹੌਲ ਨੂੰ ਯਕੀਨੀ ਬਣਾਏਗਾ।

ਇਸ ਤੋਂ ਇਲਾਵਾ, ਮਾਣਯੋਗ ਜਸਟਿਸ ਪੰਕਜ ਜੈਨ ਨੇ ਜ਼ਿਲ੍ਹਾ ਅਦਾਲਤਾਂ ਕੰਪਲੈਕਸ ਵਿਖੇ ਨਵੀਆਂ ਬਣੀਆਂ ਛੇ ਦੁਕਾਨਾਂ ਦਾ ਵੀ ਉਦਘਾਟਨ ਕੀਤਾ। ਇਹ ਦੁਕਾਨਾਂ ਵਕੀਲਾਂ, ਅਦਾਲਤੀ ਸਟਾਫ਼ ਅਤੇ ਹੋਰ ਅਦਾਲਤੀ ਕੰਪਲੈਕਸ ਵਿੱਚ ਆਉਣ ਵਾਲੇ ਲੋਕਾਂ ਨੂੰ ਜ਼ਰੂਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਸਥਾਪਿਤ ਕੀਤੀਆਂ ਗਈਆਂ ਹਨ। ਦੌਰੇ ਦੌਰਾਨ ਮਾਣਯੋਗ ਜਸਟਿਸ ਪੰਕਜ ਜੈਨ ਨੇ ਅਦਾਲਤੀ ਕੰਪਲੈਕਸ ਦੇ ਕੰਮਕਾਜ ਅਤੇ ਬੁਨਿਆਦੀ ਢਾਂਚੇ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਅਦਾਲਤੀ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਵਿੱਚ ਨਿਰੰਤਰ ਸੁਧਾਰ ਦੀ ਮਹੱਤਤਾ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਇੱਕ ਕੁਸ਼ਲ, ਸੁਖਾਵਾਂ, ਪਹੁੰਚਯੋਗ ਅਤੇ ਮੁਕੱਦਮੇਬਾਜ਼ਾਂ ਦੇ ਅਨੁਕੂਲ ਮਾਹੌਲ ਸਿਰਜਣ ਲਈ ਅਜਿਹੇ ਯਤਨ ਲਗਾਤਾਰ ਜਾਰੀ ਰਹਿਣੇ ਚਾਹੀਦੇ ਹਨ।

ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲਾਗ-2027 ਨੌਜਵਾਨਾਂ ਲਈ ਪ੍ਰਤਿਭਾ, ਲੀਡਰਸ਼ਿਪ ਤੇ ਨਵੇਂ ਵਿਚਾਰਾਂ ਨੂੰ ਰਾਸ਼ਟਰੀ ਮੰਚ ਦੇਣ ਦਾ ਸੁਨਹਿਰੀ ਮੌਕਾ: ਡਿਪਟੀ ਡਾਇਰੈਕਟਰ

ਸੰਗਰੂਰ, 9 ਸਤੰਬਰ, (ਪੈ.ਗਾਮ-ਏ-ਜਗਤ)

ਡਿਪਟੀ ਡਾਇਰੈਕਟਰ, ਮਾਈ ਭਾਰਤ ਸੰਗਰੂਰ ਰਾਹੁਲ ਸੈਨੀ ਨੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਵਿਕਸਿਤ ਭਾਰਤ ਯੰਗ ਲੀਡਰਜ਼ ਡਾਇਲਾਗ (ਵੀ.ਬੀ.ਵਾਈ.ਐਲ.ਡੀ.)-2027 ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਪਹਿਲ ਨੌਜਵਾਨਾਂ ਨੂੰ ਆਪਣੀ

- **ਸੰਗਰੂਰ ਦੇ ਵੱਧ ਤੋਂ ਵੱਧ ਯੋਗ ਨੌਜਵਾਨ ਵੀ.ਬੀ.ਵਾਈ.ਐਲ.ਡੀ ਕਵਿਜ਼ ਲਈ ਮਾਈ ਭਾਰਤ ਪੋਰਟਲ ’ਤੇ ਕਰਵਾਉਣ ਰਜਿਸਟ੍ਰੇਸ਼ਨ**

ਪ੍ਰਤਿਭਾ, ਲੀਡਰਸ਼ਿਪ ਸਮਰੱਥਾ, ਰਚਨਾਤਮਕਤਾ ਅਤੇ ਨਵੇਂ ਵਿਚਾਰਾਂ ਨੂੰ ਰਾਸ਼ਟਰੀ ਪੱਧਰ ’ਤੇ ਪੇਸ਼ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਉਨ੍ਹਾਂ ਯੋਗ ਨੌਜਵਾਨਾਂ ਨੂੰ ਮਾਈ ਭਾਰਤ ਪੋਰਟਲ ’ਤੇ ਰਜਿਸਟ੍ਰੇਸ਼ਨ ਕਰਕੇ ਵੀ.ਬੀ.ਵਾਈ.ਐਲ.ਡੀ ਕਵਿਜ਼ ਵਿੱਚ ਭਾਗ ਲੈਣ ਦੀ ਅਪੀਲ ਕੀਤੀ।

ਉਨ੍ਹਾਂ ਦੱਸਿਆ ਕਿ ਯੁਵਾ ਮਾਮਲੇ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ ਵੀ.ਬੀ.ਵਾਈ.ਐਲ.ਡੀ -2027 ਨੌਜਵਾਨਾਂ ਦੀ ਸੋਚ ਅਤੇ ਸਮਰੱਥਾ ਨੂੰ ਦੇਸ਼ ਦੇ ਵਿਕਾਸ ਨਾਲ ਜੋੜਨ ਵਾਲਾ ਮੰਚ ਹੈ। ਇਸ ਰਾਹੀਂ ਨੌਜਵਾਨਾਂ ਨੂੰ ‘ਵਿਕਸਿਤ ਭਾਰਤ 02047’ ਦੇ ਨਿਰਮਾਣ ਲਈ ਆਪਣੇ ਵਿਚਾਰ ਅਤੇ ਸੁਝਾਅ ਸਾਹਮਣੇ ਲਿਆਉਣ ਦਾ ਮੌਕਾ ਮਿਲੇਗਾ।



ਡਿਪਟੀ ਡਾਇਰੈਕਟਰ ਨੇ ਦੱਸਿਆ ਕਿ 17 ਅਗਸਤ 2026 ਨੂੰ 15 ਤੋਂ 29 ਸਾਲ ਦੀ ਉਮਰ ਵਾਲੇ ਨੌਜਵਾਨ ਇਸ ਵਿੱਚ ਭਾਗ ਲੈਣ ਦੇ ਯੋਗ ਹਨ। ਵੀ.ਬੀ.ਵਾਈ.ਐਲ.ਡੀ -2027 ਤਹਿਤ ਛੇ ਮੁੱਖ ਟ੍ਰੈਕ—ਵਿਕਸਿਤ ਭਾਰਤ ਚੈਲੈਂਜ, ਕਲਚਰਲ ਟ੍ਰੈਕ, ਡਿਜ਼ਾਈਨ ਫਾਰ ਭਾਰਤ, ਹੈਕ ਫਾਰ ਸੋਸ਼ਲ ਕਾਜ਼, ਯੂਥ ਐਂਟਰਪ੍ਰਿਨਿਊਰਜ਼ ਚੈਲੈਂਜ ਅਤੇ ਯੂਥ ਪਾਰਲੀਮੈਂਟ—ਸ਼ਾਮਲ ਹਨ। ਇਨ੍ਹਾਂ ਰਾਹੀਂ ਨੌਜਵਾਨਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਆਪਣੀ ਪ੍ਰਤਿਭਾ ਅਤੇ ਵਿਚਾਰਕ ਸਮਰੱਥਾ ਵਿਖਾਉਣ ਦਾ ਮੌਕਾ ਮਿਲੇਗਾ।

ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਵੀ.ਬੀ.ਵਾਈ.ਐਲ.ਡੀ -2026 ਵਿੱਚ ਦੇਸ਼ ਭਰ ਤੋਂ 50 ਲੱਖ ਤੋਂ ਵੱਧ ਨੌਜਵਾਨਾਂ ਨੇ ਭਾਗ ਲਿਆ ਸੀ, ਜੋ ਇਸ ਰਾਸ਼ਟਰੀ ਪ੍ਰੋਗਰਾਮ ਪ੍ਰਤੀ ਨੌਜਵਾਨਾਂ ਦੇ ਉਤਸ਼ਾਹ ਨੂੰ ਦਰਸਾਉਂਦਾ ਹੈ।

ਉਨ੍ਹਾਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਐਨ. ਐਸ. ਐਸ./ ਐਨ.ਸੀ.ਸੀ. ਇਕਾਈਆਂ, ਯੂਥ ਕਲੱਬਾਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਯੋਗ ਨੌਜਵਾਨਾਂ ਤੱਕ ਵੀ.ਬੀ.ਵਾਈ.ਐਲ.ਡੀ 2027 -ਸਬੰਧੀ ਜਾਣਕਾਰੀ ਪਹੁੰਚਾਈ ਜਾਵੇ ਅਤੇ ਉਨ੍ਹਾਂ ਨੂੰ ਰਜਿਸਟ੍ਰੇਸ਼ਨ ਕਰਵਾ ਕੇ ਇਸ ਮੌਕੇ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ ਜਾਵੇ।

ਡਿਪਟੀ ਡਾਇਰੈਕਟਰ ਨੇ ਕਿਹਾ ਕਿ ਸੰਗਰੂਰ ਦੇ ਨੌਜਵਾਨਾਂ ਵਿੱਚ ਪ੍ਰਤਿਭਾ ਅਤੇ ਨਵੇਂ ਵਿਚਾਰਾਂ ਦੀ ਕੋਈ ਘਾਟ ਨਹੀਂ ਹੈ ਅਤੇ ਵੀ.ਬੀ.ਵਾਈ.ਐਲ.ਡੀ -2027 ਉਨ੍ਹਾਂ ਲਈ ਆਪਣੀ ਸੋਚ ਨੂੰ ਦੇਸ਼ ਦੇ ਭਵਿੱਖ ਨਾਲ ਜੋੜਨ ਦਾ ਸਾਰਥਕ ਮੰਚ ਹੈ। ਉਨ੍ਹਾਂ ਮੀਡੀਆ ਨੂੰ ਵੀ ਵੀ.ਬੀ.ਵਾਈ.ਐਲ.ਡੀ ਕਵਿਜ਼ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕਰਨ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਵੀ.ਬੀ.ਵਾਈ.ਐਲ.ਡੀ -2027 ਦਾ ਗ੍ਰੈਂਡ ਨੈਸ਼ਨਲ ਪ੍ਰੋਗਰਾਮ 10 ਤੋਂ 12 ਜਨਵਰੀ 2027 ਤੱਕ ਨਵੀਂ ਦਿੱਲੀ ਵਿਖੇ ਕਰਵਾਇਆ ਜਾਵੇਗਾ, ਜਿਸ ਵਿੱਚ ਚੁਣੇ ਗਏ ਨੌਜਵਾਨਾਂ ਨੂੰ ਰਾਸ਼ਟਰੀ ਪੱਧਰ ਦੇ ਸੰਵਾਦ ਵਿੱਚ ਆਪਣੀ ਸੋਚ ਅਤੇ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲੇਗਾ।

ਉੱਚ ਜੋਖਮ ਵਾਲੀਆਂ ਗਰਭਵਤੀ ਔਰਤਾਂ ਲਈ ਜਾਂਚ ਕੈਂਪ ਆਯੋਜਿਤ



ਬਠਿੰਡਾ, 9 ਸਤੰਬਰ (ਪੈ.ਗਾਮ-ਏ-ਜਗਤ)

ਸਿਵਲ ਸਰਜਨ ਬਠਿੰਡਾ ਡਾ ਤਪਿੰਦਰਜੋਤ ਦੇ ਦਿਸ਼ਾ ਨਿਰਦੇਸ਼ਾ ਤਹਿਤ ਸਿਹਤ ਵਿਭਾਗ ਬਠਿੰਡਾ ਵੱਲੋਂ ਗਰਭਵਤੀ ਔਰਤਾਂ ਦੀ ਸਿਹਤ ਦੀ ਨਿਯਮਤ ਜਾਂਚ, ਉੱਚ ਜੋਖਮ ਵਾਲੀਆਂ ਗਰਭਵਤੀ ਔਰਤਾਂ ਦੀ ਪਹਿਚਾਣ ਅਤੇ ਉਨ੍ਹਾਂ ਨੂੰ ਸਮੇਂ ਸਿਰ ਲੋੜੀਂਦੀ ਸਿਹਤ ਸਹੂਲਤ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਜੱਚਾ-ਬੱਚਾ ਹਸਪਤਾਲ ਵਿਖੇ ਪ੍ਰਧਾਨ ਮੰਤਰੀ ਮਾਤ੍ਰਿਤਵ ਅਭਿਆਨ ਤਹਿਤ ਵਿਸ਼ੇਸ਼ ਸਿਹਤ ਕੈਂਪ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆ ਸਿਵਲ ਸਰਜਨ ਡਾ ਤਪਿੰਦਰਜੋਤ ਨੇ ਦੱਸਿਆ ਕਿ ਕੈਂਪ ਦੌਰਾਨ ਗਰਭਵਤੀ ਮਹਿਲਾਵਾਂ ਨੂੰ ਗਰਭ ਅਵਸਥਾ ਦੌਰਾਨ ਪੋਸ਼ਟਿਕ ਖੁਰਾਕ, ਆਇਰਨ ਅਤੇ ਕੈਲਸ਼ੀਅਮ ਗੋਲੀਆਂ ਦੀ ਮਹੱਤਤਾ, ਸਮੇਂ-ਸਮੇਂ ਤੇ ਚੈੱਕਅੱਪ ਕਰਵਾਉਣ ਅਤੇ ਸੰਸਥਾਗਤ ਡਿਲੀਵਰੀ ਦੀ ਲੋੜ ਬਾਰੇ ਜਾਗਰੂਕ ਕੀਤਾ ਜਾਂਦਾ ਹੈ । ਇਸ ਦੇ ਨਾਲ ਹੀ ਉਨ੍ਹਾਂ ਨੂੰ ਬਜ਼ਾਰੂ ਜੰਕ ਫੂਡ ਅਤੇ ਕੋਲਡ ਡਰਿਕਸ ਦੇ ਸਿਹਤ ਉੱਤੇ ਪੈਣ ਵਾਲੇ ਨੁਕਸਾਨਾਂ ਸਮੇਤ ਗਰਭ ਦੌਰਾਨ ਪਲਾਸਟਿਕ ਦੇ ਬਰਤਨਾਂ ਦੀ ਵਰਤੋਂ ਦੇ ਨੁਕਸਾਨਾਂ ਤੋਂ ਵੀ ਜਾਣੂ ਕਰਵਾਇਆ ਮਾਹਿਰ ਡਾਕਟਰਾਂ ਅਤੇ ਸਿਹਤ ਕਰਮਚਾਰੀਆਂ ਵੱਲੋਂ ਗਰਭਵਤੀ ਔਰਤਾਂ ਦੀ ਵਿਸਥਾਰਪੂਰਵਕ ਸਿਹਤ ਜਾਂਚ ਕੀਤੀ ਗਈ। ਇਸ ਦੌਰਾਨ ਬਲੱਡ ਪ੍ਰੈਸ਼ਰ, ਹੀਮੋਗਲੋਬਿਨ, ਬਲੱਡ ਸ਼ੂਗਰ ਆਦਿ ਦੀ ਜਾਂਚ ਦੇ ਨਾਲ-ਨਾਲ ਲੋੜ ਅਨੁਸਾਰ ਹੋਰ ਟੈਸਟ ਵੀ ਕੀਤੇ ਗਏ। ਗਰਭਵਤੀ ਔਰਤਾਂ ਨੂੰ ਸੰਤੁਲਿਤ ਖੁਰਾਕ, ਆਇਰਨ-ਫੋਲਿਕ ਐਸਿਡ ਦੀਆਂ ਗੋਲੀਆਂ ਦੀ ਵਰਤੋਂ, ਨਿਯਮਤ ਜਾਂਚ ਅਤੇ ਗਰਭ ਅਵਸਥਾ ਦੌਰਾਨ ਸਾਵਧਾਨੀਆਂ ਸਬੰਧੀ ਵੀ ਜਾਣਕਾਰੀ ਦਿੱਤੀ ਗਈ।

ਡਾ ਛਵਿੰਦਰ ਸਿੰਘ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮਾਤ੍ਰਿਤਵ ਅਭਿਆਨ ਦਾ ਮੁੱਖ ਉਦੇਸ਼ ਹਰ ਗਰਭਵਤੀ ਔਰਤ ਨੂੰ ਗੁਣਵੱਤਾ ਭਰਪੂਰ ਅਤੇ ਮੁਫ਼ਤ ਜਣੇਪਾ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ। ਖਾਸ ਕਰਕੇ ਉੱਚ ਜੋਖਮ ਵਾਲੀਆਂ ਗਰਭਵਤੀ ਔਰਤਾਂ ਦੀ ਸਮੇਂ ਸਿਰ ਪਹਿਚਾਣ ਕਰਕੇ ਉਨ੍ਹਾਂ ਦੀ ਨਿਗਰਾਨੀ ਅਤੇ ਲੋੜ ਪੈਣ ’ਤੇ ਉੱਚ ਪੱਧਰੀ ਸਿਹਤ ਸੰਸਥਾ ਵਿੱਚ ਰੈਫਰਲ ਯਕੀਨੀ ਬਣਾਇਆ ਜਾਂਦਾ ਹੈ।

ਇਸ ਮੌਕੇ ਡਿਪਟੀ ਮਾਸ ਮੀਡੀਆ ਅਫ਼ਸਰ ਲਖਵਿੰਦਰ ਸਿੰਘ ਕੈਂਥ ਨੇ ਗਰਭਵਤੀ ਔਰਤਾਂ ਨੂੰ ਅਪੀਲ ਕੀਤੀ ਕਿ ਉਹ ਗਰਭ ਅਵਸਥਾ ਦੌਰਾਨ ਆਪਣੀ ਸਿਹਤ ਦੀ ਨਿਯਮਤ ਜਾਂਚ ਕਰਵਾਉਣ ਅਤੇ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਉਪਲਬਧ ਮੁਫ਼ਤ ਸਿਹਤ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਲੈਣ। ਸਿਹਤ ਵਿਭਾਗ ਵੱਲੋਂ ਮਾਂ ਅਤੇ ਬੱਚੇ ਦੀ ਸਿਹਤ ਨੂੰ ਸੁਰੱਖਿਅਤ ਬਣਾਉਣ ਲਈ ਅਜਿਹੇ ਕੈਂਪ ਲਗਾਤਾਰ ਆਯੋਜਿਤ ਕੀਤੇ ਜਾ ਰਹੇ ਹਨ। ਇਸ ਮੌਕੇ ਕੌਂਸ਼ਲਰ ਚਰਨਪਾਲ ਕੌਰ ਅਤੇ ਏ.ਐਨ.ਐਮ ਰਾਜਵਿੰਦਰ ਕੌਰ ਹਾਜਰ ਸਨ ।


ਪੰਜਾਬ ਰਾਜ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ

ਮੋਹਾਲੀ, 9 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਰਾਜ ਪੈਨਸ਼ਨਰਜ਼ ਐਸੋਸੀਏਸ਼ਨ, ਜ਼ਿਲ੍ਹਾ ਮੋਹਾਲੀ ਦੇ ਪ੍ਰਧਾਨ ਡਾ. ਐਨ.ਕੇ.ਕਲਸੀ ਦੀ ਪ੍ਰਧਾਨਗੀ ਹੇਠ, ਪੈਨਸ਼ਨਰਜ਼ ਦੀਆਂ ਸੰਵਿਧਾਨਿਕ ਅਤੇ ਹੱਕੀ ਮੰਗਾਂ, ਜਿਸ ਵਿੱਚ ਮਹਿੰਗਾਈ ਭੱਤੇ ਦਾ ਮਾਮਲਾ ਵੀ ਸ਼ਾਮਲ ਹੈ, ਨੂੰ ਵਿਚਾਰਨ ਲਈ ਹੋਈ ਮਾਸਿਕ ਮੀਟਿੰਗ ਵਿੱਚ ਵੱਖ-ਵੱਖ ਬੁਲਾਰਿਆਂ ਜਰਨੈਲ ਸਿੰਘ ਸਿੱਧੂ, ਚੇਅਰਮੈਨ, ਗੁਰਬਖਸ਼ ਸਿੰਘ, ਸੀਨੀਅਰ ਮੀਤ ਪ੍ਰਧਾਨ, ਸੁੱਚਾ ਸਿੰਘ ਕਲੌੜ, ਸੀਨੀਅਰ ਮੀਤ ਪ੍ਰਧਾਨ, ਸਰਦਾਰਨੀ ਰਵਿੰਦਰ ਕੌਰ ਗਿੱਲ, ਸੀਨੀਅਰ ਮੀਤ ਪ੍ਰਧਾਨ, ਕਰਤਾਰ ਸਿੰਘ ਪਾਲ, ਕ੍ਰਿਸ਼ਨ ਚੰਦ, ਭਗਤ ਰਾਮ ਰੰਗਾੜਾ, ਰਣਜੋਧ ਸਿੰਘ ਰਾਣਾ ਅਤੇ ਹੋਰ ਪ੍ਰਮੁੱਖ ਬੁਲਾਰਿਆਂ ਨੇ ਸਰਕਾਰ ਦੇ ਪੈਨਸ਼ਨਰਜ਼ ਅਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਦੀ ਪ੍ਰਵਾਨਗੀ ਮਾਨਯੋਗ ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਵੀ ਨਾ ਦੇਣ ਲਈ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਜੇਕਰ ਸਰਕਾਰ ਨੇ ਹਾਈ ਕੋਰਟ ਦੇ ਹੁਕਮ ਮਿਤੀ 03/08/2026 ਅਨੁਸਾਰ ਮਹਿੰਗਾਈ ਭੱਤਾ, ਮਹਿੰਗਾਈ ਭੱਤੇ ਦਾ ਬਕਾਇਆ ਅਤੇ 6ਵੇਂ ਤਨਖਾਹ ਕਮਿਸ਼ਨ ਦਾ ਬਕਾਇਆ ਯਕਮੁਸ਼ਤ ਅਦਾ ਨਾ ਕੀਤਾ ਤਾਂ 2027 ਦੀਆਂ ਚੋਣਾਂ ਵਿੱਚ ਖਾਮਿਆਜਾ ਭੁਗਤਣ ਲਈ ਤਿਆਰ ਰਹਿਣ। ਇਸ ਮੌਕੇ ਪ੍ਰੋਫੈਸਰ ਡਾਕਟਰ ਵਿਵੇਕ ਸ੍ਰੀਵਾਸਤਵਾ ਨੇ ਪੈਨਸ਼ਨਰਜ਼ ਦੀਆਂ ਆਰਥਕ ਮੁਸ਼ਕਲਾਂ ਸਬੰਧੀ ਜਾਣਕਾਰੀ ਦਿੱਤੀ। ਮੀਟਿੰਗ ਦੇ ਅੰਤ ਵਿੱਚ ਪ੍ਰਧਾਨ ਜੀ ਨੇ ਮੀਟਿੰਗ ਵਿੱਚ ਸ਼ਾਮਲ ਪੈਨਸ਼ਨਰਾਂ ਦੇ ਭਾਰੇ ਇਕੱਠ ਦਾ ਤਹਿ ਦਿਲੋਂ ਧੰਨਵਾਦ ਕੀਤਾ।


ਮੈਕਸ ਹਸਪਤਾਲ ਨੇ ਹੁਸ਼ਿਆਰਪੁਰ ਵਿੱਚ ਆਰਥੋ ਓ.ਪੀ.ਡੀ. ਸ਼ੁਰੂ ਕੀਤੀ

ਹੁਸ਼ਿਆਰਪੁਰ, (ਪੈ.ਗਾਮ-ਏ-ਜਗਤ)



ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੁਹਾਲੀ ਨੇ ਬੁੱਧਵਾਰ ਨੂੰ ਕੰਵਰ ਹਸਪਤਾਲ, ਹੁਸ਼ਿਆਰਪੁਰ ਵਿੱਚ ਆਪਣੀਆਂ ਆਰਥੋਪੈਡਿਕਸ ਅਤੇ ਜੁਆਇੰਟ ਰਿਪਲੇਸਮੈਂਟ ਓ.ਪੀ.ਡੀ. ਸੇਵਾਵਾਂ ਸ਼ੁਰੂ ਕਰਨ ਦਾ ਐਲਾਨ ਕੀਤਾ। ਡਾਇਰੈਕਟਰ-ਆਰਥੋ ਅਤੇ ਜੁਆਇੰਟ ਰਿਪਲੇਸਮੈਂਟ, ਡਾ. ਸੰਦੀਪ ਗੁਪਤਾ ਹਰ ਮਹੀਨੇ ਦੇ ਚੌਥੇ ਸੋਮਵਾਰ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਪ੍ਰਾਇਮਰੀ ਸਲਾਹ-ਮਸ਼ਵਰੇ ਅਤੇ ਫਾਲੋ-ਅੱਪ ਲਈ ਓ.ਪੀ.ਡੀ. ਵਿੱਚ ਉਪਲਬਧ ਰਹਿਣਗੇ। ਇਸ ਲਾਂਚ ’ਤੇ ਬੋਲਦਿਆਂ ਡਾ. ਗੁਪਤਾ ਨੇ ਕਿਹਾ, ਹੁਸ਼ਿਆਰਪੁਰ ਵਿੱਚ ਨਿਯਮਿਤ ਓ.ਪੀ.ਡੀ. ਸਲਾਹ-ਮਸ਼ਵਰੇ ਰਾਹੀਂ, ਸਾਡਾ ਉਦੇਸ਼ ਮਰੀਜ਼ਾਂ ਲਈ ਵਿਸ਼ੇਸ਼ ਆਰਥੋਪੈਡਿਕ ਦੇਖਭਾਲ ਨੂੰ ਵਧੇਰੇ ਪਹੁੰਚਯੋਗ ਬਣਾਉਣਾ ਅਤੇ ਉਨ੍ਹਾਂ ਨੂੰ ਸਮੇਂ ਸਿਰ ਜਾਂਚ, ਇਲਾਜ ਸੰਬੰਧੀ ਮਾਰਗਦਰਸ਼ਨ ਅਤੇ ਫਾਲੋ-ਅੱਪ ਦੇਖਭਾਲ ਪ੍ਰਾਪਤ ਕਰਨ ਵਿੱਚ ਮਦਦ ਕਰਨਾ ਹੈ। ਡਾ. ਗੁਪਤਾ ਨੇ ਦੱਸਿਆ, ਜੋੜਾਂ ਦੀਆਂ ਸਮੱਸਿਆਵਾਂ ਦੀ ਸਮੇਂ ਸਿਰ ਪਛਾਣ ਕਰਕੇ, ਅਸੀਂ ਸਥਿਤੀ ਵਿਗੜਨ ਤੋਂ ਪਹਿਲਾਂ ਹੀ ਸੁਧਾਰਾਤਮਕ ਕਦਮ ਚੁੱਕ ਸਕਦੇ ਹਾਂ, ਜਿਸ ਨਾਲ ਅੱਗੇ ਹੋਣ ਵਾਲੇ ਨੁਕਸਾਨ ਨੂੰ ਰੋਕਿਆ ਜਾ ਸਕਦਾ ਹੈ ਅਤੇ ਜਟਿਲਤਾਵਾਂ ਦੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ। ਸਮੇਂ ਸਿਰ ਜਾਂਚ ਨਾਲ ਢੁਕਵਾਂ ਇਲਾਜ ਲਾਗੂ ਕਰਨ ਵਿੱਚ ਮਦਦ ਮਿਲਦੀ ਹੈ।

ਇੰਸ ਬਾਰੋਲੀਆ ਟਰੱਸਟ ਦੇ ਨਵੇਂ ਜ਼ਿਲ੍ਹਾ ਪ੍ਰਧਾਨ ਚੁਣੇ ਗਏ : ਢੋਸੀਵਾਲ



ਪੈ.ਗਾਮ-ਏ-ਜਗਤ/ਫਰੀਦਕੋਟ 08 ਸਤੰਬਰ (ਸ਼ਿਵਨਾਥ)


ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਸੀਨੀਅਰ ਆਗੂਆਂ ਦੀ ਵਿਸ਼ੇਸ਼ ਮੀਟਿੰਗ ਅੱਜ ਸਥਾਨਕ ਅਰੋਮਾ ਹੋਟਲ ਵਿਖੇ ਹੋਈ। ਮੀਟਿੰਗ ਵਿਚ ਟਰੱਸਟ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਇਸ ਤੋਂ ਇਲਾਵਾ ਮੀਟਿੰਗ ਵਿਚ ਜਿਲ੍ਹਾ ਚੀਫ ਪੈਟਰਨ ਹੀਰਾਵਤੀ ਸੇਵਾ ਮੁਕਤ ਤਹਿਸੀਲਦਾਰ, ਇੰਸ. ਰਮੇਸ਼ ਕੁਮਾਰ ਬਾਰੋਲੀਆ, ਲੀਗਲ ਅਡਵਾਇਜ਼ਰ ਐਡਵੋਕੇਟ ਪ੍ਰਦੀਪ ਸਿੰਘ ਅਟਵਾਲ, ਚੀਫ਼ ਐਡਵਾਇਜ਼ਰ ਸ੍ਰੀ ਕ੍ਰਿਸ਼ਨ ਆਰ.ਏ. ਅਤੇ ਪ੍ਰੈਸ ਸਕੱਤਰ ਸ਼ਿਵ ਨਾਥ ਦਰਦੀ ਆਦਿ ਮੌਜੂਦ ਸਨ। ਮੀਟਿੰਗ ਦੌਰਾਨ ਜਿਲ੍ਹਾ ਪ੍ਰਧਾਨ ਸ੍ਰੀ ਡੀ.ਪੀ.ਐੱਸ. ਭੋਲਾ ਵੱਲੋਂ ਆਪਣੇ ਘਰੇਲੂ ਰੁਝੇਵਿਆਂ ਕਾਰਨ ਟਰੱਸਟ ਦੇ ਜਿਲ੍ਹਾ ਪ੍ਰਧਾਨ ਵਜੋਂ ਸੇਵਾਵਾਂ ਜਾਰੀ ਨਾ ਰੱਖ ਸਕਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਸਭ ਬੁਲਾਰਿਆਂ ਨੇ ਇਕ ਮਤੇ ਨਾਲ ਭੋਲਾ ਜੀ ਦੀ ਇੱਛਾ ਨਾਲ ਸਹਿਮਤੀ ਪ੍ਰਗਟਾਉਂਦੇ ਹੋਏ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੀਆਂ ਪਰਿਵਾਰਕ ਅਤੇ ਘਰੇਲੂ ਜਿੰਮੇਵਾਰੀਆਂ ਨੂੰ ਪਹਿਲ ਦੇ ਆਧਾਰ ’ਤੇ ਨਿਭਾਉਣਾ ਚਾਹੀਦਾ ਹੈ। ਇਸ ਮੌਕੇ ਸੰਸਥਾਪਕ ਸ੍ਰੀ ਢੋਸੀਵਾਲ ਨੇ ਕਿਹਾ ਕਿ ਭਾਵੇਂ ਸ੍ਰੀ ਭੋਲਾ ਦੀ ਪ੍ਰਧਾਨਗੀ ਦੀ ਮਿਆਦ ਥੋੜਾ ਸਮਾਂ ਹੀ ਰਹੀ ਹੈ ਪਰੰਤੂ ਉਨ੍ਹਾਂ ਦੇ ਇਸ ਕਾਰਜਕਾਲ ਦੌਰਾਨ ਉਨ੍ਹਾਂ ਵੱਲੋਂ ਟਰੱਸਟ ਨੂੰ ਦਿਤੀ ਸੇਧ ਅਤੇ ਅਗਵਾਈ ਸਦਾ ਯਾਦ ਰੱਖੀ ਜਾਵੇਗੀ। ਮੀਟਿੰਗ ਦੌਰਾਨ ਸ੍ਰੀ ਭੋਲਾ ਦੇ ਸਮੁੱਚੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਕਾਮਨਾ ਵੀ ਕੀਤੀ ਗਈ। ਉਕਤ ਜਾਣਕਾਰੀ ਦਿੰਦੇ ਹੋਏ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਟਰੱਸਟ ਦੇ ਮੌਜੂਦਾ ਸੀਨੀਅਰ ਮੀਤ ਪ੍ਰਧਾਨ ਇੰਸ ਰਮੇਸ਼ ਕੁਮਾਰ ਬਾਰੋਲੀਆ ਨੂੰ ਸਰਬ ਸੰਮਤੀ ਨਾਲ ਟਰੱਸਟ ਦਾ ਨਵਾਂ ਜਿਲ੍ਹਾ ਪ੍ਰਧਾਨ ਚੁਣਿਆ ਗਿਆ। ਸਮੂਹ ਮੈਂਬਰਾਂ ਨੇ ਨਵੇਂ ਚੁਣੇ ਗਏ ਪ੍ਰਧਾਨ ਇੰਸ. ਬਾਰੋਲੀਆ ਨੂੰ ਹਾਰ ਪੁਆ ਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਨੇ ਸੰਸਥਾਪਕ ਸ੍ਰੀ ਢੋਸੀਵਾਲ ਸਮੇਤ ਸਮੂਹ ਟਰੱਸਟ ਮੈਂਬਰਾਂ ਵੱਲੋਂ ਉਨ੍ਹਾਂ ਉਪਰ ਪ੍ਰਗਟਾਏ ਵਿਸ਼ਵਾਸ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਆਪਣੀ ਨਵੀਂ ਜਿੰਮੇਵਾਰੀ ਨੂੰ ਪੂਰੀ ਤਨ ਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ।

ਸੇਵਾ ਸੰਕਲਪ ਅਭਿਆਨ ਤਹਿਤ 17 ਸਤੰਬਰ ਨੂੰ ਹੋਵੇਗਾ ‘ਆਸ਼ੀਰਵਾਦ ਦਾ ਦੀਵਾ’ ਪ੍ਰੋਗਰਾਮ

ਪੈਗਾਮ-ਏ-ਜਗਤ/ਰਤੀਆ, 9 ਸਤੰਬਰ (ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)

ਸੇਵਾ ਸੰਕਲਪ ਅਭਿਆਨ ਤਹਿਤ ਆਉਣ ਵਾਲੀ 17 ਸਤੰਬਰ 2026 ਨੂੰ ਰਤੀਆ ਸਬ-ਡਿਵੀਜ਼ਨ ਵਿੱਚ ‘ਆਸ਼ੀਰਵਾਦ ਦਾ ਦੀਵਾ’ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਵੇਗਾ। ਪ੍ਰੋਗਰਾਮ ਦਾ ਉਦੇਸ਼ ਵੱਖ-ਵੱਖ ਸਰਕਾਰੀ ਲੋਕ ਭਲਾਈ ਯੋਜਨਾਵਾਂ ਦੇ ਲਾਭਪਾਤਰੀਆਂ ਨੂੰ ਪ੍ਰੋਗਰਾਮ ਨਾਲ ਜੋੜ ਕੇ ਉਨ੍ਹਾਂ ਵਿੱਚ ਸਰਕਾਰ ਦੀਆਂ ਯੋਜਨਾਵਾਂ ਪ੍ਰਤੀ ਜਾਗਰੂਕਤਾ ਵਧਾਉਣਾ ਅਤੇ ਯੋਜਨਾਵਾਂ ਦਾ ਲਾਭ ਯੋਗ ਲੋਕਾਂ ਤੱਕ ਪਹੁੰਚਾਉਣਾ ਹੈ।

ਐਸਡੀਐਮ ਸੁਰਿੰਦਰ ਸਿੰਘ ਨੇ ਦੱਸਿਆ ਕਿ ਪ੍ਰੋਗਰਾਮ ਦੌਰਾਨ ਬੂਥ ਪੱਧਰ ’ਤੇ ਵੱਖ-ਵੱਖ ਸਰਕਾਰੀ ਯੋਜਨਾਗਤ ਲਾਭਪਾਤਰੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਸਬੰਧਤ ਵਿਭਾਗਾਂ ਤੋਂ ਯੋਜਨਾਵਾਂ ਦੇ ਲਾਭਪਾਤਰੀਆਂ ਦੀ ਸੂਚੀ ਪ੍ਰਾਪਤ ਕਰਕੇ ਉਨ੍ਹਾਂ ਦੀ ਪਛਾਣ ਕੀਤੀ ਜਾਵੇਗੀ ਅਤੇ ਪ੍ਰੋਗਰਾਮ ਸਬੰਧੀ ਲੋੜੀਂਦੀ ਜਾਣਕਾਰੀ ਦਿੱਤੀ ਜਾਵੇਗੀ। ਐਸਡੀਐਮ ਸੁਰਿੰਦਰ ਸਿੰਘ ਨੇ ਦੱਸਿਆ ਕਿ 17 ਸਤੰਬਰ ਨੂੰ ਸਾਰੇ ਬੂਥ ਲੈਵਲ ਅਧਿਕਾਰੀ ਆਪੋ-ਆਪਣੇ ਪੋਲਿੰਗ ਕੇਂਦਰਾਂ ’ਤੇ ਹਾਜ਼ਰ ਰਹਿ ਕੇ ਡਿਊਟੀ ਦੇਣਗੇ। ਸਬੰਧਤ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਇਹ ਯਕੀਨੀ ਬਣਾਉਣਗੇ ਕਿ ਵੱਖ-ਵੱਖ ਸਰਕਾਰੀ ਯੋਜਨਾਵਾਂ ਦੇ ਲਾਭਪਾਤਰੀਆਂ ਨੂੰ ਪ੍ਰੋਗਰਾਮ ਵਿੱਚ ਸ਼ਾਮਲ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਸਮੇਂ ਸਿਰ ਲੋੜੀਂਦੀ ਜਾਣਕਾਰੀ ਉਪਲਬਧ ਕਰਵਾਈ ਜਾਵੇ। ਐਸਡੀਐਮ ਨੇ ਕਿਹਾ ਕਿ ਪ੍ਰੋਗਰਾਮ ਰਾਹੀਂ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦਾ ਲਾਭ ਪ੍ਰਾਪਤ ਕਰ ਰਹੇ ਨਾਗਰਿਕ ‘ਆਸ਼ੀਰਵਾਦ ਦਾ ਦੀਵਾ’ ਜਗਾ ਕੇ ਆਪਣੀ ਸ਼ਮੂਲੀਅਤ ਦਰਜ ਕਰਵਾਉਣਗੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਆਪਸੀ ਤਾਲਮੇਲ ਨਾਲ ਕੰਮ ਕਰਨ ਅਤੇ ਲਾਭਪਾਤਰੀਆਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ। ਉਨ੍ਹਾਂ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦੀ ਜਾਣਕਾਰੀ ਪ੍ਰਾਪਤ ਕਰਨ ਅਤੇ ਯੋਗ ਹੋਣ ’ਤੇ ਉਨ੍ਹਾਂ ਦਾ ਲਾਭ ਉਠਾਉਣ।



ਸਵਰਗੀ ਪਹਿਲਵਾਨ ਬਚਨ ਸਿੰਘ ਕੁੰਭੜਾ ਦੀ ਯਾਦ ਨੂੰ ਸਮਰਪਿਤ ਮਹਾ ਕੁਸ਼ਤੀ ਦੰਗਲ 10 ਸਤੰਬਰ ਨੂੰ

ਐਸ ਏ ਐਸ ਨਗਰ, 9 ਸਤੰਬਰ (ਪੈ.ਗਾਮ-ਏ-ਜਗਤ)

ਮੁਹਾਲੀ ਵਿੱਚ ਸਵਰਗੀ ਪਹਿਲਵਾਨ ਬਚਨ ਸਿੰਘ ਕੁੰਭੜਾ ਦੀ ਯਾਦ ਨੂੰ ਸਮਰਪਿਤ ਮਹਾ ਕੁਸ਼ਤੀ ਮੁਕਾਬਲੇ 10 ਸਤੰਬਰ ਨੂੰ ਕਰਵਾਏ ਜਾ ਰਹੇ ਹਨ। ਸੈਕਟਰ-68 ਵਿਖੇ ਹੋਣ ਵਾਲੇ ਇਸ ਕੁਸ਼ਤੀ ਦੰਗਲ ਦਾ ਪੋਸਟਰ ਮਿਉਂਸਪਲ ਕੌਂਸਲਰ ਰਵਿੰਦਰ ਸਿੰਘ ਬਿੰਦਰਾ ਬੈਦਵਾਨ ਵਲੋਂ ਰਿਲੀਜ਼ ਕੀਤਾ ਗਿਆ।

ਇਸ ਕੁਸ਼ਤੀ ਦੰਗਲ ਵਿੱਚ ਪੰਜਾਬ ਸਮੇਤ ਵੱਖ-ਵੱਖ ਰਾਜਾਂ ਤੋਂ 300 ਤੋਂ ਵੱਧ ਪਹਿਲਵਾਨ ਆਪਣੀ ਤਾਕਤ ਦਾ ਜੌਹਰ ਦਿਖਾਉਣਗੇ। ਇਸ ਮੌਕੇ ਸ੍ਰੀ ਬਿੰਦਰਾ ਬੈਦਵਾਨ ਨੇ ਦੱਸਿਆ ਕਿ ਮਹਾ ਕੁਸ਼ਤੀ ਦੰਗਲ ਵਿੱਚ ਹਲਕਾ ਵਿਧਾਇਕ ਕੁਲਵੰਤ ਸਿੰਘ, ਮੁਹਾਲੀ ਦੇ ਮੇਅਰ ਸਰਬਜੀਤ ਸਿੰਘ ਸਮਾਣਾ ਅਤੇ ਡੀਐਸਪੀ ਹਰਸਿਮਰਨ ਸਿੰਘ ਬੱਲ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ।

ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਕੁਸ਼ਤੀ ਨਾਲ ਜੋੜਨ ਅਤੇ ਇਸ ਖੇਡ ਨੂੰ ਉਤਸ਼ਾਹਿਤ ਕਰਨ ਲਈ ਹਰ ਸਾਲ ਇਹ ਮੁਕਾਬਲੇ ਕਰਵਾਏ ਜਾਂਦੇ ਹਨ। ਉਹਨਾਂ ਦੱਸਿਆ ਕਿ ਬਾਬਾ ਗੁੱਗਾ ਜ਼ਾਹਿਰ ਪੀਰ ਅਤੇ ਸਵਰਗੀ ਪਹਿਲਵਾਨ ਬਚਨ ਸਿੰਘ ਕੁੰਭੜਾ ਦੀ ਯਾਦ ਵਿੱਚ ਕਰਵਾਏ ਜਾ ਰਹੇ ਇਸ ਸਾਲਾਨਾ ਮਹਾ ਕੁਸ਼ਤੀ ਮੁਕਾਬਲੇ ਵਿੱਚ ਝੰਡੀ ਦੀਆਂ 11 ਕੁਸ਼ਤੀਆਂ ਕਰਵਾਈਆਂ ਜਾਣਗੀਆਂ। ਪਹਿਲੀ ਝੰਡੀ ਦੀ ਕੁਸ਼ਤੀ ਅਹਿਮਦ ਹੁਸੈਨ ਅਤੇ ਸ਼ੇਰਾ ਫਲਾਹੀ ਵਿਚਕਾਰ ਹੋਵੇਗੀ। ਇਸ ਕੁਸ਼ਤੀ ਦੇ ਜੇਤੂ ਪਹਿਲਵਾਨ ਨੂੰ ਇਨਾਮ ਵਜੋਂ ਮੈਸੀ ਟਰੈਕਟਰ ਦਿੱਤਾ ਜਾਵੇਗਾ, ਜਦਕਿ ਦੂਜੀ ਝੰਡੀ ਦੀ ਕੁਸ਼ਤੀ ਦੇ ਜੇਤੂ ਨੂੰ 4 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ ਅਤੇ ਇਸ ਵਾਰ 50ਲੱਖ ਤੋ ਵੱਧ ਦੇ ਇਨਾਮ ਜਿੱਤਣ ਵਾਲੇ ਪਹਿਲਵਾਨਾਂ ਨੂੰ ਦਿੱਤੇ ਜਾਣਗੇ। ਇਸ ਮੌਕੇ ਜਗਦੀਸ਼ ਦਿਸ਼ਾ, ਜਗਤਾਰ ਕੁੰਭੜਾ ਅਤੇ ਹੋਰ ਪਿੰਡ ਨਿਵਾਸੀ ਮੌਜੂਦ ਸਨ।

ਗੈਰ-ਕਾਨੂੰਨੀ ਅਤੇ ਬਿਨਾਂ ਚੇਤਾਵਨੀ ਵਾਲੀਆਂ ਸਿਗਰੇਟਾਂ ਦੀ ਵਿਕਰੀ ਵਿਰੁੱਧ ਜੀ.ਐਸ.ਟੀ., ਪੁਲਿਸ ਅਤੇ ਸਿਹਤ ਵਿਭਾਗ ਵੱਲੋਂ ਸਾਂਝੀ ਚੈਕਿੰਗ

ਬਠਿੰਡਾ, 9 ਸਤੰਬਰ (ਪੈ.ਗਾਮ-ਏ-ਜਗਤ)

ਸੂਬਾ ਸਰਕਾਰ ਵੱਲੋਂ ਜਾਰੀ ਹਦਾਇਤਾਂ ਤੇ ਸਿਹਤ ਵਿਭਾਗ, ਜੀ.ਐਸ.ਟੀ. ਵਿਭਾਗ ਅਤੇ ਪੁਲਿਸ ਵਿਭਾਗ ਵੱਲੋਂ ਸਾਂਝੇ ਤੌਰ ’ਤੇ ਦੋ ਟੀਮਾਂ ਦਾ ਗਠਨ ਕਰਕੇ ਜ਼ਿਲ੍ਹੇ ਦੇ ਵੱਖ-ਵੱਖ ਦੁਕਾਨਾਂ ਤੇ ਚੈਕਿੰਗ ਕੀਤੀ ਗਈ। ਇਸ ਮੌਕੇ ਟੀਮਾਂ ਵੱਲੋਂ ਦੁਕਾਨਦਾਰਾਂ ਨੂੰ ਹਦਾਇਤ ਦਿੱਤੀ ਗਈ ਕਿ ਬਿਨਾਂ ਚੇਤਾਵਨੀ ਵਾਲੀਆਂ ਇੰਮਪੋਰਟ ਸਿਗਰੇਟਾਂ ਅਤੇ ਈ-ਸਿਗਰੇਟਾਂ ਨਾ ਵੇਚੀਆਂ ਜਾਣ ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਉਹਨਾਂ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸ ਸਬੰਧੀ ਜਾਣਕਾਰੀ ਦਿੰਦਿਆ ਸਿਵਲ ਸਰਜਨ ਡਾ ਤਪਿੰਦਰਜੋਤ ਨੇ ਕਿਹਾ ਕਿ ਸਿਹਤ ਵਿਭਾਗ ਦੀ ਟੀਮ ਵਿੱਚ ਜਿਲ੍ਹਾ ਸਿਹਤ ਅਫ਼ਸਰ ਕਮ ਤੰਬਾਕੂ ਕੰਟਰੋਲ ਨੋਡਲ ਅਫ਼ਸਰ ਡਾ ਊਸ਼ਾ ਗੋਇਲ, ਫੂਡ ਸੇਫਟੀ ਅਤੇ ਡਰੱਗਜ ਸ਼ਾਖਾ ਦੇ ਅਧਿਕਾਰੀ ਸ਼ਾਮਿਲ ਸਨ। ਉਹਨਾ ਦੱਸਿਆ ਕਿ ਗੈਰ-ਕਾਨੂੰਨੀ ਤਰੀਕੇ ਨਾਲ ਵੇਚੀਆਂ ਜਾ ਰਹੀਆਂ ਅਤੇ ਪੈਕੇਟ ’ਤੇ ਲਾਜ਼ਮੀ ਸਿਹਤ ਚੇਤਾਵਨੀ ਤੋਂ ਬਿਨਾਂ ਉਪਲਬਧ ਸਿਗਰੇਟਾਂ ਸਬੰਧੀ ਜ਼ਿਲ੍ਹਾ ਬਠਿੰਡਾ ਵਿੱਚ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ ।

ਟੀਮ ਵਿੱਚ ਸ਼ਾਮਿਲ ਜਿਲ੍ਹਾ ਸਿਹਤ ਅਫ਼ਸਰ ਡਾ ਊਸ਼ਾ ਗੋਇਲ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਚੈਕਿੰਗ ਦੌਰਾਨ ਟੀਮਾਂ ਵੱਲੋਂ ਦੁਕਾਨਦਾਰਾਂ ਅਤੇ ਵਿਕਰੇਤਾਵਾਂ ਨੂੰ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦਾਂ ਦੀ ਵਿਕਰੀ ਸਬੰਧੀ ਸਰਕਾਰ ਵੱਲੋਂ ਜਾਰੀ ਨਿਯਮਾਂ ਅਤੇ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਕਿਹਾ ਗਿਆ। ਟੀਮਾਂ ਨੇ ਖਾਸ ਤੌਰ ’ਤੇ ਗੈਰ-ਕਾਨੂੰਨੀ, ਬਿਨਾਂ ਲਾਜ਼ਮੀ ਸਿਹਤ ਚੇਤਾਵਨੀ ਵਾਲੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਿਗਰੇਟ ਉਤਪਾਦਾਂ ਦੀ ਜਾਂਚ ਕੀਤੀ। ਉਹਨਾਂ ਕਿਹਾ ਕਿ ਤੰਬਾਕੂ ਉਤਪਾਦਾਂ ਦੀ ਵਰਤੋਂ ਨਾਲ ਕੈਂਸਰ, ਦਿਲ ਦੀਆਂ ਬਿਮਾਰੀਆਂ, ਸਾਹ ਸਬੰਧੀ ਰੋਗਾਂ ਸਮੇਤ ਕਈ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸ ਲਈ ਤੰਬਾਕੂ ਦੀ ਵਿਕਰੀ ਅਤੇ ਵਰਤੋਂ ਨੂੰ ਨਿਯਮਾਂ ਅਨੁਸਾਰ ਨਿਯੰਤਰਿਤ ਕਰਨਾ ਬਹੁਤ ਜ਼ਰੂਰੀ ਹੈ। ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਨ ਅਤੇ ਗੈਰ-ਕਾਨੂੰਨੀ ਜਾਂ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਤੰਬਾਕੂ ਉਤਪਾਦਾਂ ਦੀ ਵਿਕਰੀ ਨਾ ਕਰਨ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੀਆਂ ਸਾਂਝੀਆਂ ਚੈਕਿੰਗ ਮੁਹਿੰਮਾਂ ਜਾਰੀ ਰਹਿਣਗੀਆਂ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਆਯੋਜਿਤ 70 ਵੀ ਜੋਨਲ ਖੇਡ ਪ੍ਰਤੀਯੋਗਤਾ ਵਿੱਚ ਐਸ.ਬੀ.ਐਸ. ਸਕੂਲ ਦੇ ਵਿਦਿਆਰਥੀਆਂ ਦਾ ਉੱਚ ਕੋਟੀ ਦਾ ਪ੍ਰਦਰਸ਼ਨ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)



ਜੋਨਲ ਖੇਡਾਂ ਵਿੱਚ ਐਸ ਬੀ ਐਸ ਮਾਡਲ ਹਾਈ ਸਕੂਲ ਸਦਰਪੁਰ (ਗੜ੍ਹਸ਼ੰਕਰ) ਦੇ ਵਿਦਿਆਰਥੀਆਂ ਨੇ ਕੋਚ ਕੁਲਵੀਰ ਕੌਰ, ਸ਼ਾਹਿਦ ਰਸ਼ੀਦ ਯਤੋ ਅਤੇ ਅਮਨ ਸਿੰਘ ਦੀ ਟ੍ਰੇਨਿੰਗ ਹੇਠ ਭਾਗ ਲਿਆ।

ਜਿਸ ਵਿੱਚ ਖਿਡਾਰੀਆਂ ਨੇ ਰੱਸਾ-ਕਸ਼ੀ ਅੰਡਰ 19 ਲੜਕੇ ਅਤੇ ਲੜਕੀਆਂ ਦੋਹਾਂ ਸ਼੍ਰੇਣੀਆਂ ਦੇ ਮੁਕਾਬਲਿਆ ਵਿਚ ਪਹਿਲਾ ਸਥਾਨ ਹਾਸਿਲ ਕੀਤਾ। ਸ਼ਤਰੰਜ ਅਤੇ ਖੋ-ਖੋ ਦੀਆਂ ਖੇਡਾਂ ਵਿੱਚ ਅੰਡਰ 19 (ਲੜਕੇ ਅਤੇ ਲੜਕੀਆਂ) ਪਹਿਲਾ ਸਥਾਨ ਹਾਸਲ ਕੀਤਾ। ਬੈਡਮਿੰਟਨ ਅੰਡਰ 17 ਲੜਕਿਆਂ ਨੇ ਵੀ ਬਾਜ਼ੀ ਮਾਰੀ ਤੇ ਪਹਿਲਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਖੋ-ਖੋ ਅੰਡਰ 14 ਲੜਕੀਆਂ ਦੀ ਸ਼੍ਰੇਣੀ ਵਿੱਚ ਦੂਜਾ ਸਥਾਨ ਹਾਸਿਲ ਕੀਤਾ ਅਤੇ ਬੈਡਮਿੰਟਨ ਅਤੇ ਵਾਲੀਵਾਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਜ਼ਿਲਾ ਪੱਧਰ ਤੇ ਸਕੂਲ ਦੀ ਲੜਕੀਆਂ ਦੀ (ਅੰਡਰ 19)ਖੋ ਖੋ ਦੀ ਟੀਮ ਦੂਜੇ ਨੰਬਰ ਤੇ ਅਤੇ ਉਪਰੋਕਤ ਸ਼੍ਰੇਣੀ ਅਨੁਸਾਰ ਸ਼ਤਰੰਜ ਵਿੱਚ ਲੜਕੇ ਤੀਜੇ ਨੰਬਰ ਤੇ ਰਹੇ। ਐਥਲੈਟਿਕਸ ਵਿੱਚ ਖਿਡਾਰੀਆਂ ਨੇ 15 ਗੋਲਡ 26 ਸਿਲਵਰ ਅਤੇ 10 ਬਰਾਉਨਸ ਮੈਡਲ ਸਕੂਲ ਦੀ ਝੋਲੀ ਪਾਏ। ਇਸ ਮੌਕੇ ਸਕੂਲ ਮੈਨੇਜਮੈਂਟ ਅਤੇ ਪ੍ਰਿੰਸੀਪਲ ਸ੍ਰੀਮਤੀ ਜਸਪ੍ਰੀਤ ਕੌਰ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਖ਼ਾਲਸਾ ਕਾਲਜ ਮਾਹਿਲਪੁਰ ਵਿੱਚ 'ਕੰਟੀਨੀ ਮੁੰਡੀਰ' ਤਹਿਤ ਪ੍ਰਤਿਭਾ ਖੋਜ ਸਮਾਰੋਹ ਕਰਵਾਇਆ ਗਿਆ

ਪੈ.ਗਾਮ-ਏ-ਜਗਤ/ਮਾਹਿਲਪੁਰ
9 ਸਤੰਬਰ (ਹਰੀ ਕ੍ਰਿਸ਼ਨ ਗੰਗੜ)



ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਕਾਲਜ ਦੇ ਕੰਪਿਊਟਰ ਵਿਭਾਗ ਦੇ ਵਿਸ਼ੇਸ਼ ਯਤਨਾਂ ਨਾਲ 'ਕੰਟੀਨੀ ਮੁੰਡੀਰ' ਤਹਿਤ ਇਕ ਪ੍ਰਤਿਭਾ ਖੋਜ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਪ੍ਰੋਗਰਾਮ ਸੰਚਾਲਕ ਅਤੇ ਐਂਕਰ ਰਵਨੀਤ ਸਿੰਘ ਅਤੇ ਸਮੁੱਚੀ ਟੀਮ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਦੀ ਅਗਵਾਈ ਹੇਠ ਸਟਾਫ਼ ਵੱਲੋਂ ਅਦਾਕਾਰ ਅਤੇ ਐਂਕਰ ਰਵਨੀਤ ਸਿੰਘ ਦਾ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਵੱਲੋਂ ਕਾਲਜ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਕਾਲਜ ਤੋਂ ਪੜ੍ਹ ਕੇ ਖੇਡਾਂ, ਸਾਹਿਤ ਅਤੇ ਕਲਾ ਖੇਤਰ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਬਾਰੇ ਦੱਸਿਆ ਗਿਆ।

ਇਸ ਮੌਕੇ ਰਵਨੀਤ ਸਿੰਘ ਨੇ ਕਾਲਜ ਦੇ ਮੁੱਖ ਖੇਡ ਮੈਦਾਨ ਵਿਚ ਉਤਸ਼ਾਹ ਨਾਲ ਇਕੱਠੇ ਹੋਏ ਵਿਦਿਆਰਥੀਆਂ ਨਾਲ ਆਪਣੇ ਹਸਮੁੱਖ ਅੰਦਾਜ਼ ਵਿੱਚ ਗੱਲਬਾਤ ਕੀਤੀ ਅਤੇ ਵਿਦਿਆਰਥੀਆਂ ਤੋਂ ਉਨ੍ਹਾਂ ਦੀ ਪੜ੍ਹਾਈ, ਕਲਾ ਰੁਚੀਆਂ ਅਤੇ ਜੀਵਨ ਟੀਚਿਆਂ ਬਾਰੇ ਪੁੱਛਿਆ । ਇਸ ਮੌਕੇ ਕਾਲਜ ਦੇ ਕਰੀਬ ਸੱਤਰ ਵਿਦਿਆਰਥੀਆਂ ਨੇ ਭੰਗੜਾ, ਗਿੱਧਾ, ਸਕਿੱਟ, ਮਿਮਿਕਰੀ, ਗਾਇਕੀ, ਭੰਡ, ਸ਼ਬਦ ਗਾਇਣ ਆਦਿ ਸਮੇਤ ਵੱਖ ਵੱਖ ਪ੍ਰਤਿਭਾਵਾਨ ਕਲਾਵਾਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਐਂਕਰ ਰਵਨੀਤ ਸਿੰਘ ਨੇ ਵਿਦਿਆਰਥੀਆਂ ਨਾਲ ਗੱਲਬਾਤ ਦੌਰਾਨ ਆਪਣੀ ਹਾਜ਼ਰ ਜਵਾਬੀ ਭਰੀਆਂ ਟਿੱਪਣੀਆਂ ਨਾਲ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਇਸ ਉਪਰੰਤ ਕਾਲਜ ਵਲੋਂ ਰਵਨੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਨ੍ਹਾਂ ਕਾਲਜ ਵਿੱਚ ਵਿਦਿਆਰਥੀਆਂ ਵੱਲੋਂ ਰੱਖੇ ਅਨੁਸ਼ਾਸਨ ਦੀ ਸ਼ਲਾਘਾ ਕੀਤੀ। ਸਨਮਾਨ ਸਮਾਰੋਹ ਮੌਕੇ ਮੰਚ ਦੀ ਕਾਰਵਾਈ ਡਾ ਜੇ ਬੀ ਸੇਖੋਂ ਨੇ ਚਲਾਈ। ਸਮਾਰੋਹ ਮੌਕੇ ਕੰਪਿਊਟਰ ਵਿਭਾਗ ਦੇ ਮੁਖੀ ਅਤੇ ਪ੍ਰੋਗਰਾਮ ਕਨਵੀਨਰ ਪ੍ਰੋ ਗੁਰਪ੍ਰੀਤ ਕੌਰ, ਕੋ-ਕਨਵੀਨਰ ਪ੍ਰੋ ਸੰਦੀਪ ਕੌਰ, ਕੋ-ਕਨਵੀਨਰ ਪ੍ਰੋ ਮਨਪ੍ਰੀਤ ਸਿੰਘ, ਪ੍ਰੋ ਜਸਵਿੰਦਰ ਸਿੰਘ, ਡਾ ਬਲਵੀਰ ਕੌਰ, ਡਾ ਜਤਿੰਦਰ ਕੁਮਾਰ, ਪ੍ਰੋ ਸ਼ਵੇਤਾ, ਪ੍ਰੋ ਵਰਿੰਦਰ ਕੁਮਾਰ,ਪ੍ਰੋ ਰਜਿੰਦਰ ਪ੍ਰਸਾਦ ਆਦਿ ਸਮੇਤ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

ਉਦਯੋਗਿਕ ਦੌਰੇ ਤੋਂ ਵਿਦਿਆਰਥੀਆਂ ਨੂੰ ਮਿਲਿਆ ਵਿਹਾਰਕ ਗਿਆਨ : ਪਰਮਜੀਤ ਸਚਦੇਵਾ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)



ਪੀਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿਪਲਾਂਵਾਲਾ, ਹੁਸ਼ਿਆਰਪੁਰ ਦੇ 9ਵੀਂ ਤੋਂ 12ਵੀਂ ਜਮਾਤ ਤੱਕ ਦੇ ਕਰੀਬ 50 ਵਿਦਿਆਰਥੀਆਂ ਨੇ ਸਕੂਲ ਵੱਲੋਂ ਆਯੋਜਿਤ ਉਦਯੋਗਿਕ ਦੌਰੇ ਤਹਿਤ ਸਚਦੇਵਾ ਸਟਾਕਸ,

- 50 ਵਿਦਿਆਰਥੀਆਂ ਨੇ ਸਚਦੇਵਾ ਸਟਾਕਸ ਦੇ ਹੈੱਡ ਆਫਿਸ ਦਾ ਕੀਤਾ ਦੌਰਾ

ਬੁਲਾਬਾੜੀ ਸਥਿਤ ਹੈੱਡ ਆਫਿਸ ਦਾ ਦੌਰਾ ਕੀਤਾ। ਇਸ ਦੌਰਾਨ ਵਿਦਿਆਰਥੀਆਂ ਨੂੰ ਉਦਯੋਗਿਕ ਅਤੇ ਵਪਾਰਕ ਗਤੀਵਿਧੀਆਂ ਦੇ ਨਾਲ-ਨਾਲ ਕਾਰਜ ਖੇਤਰ ਦੀ ਅਸਲ ਕਾਰਜ ਪ੍ਰਣਾਲੀ ਤੋਂ ਜਾਣੂ ਕਰਵਾਇਆ ਗਿਆ।

ਉਦਯੋਗਿਕ ਦੌਰੇ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਵਿਭਾਗਾਂ ਦੀ ਕਾਰਜ ਪ੍ਰਣਾਲੀ ਨੂੰ ਸਮਝਿਆ ਅਤੇ ਸੰਸਥਾ ਵਿੱਚ ਵਰਤੀ ਜਾਣ ਵਾਲੀ ਆਧੁਨਿਕ ਕਾਰਜ ਪ੍ਰਣਾਲੀ ਅਤੇ ਪ੍ਰੋਫੈਸ਼ਨਲ ਮਾਹੌਲ ਬਾਰੇ ਜਾਣਕਾਰੀ ਹਾਸਲ ਕੀਤੀ। ਵਿਦਿਆਰਥੀਆਂ ਨੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਆਪਣੇ ਮਨ ਵਿੱਚ ਉੱਠ ਰਹੇ ਸਵਾਲਾਂ ਦੇ ਜਵਾਬ ਵੀ ਪ੍ਰਾਪਤ ਕੀਤੇ। ਇਸ ਮੌਕੇ 'ਤੇ ਸਚਦੇਵਾ ਸਟਾਕਸ ਦੇ ਐਮਡੀ ਪਰਮਜੀਤ ਸਿੰਘ ਸਚਦੇਵਾ ਨੇ ਵਿਦਿਆਰਥੀਆਂ ਨਾਲ ਸੰਵਾਦ ਕਰਦਿਆਂ ਉਨ੍ਹਾਂ ਨੂੰ ਸਿੱਖਿਆ ਦੇ ਨਾਲ-ਨਾਲ ਵਿਹਾਰਕ ਗਿਆਨ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਉਦਯੋਗਿਕ ਦੌਰਾ ਵਿਦਿਆਰਥੀਆਂ ਨੂੰ ਕਿਤਾਬਾਂ ਵਿੱਚ ਪੜ੍ਹੇ ਗਿਆਨ ਨੂੰ ਅਸਲ ਜੀਵਨ ਨਾਲ ਜੋੜਨ ਦਾ ਮੌਕਾ ਪ੍ਰਦਾਨ ਕਰਦਾ ਹੈ। ਵਿਦਿਆਰਥੀਆਂ ਨੂੰ ਆਪਣੇ ਟੀਚੇ ਨਿਰਧਾਰਤ ਕਰਕੇ ਮਿਹਨਤ, ਅਨੁਸ਼ਾਸਨ ਅਤੇ ਸਕਾਰਾਤਮਕ ਸੋਚ ਨਾਲ ਅੱਗੇ ਵਧਣਾ ਚਾਹੀਦਾ ਹੈ। ਸਕੂਲ ਦੀ ਵੋਕੇਸ਼ਨਲ ਟ੍ਰੇਨਰ ਕੋਮਲ (ਆਈਟੀ) ਦੀ ਅਗਵਾਈ ਵਿੱਚ ਆਯੋਜਿਤ ਇਸ ਦੌਰੇ ਵਿੱਚ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਵੈਸ਼ਾਲੀ ਦਾ ਵੀ ਸਹਿਯੋਗ ਰਿਹਾ। ਇਸ ਮੌਕੇ 'ਤੇ ਸਚਦੇਵਾ ਸਟਾਕਸ ਦੀ ਆਪਰੇਸ਼ਨਸ ਹੈੱਡ ਸ਼ਿਵਾਂਜਲੀ ਸ਼ਰਮਾ ਅਤੇ ਰਿਲੇਸ਼ਨਸ਼ਿਪ ਮੈਨੇਜਰ ਈਸ਼ਾ ਬੇਦੀ ਨੇ ਵਿਦਿਆਰਥੀਆਂ ਨੂੰ ਸੰਸਥਾ ਦੀ ਕਾਰਜ ਪ੍ਰਣਾਲੀ ਅਤੇ ਵੱਖ-ਵੱਖ ਕਰੀਅਰ ਮੌਕਿਆਂ ਬਾਰੇ ਜਾਣਕਾਰੀ ਦਿੱਤੀ।

ਰੈੱਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਵੱਲੋਂ ਪਛਾਣ ਕੀਤੇ ਗਏ ਲਾਭਪਾਤਰੀਆਂ ਨੂੰ 10 ਮੋਟਰਾਈਜ਼ਡ ਟ੍ਰਾਈਸਾਈਕਲ ਮੌਕੇ ਤੇ ਹੀ ਪਛਾਣ ਕਿਤੇ ਜਾ ਚੁੱਕੇ ਲੋੜਵੰਦਾਂ ਨੂੰ ਵੰਡ ਦਿੱਤੇ ਗਏ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)



ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ, ਜਲੰਧਰ LPG ਰੀਜਨਲ ਦਫ਼ਤਰ ਵੱਲੋਂ CSR ਤਹਿਤ ਅੱਜ ਵਿਸ਼ੇਸ਼ ਲੋੜਾਂ ਵਾਲਿਆ ਲਈ 50 ਮੋਟਰਾਈਜ਼ਡ ਟ੍ਰਾਈਸਾਈਕਲ ਅਤੇ ਸਿਵਲ ਹਸਪਤਾਲ, ਹੁਸ਼ਿਆਰਪੁਰ ਲਈ ਜ਼ਰੂਰੀ ਮੈਡੀਕਲ ਉਪਕਰਨ ਮੁਹੱਈਆ ਕਰਵਾਏ ਗਏ।

ਇਸ ਸਬੰਧੀ ਸਮਾਗਮ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਵੱਲੋਂ ਰੈੱਡ ਕਰਾਸ ਭਵਨ ਦੇ ਸਾਹਮਣੇ ਸਥਿਤ ਡਿਜੀਟਲ ਲਾਇਬ੍ਰੇਰੀ ਵਿਖੇ ਕਰਵਾਇਆ ਗਿਆ। ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਵੱਲੋਂ ਪਛਾਣ ਕੀਤੇ ਗਏ ਲਾਭਪਾਤਰੀਆਂ ਨੂੰ 10 ਮੋਟਰਾਈਜ਼ਡ ਟ੍ਰਾਈਸਾਈਕਲ ਮੌਕੇ ਤੇ ਹੀ ਪਛਾਣ ਕਿਤੇ ਜਾ ਚੁੱਕੇ ਲੋੜਵੰਦਾ ਨੂੰ ਵੰਡ ਦਿੱਤੇ ਗਏ। ਇਹ ਟ੍ਰਾਈਸਾਈਕਲ ਵਿਸ਼ੇਸ਼ ਤੌਰ ਵਿਸ਼ੇਸ਼ ਲੋੜਾਂ ਵਾਲਿਆ ਵਿਅਕਤੀਆਂ ਨੂੰ ਆਤਮਨਿਰਭਰ ਬਣਾਉਣ ਅਤੇ ਉਨ੍ਹਾਂ ਦੀ ਆਵਾਜਾਈ ਨੂੰ ਸੁਖਾਲਾ ਕਰਨ ਵਿੱਚ ਸਹਾਇਕ ਹੋਣਗੇ।

ਸਿਵਲ ਹਸਪਤਾਲ, ਹੁਸ਼ਿਆਰਪੁਰ ਲਈ CSR ਸਹਾਇਤਾ ਤਹਿਤ HPCL ਵੱਲੋਂ ਸਿਹਤ ਸੇਵਾਵਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ 60 ਕਿਲੋਗ੍ਰਾਮ ਸਮਰੱਥਾ ਵਾਲੀ ਲਾਂਡਰੀ ਮਸ਼ੀਨ, ਡ੍ਰਾਇੰਗ ਮਸ਼ੀਨ, ਇੰਟਰਫੇਰੈਂਸ਼ੀਅਲ +ਅਲਟਰਾਸੋਨਿਕ ਥੈਰੇਪੀ ਯੂਨਿਟਸ, ਪੇਸ਼ੈਂਟ ਲਿਫਟਿੰਗ/ਗੇਟ ਟ੍ਰੇਨਿੰਗ ਸਿਸਟਮ ਅਤੇ ਫੁੱਲੀ ਆਟੋਮੇਟਿਡ ਬਾਇਓਕੈਮਿਸਟਰੀ ਐਨਾਲਾਈਜ਼ਰ XL-640 ਸਮੇਤ ਜ਼ਰੂਰੀ ਮੈਡੀਕਲ ਉਪਕਰਨ ਭੇਟ ਕੀਤੇ ਗਏ।

ਇਹ ਉਪਕਰਨ ਸ਼੍ਰੀ ਬਿਪਲਬ ਕੁਮਾਰ ਮੰਡਲ, ਜ਼ੋਨਲ ਹੈੱਡ - LPG, ਨਾਰਥ ਜ਼ੋਨ, ਨਵੀਂ ਦਿੱਲੀ, ਸ਼੍ਰੀ ਵਿਨੀਤ ਕੁਮਾਰ ਪੋਹਾਨੀ, DGM-LPG ਸੇਲਜ਼, ਨਾਰਥ ਜ਼ੋਨ, ਅਰਵਿੰਦ ਗੋਵਿਲ, DGM-ਮਾਰਕੀਟਿੰਗ, ਨਾਰਥ ਜ਼ੋਨ ਅਤੇ ਅਨੀਸ ਜੀਲਾਨੀ ਕਾਰੀ, ਚੀਫ਼ ਰੀਜਨਲ ਮੈਨੇਜਰ - ਜਲੰਧਰ LPG ਰੀਜਨ ਵੱਲੋਂ ਰਸਮੀ ਤੌਰ 'ਤੇ ਸ਼੍ਰੀਮਤੀ ਆਸ਼ਿਕਾ ਜੈਨ, IAS, ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਨੂੰ ਸੌਂਪੇ ਗਏ।

ਇਸ ਮੌਕੇ 'ਤੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਆਸ਼ਿਕਾ ਜੈਨ ਨੇ HPCL ਦੀ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲਿਆ ਦੀ ਭਲਾਈ ਅਤੇ ਸਸ਼ਕਤੀਕਰਨ ਦੇ ਨਾਲ-ਨਾਲ ਸਿਵਲ ਹਸਪਤਾਲ ਦੇ ਸਿਹਤ ਸੇਵਾ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ HPCL ਦਾ ਇਹ ਯੋਗਦਾਨ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਆਵਾਜਾਈ ਦੀ ਸੁਵਿਧਾ ਵਿਅਕਤੀ ਦੀ ਆਤਮਨਿਰਭਰਤਾ ਅਤੇ ਸਨਮਾਨਪੂਰਨ ਜੀਵਨ ਲਈ ਇੱਕ ਮਹੱਤਵਪੂਰਨ ਸਾਧਨ ਹੈ।

ਇਸ ਮੌਕੇ 'ਤੇ ਸ਼੍ਰੀ ਮੰਗੇਸ਼ ਸੂਦ, ਸਕੱਤਰ, ਰੈੱਡ ਕਰਾਸ ਸੁਸਾਇਟੀ, ਸ਼੍ਰੀ ਆਦਿਤਿਆ ਰਾਣਾ, ਜੁਆਇੰਟ ਸਕੱਤਰ, ਰੈੱਡ ਕਰਾਸ, ਵਾਈਸ ਚੇਅਰਮੈਨ H.W.S. ਰੈੱਡ ਕਰਾਸ, ਸ਼੍ਰੀ ਤਿਲਕ ਰਾਜ ਧੀਮਾਨ, ਮੈਂਬਰ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਡਾ. ਨਵਜੋਤ ਸਿੰਘ, SMO, ਸਿਵਲ ਹਸਪਤਾਲ, ਹੁਸ਼ਿਆਰਪੁਰ, ਡਾ. ਲਕਸ਼ਮੀ ਕਾਂਤ, MO, ਸਿਵਲ ਹਸਪਤਾਲ ਤੋਂ ਇਲਾਵਾ ਸਿਵਲ ਹਸਪਤਾਲ ਅਤੇ ਰੈੱਡ ਕਰਾਸ ਸੁਸਾਇਟੀ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਵੱਲੋਂ HPCL ਦਾ ਇਸ ਨੇਕ ਅਤੇ ਲੋਕ-ਭਲਾਈ ਵਾਲੇ ਉਪਰਾਲੇ ਲਈ ਦਿਲੋਂ ਧੰਨਵਾਦ ਕੀਤਾ ਗਿਆ। HPCL ਵੱਲੋਂ ਕੀਤੀ ਗਈ ਇਹ CSR ਸਹਾਇਤਾ ਵਿਸ਼ੇਸ਼ ਵਿਸ਼ੇਸ਼ ਲੋੜਾਂ ਵਾਲਿਆ ਵਿਅਕਤੀਆਂ ਨੂੰ ਆਤਮਨਿਰਭਰ ਬਣਾਉਣ ਅਤੇ ਜ਼ਿਲ੍ਹੇ ਵਿੱਚ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਵੇਗੀ।

ਵਿਦਿਆਰਥੀਆਂ ਦੀਆਂ ਨਵੀਆਂ ਵੋਟਾਂ ਬਣਾਉਣ ਲਈ ਵਿਸ਼ੇਸ਼ ਵੋਟਰ ਕੈਂਪ ਦਾ ਆਯੋਜਨ ਕੀਤਾ

ਐਸ ਏ ਐਸ ਨਗਰ, 9 ਸਤੰਬਰ
(ਪੈ.ਗਾਮ-ਏ-ਜਗਤ)

ਸਰਕਾਰੀ ਕਾਲਜ਼, ਫੇਜ਼-6 ਮੁਹਾਲੀ ਵਿਖੇ ਪ੍ਰਿੰਸੀਪਲ ਜਸਪ੍ਰੀਤ ਕੌਰ ਬੈਂਸ ਦੀ ਅਗਵਾਈ ਹੇਠ ਵਿਦਿਆਰਥੀਆਂ ਦੀਆਂ ਨਵੀਆਂ ਵੋਟਾਂ ਬਣਾਉਣ ਲਈ ਵਿਸ਼ੇਸ ਵੋਟਰ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦੌਰਾਨ ਕਾਲਜ਼ ਦੇ ਵੋਟਰ ਸਾਖਰਤਾ ਕਲੱਬ ਦੀ ਟੀਮ ਵੱਲੋਂ ਵਿਦਿਆਰਥੀਆਂ ਤੋਂ ਫਾਰਮ 6' (ਨਵੀਂ ਵੋਟ ਬਣਾਉਣ ਲਈ) ਭਰਵਾਏ ਗਏ।

ਕਾਲਜ਼ ਦੇ ਪ੍ਰਿੰਸੀਪਲ ਜਸਪ੍ਰੀਤ ਕੌਰ ਨੇ ਕਿਹਾ ਕਿ ਕੈਂਪ ਦਾ ਮੁੱਖ ਉਦੇਸ਼ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਨੌਜਵਾਨ ਵਿਦਿਆਰਥੀਆਂ ਨੂੰ ਵੋਟਰ ਵਜੋਂ ਰਜਿਸਟਰ ਕਰਨਾ ਅਤੇ ਉਹਨਾਂ ਨੂੰ ਲੋਕਤੰਤਰ ਵਿੱਚ ਵੋਟ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਸੀ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਲੋਕਤੰਤਰੀ ਵਿਵਸਥਾ ਨੂੰ ਮਜਬੂਤ ਕਰਨ ਲਈ ਹਰੇਕ ਨਾਗਰਿਕ ਦਾ ਵੋਟਰ ਅਧਿਕਾਰ ਦੀ ਵਰਤੋਂ ਕਰਨਾ ਅਤਿ ਜ਼ਰੂਰੀ ਹੈ। ਨੌਜਵਾਨ ਸਾਡੇ ਦੇਸ਼ ਦਾ ਭਵਿੱਖ ਹਨ ਜਿਨ੍ਹਾਂ ਨਾਲ ਮਜਬੂਤ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਪ੍ਰੋਗਰਾਮ ਦਾ ਸੰਚਾਲਨ ਨੋਡਲ ਅਫ਼ਸਰ ਸਿਮਰਪ੍ਰੀਤ ਕੌਰ (ਮੁੱਖੀ ਫ਼ਿਜ਼ੀਕਲ ਐਜੂਕੇਸ਼ਨ ਵਿਭਾਗ) ਨੇ ਕੀਤਾ।

ਕੈਂਪ ਨੂੰ ਸਫ਼ਲ ਬਣਾਉਣ ਵਿੱਚ ਕਾਲਜ਼ ਦੇ ਵੋਟਰ ਕਲੱਬ ਦੇ ਨੋਡਲ ਅਫ਼ਸਰ ਪ੍ਰੋ ਸਿਮਰਪ੍ਰੀਤ, ਸਟਾਫ ਮੈਂਬਰ ਪ੍ਰੋ. ਗਾਇਤਰੀ, ਪ੍ਰੋ. ਸੁਖਵਿੰਦਰ ਸਿੰਘ, ਪ੍ਰੋ. ਮੋਨਿਕਾ ਗੋਇਲ, ਪ੍ਰੋ. ਸਿਮਰਤ ਖੁਰਾਨਾ, ਡਾ. ਕੁਲਵਿੰਦਰ ਕੌਰ, ਪ੍ਰੋ. ਸਰਬਜੀਤ ਕੌਰ (ਪੰਜਾਬੀ ਵਿਭਾਗ), ਪ੍ਰੋ. ਸਰਬਜੀਤ ਕੌਰ (ਹਿੰਦੀ ਵਿਭਾਗ), ਡਾ. ਗੁਰਪ੍ਰੀਤ ਸਿੰਘ, ਡਾ. ਪ੍ਰੇਮ ਲਤਾ ਅਤੇ ਵਿਦਿਆਰਥੀ ਵੱਲਟੀਅਰਾਂ ਨੇ ਵਿਸ਼ੇਸ ਯੋਗਦਾਨ ਪਾਇਆ।

ਸ਼ਹੀਦਾਂ ਸਿੰਘਾਂ ਨੂੰ ਸਮਰਪਿਤ ਸਿੱਖ ਯੂਥ ਐਡਮਿੰਟਨ ਵੱਲੋਂ ਦਸਤਾਰ ਤੇ ਦੁਮਾਲੇ ਮੁਕਾਬਲੇ ਕਰਵਾਏ ਗਏ





ਪੈ.ਗਾਮ-ਏ-ਜਗਤ
ਗੁਰਦਾਸਪੁਰ/ਐਡਮਿੰਟਨ ਕਨੇਡਾ
(ਬਲਵਿੰਦਰ ਬਾਲਮ)

ਐਡਮਿੰਟਨ (ਕਨੇਡਾ) ਦੇ ਪ੍ਰਸਿੱਧ ਸਿਲਵਰ ਬੈਰੀ ਪਾਰਕ ਵਿਖੇ ਸ਼ਹੀਦਾਂ ਸਿੰਘਾਂ ਨੂੰ ਸਮਰਪਿਤ ਸਿੱਖ ਯੂਥ ਐਡਮਿੰਟਨ ਵੱਲੋਂ ਦਸਤਾਰ ਅਤੇ ਦੁਮਾਲਾ ਮੁਕਾਬਲੇ ਕਰਵਾਏ ਗਏ। 10 ਸਾਲ ਦੇ ਬੱਚੇ ਦਸਤਾਰ ਘਰੋਂ ਸਜਾ ਕੇ ਆਏ ਅਤੇ 15 ਸਾਲ ਦੀ ਉਮਰ ਅਤੇ 16 ਸਾਲ ਦੀ ਉਮਰ ਤੋਂ ਉੱਪਰ ਦੇ ਬੱਚਿਆਂ ਦੀ ਦਸਤਾਰ ਮੌਕੇ ਤੇ ਬੰਨ ਕੇ ਮੁਕਾਬਲੇ ਹੋਏ। ਢਾਡੀ ਜਥਿਆਂ ਅਤੇ ਪ੍ਰਸਿੱਧ ਬੁਲਾਰਿਆਂ ਨੇ ਸਿੱਖ ਇਤਿਹਾਸ ਦੇ ਪਿਛੋਕੜ ਤੇ ਵਰਤਮਾਨ ਹਾਲਾਤਾਂ ਉੱਪਰ ਜੁਝਾਰੂ ਪ੍ਰਸੰਗ ਰੱਖੇ। ਵਿਸ਼ੇਸ਼ ਤੌਰ ਤੇ ਭਾਈ ਕਸ਼ਮੀਰ ਸਿੰਘ ਢਾਡੀ ਜੱਥਾ, ਬੀਬੀ ਵੀਰਪਾਲ ਕੌਰ ਢਾਡੀ ਜੱਥਾ, ਸੀਤਲ ਸਿੰਘ ਨਨੂਆ, ਡਾਕਟਰ ਅਮਰਜੀਤ ਸਿੰਘ ਫਾਊਂਡਰ ਆਫ ਟੀਵੀ 84, ਭਾਈ ਮਨਵੀਰ ਸਿੰਘ ਮੌਂਟਰਿਅਲ ਕਨਵੀਨਰ ਆਫ ਸ਼੍ਰੋਮਣੀ ਅਕਾਲੀ ਦਲ, ਭਾਈ ਗੁਰਦੇਵ ਸਿੰਘ ਯੂਐਸਏ, ਗਲੋਬਲ ਵਾਇਸ ਆਫ ਪੰਜਾਬ ਟੀਵੀ 84, ਭਾਈ ਮਲਕੀਤ ਸਿੰਘ ਢੇਸੀ, ਭਾਈ ਅਵਤਾਰ ਸਿੰਘ ਪੰਨੂ, ਬੀਬੀ ਗੁਰਵਿੰਦਰ ਕੌਰ ਨੇ ਪ੍ਰਭਾਵਸ਼ਾਲੀ ਭਾਸ਼ਣ ਦੇ ਕੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਨੂੰ ਯਾਦ ਕੀਤਾ।

ਸਿੱਖ ਕੌਮ ਨੂੰ ਇੱਕਜੁੱਟ ਹੋ ਕੇ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਤੇ ਕਮੇਟੀ ਦੇ ਅਹੁਦੇਦਾਰ ਭਾਈ ਰਵਿੰਦਰ ਸਿੰਘ, ਬਾਬਾ ਬਿੱਟੂ, ਭਾਈ ਮਲਕੀਤ ਸਿੰਘ ਢੇਸੀ, ਰਣਜੀਤ ਸਿੰਘ ਖਾਲਸਾ, ਭਾਈ ਗੁਰਪ੍ਰੀਤ ਸਿੰਘ, ਭਾਈ ਚਰਨਜੀਤ ਸਿੰਘ ਮਾਹਲ, ਭਾਈ ਤਜਿੰਦਰ ਸਿੰਘ ਭੱਠਲ, ਭਾਈ ਸੁਖਦੇਵ ਸਿੰਘ ਅਤੇ ਭਾਈ ਦੀਪ ਸਿੰਘ ਦੀ ਸਮਾਗਮ ਦੀ ਦੇਖ ਰੇਖ ਵਿੱਚ ਆਪਣਾ ਸਮੁੱਚਾ ਯੋਗਦਾਨ ਪਾਉਂਦੇ ਰਹੇ। ਦਸਤਾਰ ਅਤੇ ਦੁਮਾਲਾ ਮੁਕਾਬਲੇ ਦੇ ਮੁੱਖ ਸੂਤਰਧਾਰ ਨਵਜੋਤ ਸਿੰਘ ਧਾਮੀਂ ਨੇ ਸੁਚੱਜੇ ਢੰਗ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ।


ਦਸਤਾਰ ਅਤੇ ਦੁਮਾਲਾ ਮੁਕਾਬਲੇ ਵਿੱਚ ਜੇਤੂ ਰਹੇ 10 ਸਾਲ ਤੋਂ ਘੱਟ ਉਮਰ ਦੇ ਪਹਿਲਾਂ ਸਥਾਨ ਹਰਬਾਜ ਸਿੰਘ, ਤਾਵੀਰ ਸਿੰਘ, ਗੁਰਜੈਜ ਸਿੰਘ ਅਤੇ 10 ਸਾਲ ਤੋਂ ਘੱਟ ਦੁਮਾਲਾ ਮੁਕਾਬਲੇ ਵਿੱਚ ਜੇਤੂ ਰਹੇ ਕਰਮਵਾਰ ਸ਼ਿੱਦਤ ਕੌਰ, ਰਬਾਬ ਕੌਰ, ਫਤਿਹ ਸਿੰਘ ਅਤੇ 10 ਤੋਂ 15 ਤੱਕ ਦੇ ਦਸਤਾਰ ਦੇ ਦੁਮਾਲਾ ਮੁਕਾਬਲੇ ਦੇ ਜੇਤੂ ਯੁਵਰਾਜ ਸਿੰਘ, ਗੁਰ ਫਤਿਹ ਸਿੰਘ, ਗੁਰ ਸਾਹਿਬ ਸਿੰਘ ਅਤੇ 15 ਸਾਲ ਤੋਂ ਉੱਪਰ ਦਸਤਾਰ ਮੁਕਾਬਲੇ ਵਿੱਚ ਤੇਜਜੀਤ ਸਿੰਘ, ਉਦੇਵੀਰ ਸਿੰਘ, ਗੁਰਦਿੱਤ ਸਿੰਘ ਰਹੇ। ਜੇਤੂ ਬੱਚਿਆਂ ਨੂੰ ਖ਼ੂਬਸੂਰਤ ਟਰੋਫੀਆਂ, ਮੋਮੈਂਟੋ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਪ੍ਰਸਿੱਧ ਸਿੱਖ ਹਸਤੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਤੇ ਪ੍ਰਬੰਧਕਾਂ ਵੱਲੋਂ ਤਰ੍ਹਾਂ ਤਰ੍ਹਾਂ ਦੇ ਪਕਵਾਨ, ਸ਼ਰਦਾਈ ਮਿਸ਼ਠਾਨ ਦੇ ਪੰਡਾਲ ਸੁਸ਼ੋਭਿਤ ਕੀਤੇ ਗਏ। ਇਹਨਾਂ ਪੰਡਾਲਾਂ ਵਿੱਚ ਸਿੱਖ ਇਤਿਹਾਸ ਦੀ ਜਾਣਕਾਰੀ ਬਾਰੇ ਪੁਸਤਕਾਂ ਦੇ ਸਟਾਲ ਵੀ ਲਗਾਏ ਗਏ। ਸਟਾਲਾਂ ਦੇ ਕਾਰਜ-ਕਰਤਾ ਰਵਿੰਦਰ ਸਿੰਘ ਸੰਘਾ, ਹਰਵਿੰਦਰ ਸਿੰਘ, ਦਿਲਜੀਤ ਸਿੰਘ, ਇੰਦਰਜੀਤ ਸਿੰਘ, ਮਨਦੀਪ ਸਿੰਘ, ਸਿਮਰਨ ਸਿੰਘ ਬੈਂਸ, ਉਪਮਿੰਦਰ ਸਿੰਘ, ਗੁਰ ਅਵਤਾਰ ਸਿੰਘ ਆਦਿ ਨੇ ਸੁਚੱਜੀ ਭੂਮਿਕਾ ਨਿਭਾਈ। ਆਖਰ ਤੇ ਖਚਾ ਖਚ ਭਰੇ ਪੰਡਾਲ ਵਿੱਚ ਸੁਸ਼ੋਭਿਤ ਸੰਗਤਾਂ ਦਾ ਇਸ ਸਮਾਗਮ ਦੇ ਸੂਤਰਧਾਰ ਮਲਕੀਤ ਸਿੰਘ ਢੇਸੀ ਨੇ ਸਭਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਮੰਚ ਸੰਚਾਲਕ ਦੇ ਫਰਜ਼ ਬੀਬੀ ਗੁਰਵਿੰਦਰ ਕੌਰ ਨੇ ਬਾਖੂਬੀ ਨਿਭਾਏ।

ਨਸ਼ੇ ਵਿਰੁੱਧ ਜੰਗ ਵਿੱਚ ਜਨਤਾ ਦਾ ਸਹਿਯੋਗ ਬਹੁਤ ਜ਼ਰੂਰੀ : ਡੀ.ਐਸ.ਪੀ. ਭਾਰਤ ਭੂਸ਼ਣ

ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ, ਨੌਜਵਾਨਾਂ ਨੂੰ ਰੁਜ਼ਗਾਰ ਨਾਲ ਜੋੜਨ ਲਈ ਸਰਕਾਰ ਦੇ ਯਤਨ ਜਾਰੀ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ/ਦਲਜੀਤ ਅਜਨੋਹਾ



ਪੰਜਾਬ ਵਿੱਚ ਨਸ਼ੇ ਵਿਰੁੱਧ ਚਲਾਏ ਜਾ ਰਹੇ ਅਭਿਆਨ ਤਹਿਤ ਪੁਲਿਸ ਵੱਲੋਂ ਲਗਾਤਾਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਸਦੇ ਸਕਾਰਾਤਮਕ ਨਤੀਜੇ ਵੀ ਸਾਹਮਣੇ ਆ ਰਹੇ ਹਨ। ਡੀਐਸਪੀ ਭਾਰਤ ਭੂਸ਼ਣ ਨੇ ਦਲਜੀਤ ਅਜਨੋਹਾ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਇਹ ਜਾਣਕਾਰੀ ਸਾਂਝੀ ਕੀਤੀ।

ਡੀਐਸਪੀ ਭਾਰਤ ਭੂਸ਼ਣ ਨੇ ਦੱਸਿਆ ਕਿ ਡੀਜੀਪੀ ਪੰਜਾਬ ਗੌਰਵ ਯਾਦਵ ਦੀ ਅਗਵਾਈ ਅਤੇ ਐਸਐਸਪੀ ਹੁਸ਼ਿਆਰਪੁਰ ਸੰਦੀਪ ਮਲਿਕ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ੇ ਵਿਰੁੱਧ ਅਭਿਆਨ ਨੂੰ ਪ੍ਰਭਾਵੀ ਢੰਗ ਨਾਲ ਅੱਗੇ ਵਧਾਇਆ ਜਾ ਰਿਹਾ ਹੈ। ਪੁਲਿਸ ਵੱਲੋਂ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਤੋੜਨ ਲਈ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਨਸ਼ੇ ਵਿਰੁੱਧ ਲੜਾਈ ਸਿਰਫ ਪੁਲਿਸ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਇਸ ਵਿੱਚ ਸਮਾਜ ਦੇ ਹਰ ਵਰਗ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਇਸੇ ਤਹਿਤ ਨਸ਼ੇ ਦੀ ਲਤ ਦਾ ਸ਼ਿਕਾਰ ਹੋ ਚੁੱਕੇ ਲੋਕਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਤੱਕ ਪਹੁੰਚਾ ਕੇ ਉਨ੍ਹਾਂ ਨੂੰ ਨਸ਼ਾ ਛੱਡਣ ਲਈ ਲੋੜੀਂਦੀ ਸਹਾਇਤਾ ਉਪਲਬਧ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਡੀਐਸਪੀ ਨੇ ਦੱਸਿਆ ਕਿ ਜੋ ਨੌਜਵਾਨ ਨਸ਼ਾ ਛੱਡ ਕੇ ਦੁਬਾਰਾ ਕੰਮ-ਧੰਦੇ ਨਾਲ ਜੁੜਨਾ ਚਾਹੁੰਦੇ ਹਨ, ਉਨ੍ਹਾਂ ਨੂੰ ਸਕਿੱਲ ਡਿਵੈਲਪਮੈਂਟ ਸੈਂਟਰਾਂ ਰਾਹੀਂ ਵੱਖ-ਵੱਖ ਤਰ੍ਹਾਂ ਦੇ ਹੁਨਰ ਸਿਖਾਉਣ ਅਤੇ ਰੁਜ਼ਗਾਰ ਦੇ ਮੌਕੇ ਉਪਲਬਧ ਕਰਵਾਉਣ ਲਈ ਸਰਕਾਰ ਵੱਲੋਂ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਹੁਨਰਮੰਦ ਬਣਾ ਕੇ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਨਾਲ ਜੋੜਨਾ ਨਸ਼ੇ ਦੀ ਸਮੱਸਿਆ ਨਾਲ ਨਜਿੱਠਣ ਦਾ ਇੱਕ ਮਹੱਤਵਪੂਰਨ ਮਾਧਿਅਮ ਹੈ।


ਨਸ਼ੇ ਦੇ ਕਾਰੋਬਾਰ ਵਿੱਚ ਸ਼ਾਮਲ ਲੋਕਾਂ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਡੀਐਸਪੀ ਭਾਰਤ ਭੂਸ਼ਣ ਨੇ ਕਿਹਾ ਕਿ ਨਸ਼ਾ ਤਸਕਰੀ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਨਸ਼ਾ ਤਸਕਰਾਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਈ ਨਸ਼ਾ ਤਸਕਰਾਂ ਦੇ ਘਰਾਂ 'ਤੇ ਅੱਜ ਤਾਲੇ ਲੱਗੇ ਹੋਏ ਹਨ ਅਤੇ ਕਈ ਮਾਮਲਿਆਂ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਕਮਾਈ ਗਈ ਜਾਇਦਾਦਾਂ ਨੂੰ ਕਾਨੂੰਨੀ ਪ੍ਰਕਿਰਿਆ ਤਹਿਤ ਜ਼ਬਤ ਕਰਨ ਦੀ ਕਾਰਵਾਈ ਵੀ ਕੀਤੀ ਗਈ ਹੈ।

ਡੀਐਸਪੀ ਭਾਰਤ ਭੂਸ਼ਣ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਵਿਰੁੱਧ ਚਲਾਏ ਜਾ ਰਹੇ ਅਭਿਆਨ ਵਿੱਚ ਪੁਲਿਸ ਦਾ ਵੱਧ ਤੋਂ ਵੱਧ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਜੇਕਰ ਆਮ ਲੋਕ ਨਸ਼ਾ ਤਸਕਰੀ ਅਤੇ ਨਸ਼ੇ ਨਾਲ ਜੁੜੀਆਂ ਗਤੀਵਿਧੀਆਂ ਦੀ ਜਾਣਕਾਰੀ ਪੁਲਿਸ ਤੱਕ ਪਹੁੰਚਾਉਣ ਅਤੇ ਆਪਣੇ ਆਲੇ-ਦੁਆਲੇ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖਣ ਲਈ ਯਤਨ ਕਰਨ ਤਾਂ ਪੰਜਾਬ ਤੋਂ ਨਸ਼ੇ ਦੀ ਸਮੱਸਿਆ ਨੂੰ ਜੜ੍ਹੋਂ ਖਤਮ ਕਰਨ ਵਿੱਚ ਵੱਡੀ ਮਦਦ ਮਿਲ ਸਕਦੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਦੀ ਸਖ਼ਤੀ ਦੇ ਨਾਲ-ਨਾਲ ਨਸ਼ੇ ਦੀ ਗ੍ਰਿਫ਼ਤ ਵਿੱਚ ਆ ਚੁੱਕੇ ਲੋਕਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਵਾਪਸ ਲਿਆਉਣਾ ਵੀ ਇਸ ਅਭਿਆਨ ਦਾ ਮਹੱਤਵਪੂਰਨ ਹਿੱਸਾ ਹੈ। ਪਰਿਵਾਰ, ਸਮਾਜ ਅਤੇ ਪੁਲਿਸ ਦੇ ਸਾਂਝੇ ਯਤਨਾਂ ਨਾਲ ਹੀ ਨਸ਼ਾ-ਮੁਕਤ ਪੰਜਾਬ ਦੇ ਟੀਚੇ ਨੂੰ ਹਾਸਲ ਕੀਤਾ ਜਾ ਸਕਦਾ ਹੈ।

ਕੀ ਪੰਜਾਬ ਵਿੱਚ ਨਸ਼ੇ ਵਿਰੁੱਧ ਆਵਾਜ਼ ਉਠਾਉਣ ਦੀ ਕੀਮਤ ਆਪਣੀ ਜਾਨ ਦੇ ਕੇ ਚੁਕਾਉਣੀ ਪਵੇਗੀ : ਖੰਨਾ

ਕਿਹਾ, ਗੁਲਜ਼ਾਰ ਸਿੰਘ ਦੀ ਮੌਤ ਨੇ ਪੰਜਾਬ ਸਰਕਾਰ ਦੀ ਕਾਨੂੰਨ ਵਿਵਸਥਾ 'ਤੇ ਖੜ੍ਹੇ ਕੀਤੇ ਗੰਭੀਰ ਸਵਾਲ

ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)



ਸਾਬਕਾ ਸੰਸਦ ਮੈਂਬਰ ਅਤੇ ਸੀਨੀਅਰ ਭਾਜਪਾ ਆਗੂ ਅਵਿਨਾਸ਼ ਰਾਏ ਖੰਨਾ ਨੇ ਸੰਗਰੂਰ ਜ਼ਿਲ੍ਹੇ ਦੇ ਤੁਰ ਬੰਜਾਰਾ ਪਿੰਡ ਦੇ ਨਿਵਾਸੀ ਗੁਲਜ਼ਾਰ ਸਿੰਘ ਦੀ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੂੰ ਇਸਦਾ ਜ਼ਿੰਮੇਵਾਰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਜਿਸ ਪੰਜਾਬ ਵਿੱਚ ਸਰਕਾਰ ਨਸ਼ੇ ਵਿਰੁੱਧ ਵੱਡੀਆਂ-ਵੱਡੀਆਂ ਗੱਲਾਂ ਅਤੇ ਮੁਹਿੰਮਾਂ ਚਲਾਉਣ ਦਾ ਦਾਅਵਾ ਕਰਦੀ ਹੈ, ਉੱਥੇ ਜੇਕਰ ਕੋਈ ਆਮ ਨਾਗਰਿਕ ਨਸ਼ੇ ਵਿਰੁੱਧ ਆਵਾਜ਼ ਉਠਾਉਂਦਾ ਹੈ ਅਤੇ ਉਸ ਤੋਂ ਬਾਅਦ ਉਸਨੂੰ ਕਥਿਤ ਤੌਰ 'ਤੇ ਦਬਾਅ, ਅਪਮਾਨ ਅਤੇ ਧਮਕੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਇਹ ਪੰਜਾਬ ਲਈ ਬਹੁਤ ਹੀ ਚਿੰਤਾਜਨਕ ਸਥਿਤੀ ਹੈ।

ਉਕਤ ਵਿਚਾਰ ਖੰਨਾ ਨੇ ਆਪਣੇ ਦਫ਼ਤਰ ਵਿੱਚ ਮਿਲਣ ਆਏ ਲੋਕਾਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਖੰਨਾ ਨੇ ਕਿਹਾ ਕਿ ਕੀ ਹੁਣ ਪੰਜਾਬ ਵਿੱਚ ਨਸ਼ੇ ਵਿਰੁੱਧ ਆਵਾਜ਼ ਉਠਾਉਣ ਦੀ ਕੀਮਤ ਆਪਣੀ ਜਾਨ ਦੇ ਕੇ ਚੁਕਾਉਣੀ ਪਵੇਗੀ? ਉਨ੍ਹਾਂ ਕਿਹਾ ਕਿ ਗੁਲਜ਼ਾਰ ਸਿੰਘ ਦਾ ਮਾਮਲਾ ਸਿਰਫ ਇੱਕ ਵਿਅਕਤੀ ਦੀ ਦੁਖਦ ਮੌਤ ਦਾ ਮਾਮਲਾ ਨਹੀਂ ਹੈ, ਸਗੋਂ ਇਹ ਪੰਜਾਬ ਵਿੱਚ ਆਮ ਨਾਗਰਿਕ ਦੇ ਬੋਲਣ ਦੇ ਅਧਿਕਾਰ, ਸੁਰੱਖਿਆ ਅਤੇ ਸਰਕਾਰ ਦੀ ਜਵਾਬਦੇਹੀ ਨਾਲ ਜੁੜਿਆ ਗੰਭੀਰ ਸਵਾਲ ਹੈ। ਮੀਡੀਆ ਰਿਪੋਰਟਾਂ ਅਨੁਸਾਰ ਗੁਲਜ਼ਾਰ ਸਿੰਘ ਨੇ ਆਪਣੇ ਪਿੰਡ ਵਿੱਚ ਆਯੋਜਿਤ ਪ੍ਰੋਗਰਾਮ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਸਾਹਮਣੇ ਕਥਿਤ ਤੌਰ 'ਤੇ ਖੁੱਲ੍ਹੇਆਮ ਵਿਕ ਰਹੇ ਨਸ਼ੇ ਦਾ ਮੁੱਦਾ ਉਠਾਇਆ ਸੀ।

ਇਸ ਤੋਂ ਬਾਅਦ ਪਰਿਵਾਰ ਵੱਲੋਂ ਸਥਾਨਕ ਪੱਧਰ 'ਤੇ ਉਸ 'ਤੇ ਦਬਾਅ ਬਣਾਏ ਜਾਣ ਅਤੇ ਜਨਤਕ ਤੌਰ 'ਤੇ ਮੁਆਫੀ ਮੰਗਣ ਲਈ ਮਜਬੂਰ ਕੀਤੇ ਜਾਣ ਦੇ ਦੋਸ਼ ਲਗਾਏ ਗਏ। ਬਾਅਦ ਵਿੱਚ ਗੁਲਜ਼ਾਰ ਸਿੰਘ ਨੇ ਜ਼ਹਿਰੀਲਾ ਪਦਾਰਥ ਖਾ ਲਿਆ ਅਤੇ ਇਲਾਜ ਦੌਰਾਨ ਲੁਧਿਆਣਾ ਵਿੱਚ ਉਸਦੀ ਮੌਤ ਹੋ ਗਈ। ਮੌਤ ਤੋਂ ਪਹਿਲਾਂ ਰਿਕਾਰਡ ਕੀਤੀ ਗਈ ਵੀਡੀਓ ਵਿੱਚ ਉਸਨੇ ਕੁਝ ਲੋਕਾਂ 'ਤੇ ਗੰਭੀਰ ਦੋਸ਼ ਲਗਾਏ ਸਨ। ਖੰਨਾ ਨੇ ਕਿਹਾ ਕਿ ਇਸ ਪੂਰੇ ਮਾਮਲੇ ਦੀ ਨਿਰਪੱਖ, ਪਾਰਦਰਸ਼ੀ ਅਤੇ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਅਤੇ ਗੁਲਜ਼ਾਰ ਸਿੰਘ ਦੇ ਪਰਿਵਾਰ ਵੱਲੋਂ ਲਗਾਏ ਗਏ ਹਰ ਦੋਸ਼ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਸਾਰੇ ਦੋਸ਼ੀਆਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸਾਹਮਣੇ ਆਪਣੀ ਸਮੱਸਿਆ ਰੱਖਣ ਵਾਲਾ ਆਮ ਨਾਗਰਿਕ ਹੀ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗੇ, ਤਾਂ ਇਹ ਲੋਕਤੰਤਰ ਅਤੇ ਕਾਨੂੰਨ ਦੋਵਾਂ ਲਈ ਗੰਭੀਰ ਖਤਰੇ ਦੀ ਘੰਟੀ ਹੈ।

ਚੰਡੀਗੜ੍ਹ ਰੇਲਵੇ ਸਟੇਸ਼ਨ ਤੇ 36 ਦਿਨਾਂ ਦਾ ਬਿਜਲੀ ਅਤੇ ਆਵਾਜ਼ਾਈ ਬਲਾਕ ਅੱਜ ਤੋਂ ਸ਼ੁਰੂ

12 ਗੱਡੀਆਂ ਦੇ 442 ਗੇੜੇ ਰਹਿਣਗੇ ਰੱਦ

ਪੈ.ਗਾਮ-ਏ-ਜਗਤ
ਅੰਬਾਲਾ, 9 ਸਤੰਬਰ (ਆਰ.ਸਿੰਘ)

ਅੰਬਾਲਾ ਛਾਉਣੀ ਰੇਲਵੇ ਸਟੇਸ਼ਨ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅੰਬਾਲਾ ਡਵੀਜ਼ਨਲ ਰੇਲਵੇ ਮੈਨੇਜਰ ਵਿਨੋਦ ਭਾਟੀਆ ਨੇ ਐਲਾਨ ਕੀਤਾ ਕਿ ਚੰਡੀਗੜ੍ਹ ਰੇਲਵੇ ਸਟੇਸ਼ਨ ਦੇ ਅਪਗ੍ਰੇਡੇਸ਼ਨ ਲਈ 10 ਸਤੰਬਰ ਤੋਂ 15 ਅਕਤੂਬਰ, 2026 ਤੱਕ ਕੁੱਲ 36 ਦਿਨਾਂ ਦੀ ਬਿਜਲੀ ਅਤੇ ਆਵਾਜਾਈ ਬਲਾਕ ਰਹੇਗਾ।

ਚੰਡੀਗੜ੍ਹ ਰੇਲਵੇ ਸਟੇਸ਼ਨ ਨੂੰ ਵਿਸ਼ਵ ਪੱਧਰੀ ਸਟੇਸ਼ਨ ਵਜੋਂ ਵਿਕਸਤ ਕਰਨ ਅਤੇ ਯਾਤਰੀ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਪਿਛਲੇ ਡੇਢ ਤੋਂ ਦੋ ਸਾਲਾਂ ਤੋਂ ਚੱਲ ਰਿਹਾ ਨਿਰਮਾਣ ਕਾਰਜ ਹੁਣ ਇੱਕ ਨਵੇਂ ਪੜਾਅ ਵਿੱਚ ਦਾਖਲ ਹੋ ਗਿਆ ਹੈ। ਸਟੇਸ਼ਨ 'ਤੇ ਨਿਰਮਾਣ ਕਾਰਜ ਨੂੰ ਤੇਜ਼ ਕਰਨ ਅਤੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰੇਲਵੇ ਪ੍ਰਸ਼ਾਸਨ ਨੇ 36 ਦਿਨਾਂ ਦੀ ਇੱਕ ਵਿਸ਼ੇਸ਼ ਬਲਾਕ ਯੋਜਨਾ ਲਾਗੂ ਕੀਤੀ ਹੈ। ਇਸ ਸਮੇਂ ਦੌਰਾਨ 12 ਰੇਲਗੱਡੀਆਂ (442 ਗੇੜੇ) ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਗਿਆ ਹੈ। 06 ਗੱਡੀਆਂ ਦੇ ਕੁੱਲ 54 ਟ੍ਰਿਪ ਅੰਬਾਲਾ ਕੈਂਟ ਤੱਕ ਛੋਟੇ ਟਰਮੀਨੇਟ/ਛੋਟੇ ਰੂਟ ਕੀਤੇ ਜਾਣਗੇ ਅਤੇ 02 ਗੱਡੀਆਂ ਦੇ ਕੁੱਲ 4 ਟ੍ਰਿਪ ਨਿਰਧਾਰਿਤ ਸਮੇਂ ਦੌਰਾਨ ਮੋੜੇ ਜਾਣਗੇ।

ਯਾਤਰੀਆਂ ਦੀ ਸਹੂਲਤ ਲਈ ਕੁਝ ਰੇਲਗੱਡੀਆਂ ਨੂੰ ਮੋਹਾਲੀ ਸਟੇਸ਼ਨ 'ਤੇ ਵਾਧੂ ਸਟਾਪੇਜ ਦਿੱਤਾ ਗਿਆ ਹੈ। ਰੇਲਵੇ ਵੱਲੋਂ ਚੰਡੀਗੜ੍ਹ ਰੇਲਵੇ ਸਟੇਸ਼ਨ ਨੂੰ ਵਿਸ਼ਵ ਪੱਧਰੀ ਸਟੇਸ਼ਨ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਡੇਢ ਸਾਲ ਤੋਂ ਸਟੇਸ਼ਨ ਤੇ ਕੰਮ ਚੱਲ ਰਿਹਾ ਹੈ ਅਤੇ ਹੁਣ ਇਸ ਨਿਰਮਾਣ ਲਈ 36 ਦਿਨਾਂ ਦਾ ਬਲਾਕ ਪਲਾਨ ਬਣਾਇਆ ਗਿਆ ਹੈ ਜੋ ਕਿ ਤਿੰਨ ਪੜਾਵਾਂ ਵਿੱਚ ਹੈ।

ਇਸ ਦੌਰਾਨ ਵੱਖ-ਵੱਖ ਦਿਨਾਂ ਦੇ ਸਲਾਟ 'ਤੇ ਯਾਤਰੀ ਸੇਵਾ ਲਈ ਵੱਖ-ਵੱਖ ਪਲੇਟਫਾਰਮਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਲਈ ਰੇਲਵੇ ਨੇ ਪੂਰੀ ਤਿਆਰੀ ਕਰ ਲਈ ਹੈ ਅਤੇ ਮੀਡੀਆ ਰਾਹੀਂ ਇਸ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਅੰਬਾਲਾ ਡਵੀਜ਼ਨਲ ਰੇਲਵੇ ਮੈਨੇਜਰ ਵਿਨੋਦ ਭਾਟੀਆ ਨੇ ਕਿਹਾ ਕਿ ਹਰੇਕ ਪਲੇਟਫਾਰਮ ਨੂੰ 10 ਤੋਂ 12 ਦਿਨਾਂ ਲਈ ਬੰਦ ਕਰ ਦਿੱਤਾ ਗਿਆ ਹੈ ਅਤੇ ਯਾਤਰੀਆਂ ਨੂੰ ਘੱਟੋ-ਘੱਟ ਅਸੁਵਿਧਾ ਯਕੀਨੀ ਬਣਾਉਣ ਲਈ ਰੇਲਗੱਡੀਆਂ ਦੇ ਸੰਚਾਲਨ ਵਿੱਚ ਜ਼ਰੂਰੀ ਬਦਲਾਅ ਕੀਤੇ ਗਏ ਹਨ। ਟਰੇਨ ਨੰਬਰ 14615/14616 (ਲਾਲਕੂਆਂ-ਅੰਮ੍ਰਿਤਸਰ-ਲਾਲਕੂਆਂ) ਨੂੰ ਵੀ ਨਿਰਧਾਰਿਤ ਮਿਤੀਆਂ 'ਤੇ ਮੋੜਿਆ ਜਾਵੇਗਾ। ਇਨ੍ਹਾਂ ਰੇਲਗੱਡੀਆਂ ਨੂੰ ਚੰਡੀਗੜ੍ਹ ਦੀ ਬਜਾਏ ਅੰਬਾਲਾ-ਸਰਹਿੰਦ-ਸਾਹਨੇਵਾਲ ਰੂਟ ਰਾਹੀਂ ਮੋੜਿਆ ਜਾਵੇਗਾ।

ਰੇਲਵੇ ਨੇ ਯਾਤਰੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਉਕਤ ਸਮੇਂ ਦੌਰਾਨ ਯਾਤਰਾ ਕਰਨ ਤੋਂ ਪਹਿਲਾਂ ਅਧਿਕਾਰਤ ਰੇਲਵੇ ਯਾਤਰੀ ਜਾਣਕਾਰੀ, ਘੋਸ਼ਣਾਵਾਂ, NTES ਅਤੇ ਰੇਲ ਮਦਦ (139) ਰਾਹੀਂ ਆਪਣੀ ਟਰੇਨ ਦੇ ਸੰਚਾਲਨ, ਸਮੇਂ, ਸਟਾਪੇਜ ਅਤੇ ਪਲੇਟ ਫਾਰਮ ਜਾਣਕਾਰੀ ਦੀ ਜਾਂਚ ਜ਼ਰੂਰ ਕਰਨ।

ਪੰਜਾਬੀ ਯੂਨੀਵਰਸਿਟੀ ਕੰਟਰੈਕਟ ਟੀਚਰ ਐਸੋਸੀਏਸ਼ਨ ਵੱਲੋਂ 13 ਕਾਂਸਟੀਚੂਐਂਟ ਕਾਲਜਾਂ ਸਮੇਤ ਸੰਸਥਾਵਾਂ ਵਿੱਚ ਮੁਕੰਮਲ ਬੰਦ

ਪਟਿਆਲਾ, 9 ਸਤੰਬਰ
(ਪੈ.ਗਾਮ-ਏ-ਜਗਤ)



ਪੰਜਾਬੀ ਯੂਨੀਵਰਸਿਟੀ ਕੰਟਰੈਕਟ ਟੀਚਰ ਐਸੋਸੀਏਸ਼ਨ ਵੱਲੋਂ ਕੰਟਰੈਕਟ ਅਧਿਆਪਕਾਂ ਦੀਆਂ ਮੰਗਾਂ ਲਾਗੂ ਨਾ ਕੀਤੇ ਜਾਣ ਦੇ ਰੋਸ ਵਜੋਂ ਬੁੱਧਵਾਰ, 9 ਸਤੰਬਰ ਨੂੰ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਵੱਖ-ਵੱਖ ਸੰਸਥਾਵਾਂ ਵਿੱਚ ਮੁਕੰਮਲ ਬੰਦ ਦਾ ਸੱਦਾ ਦਿੱਤਾ ਗਿਆ।

ਇਸ ਬੰਦ ਤਹਿਤ 13 ਕਾਂਸਟੀਚੂਐਂਟ ਕਾਲਜ, 5 ਨੇਬਰਹੁੱਡ ਕੈਂਪਸ ਅਤੇ 4 ਰੀਜਨਲ ਸੈਂਟਰ ਸ਼ਾਮਲ ਰਹੇ। ਇਸ ਦੌਰਾਨ ਪਟਿਆਲਾ, ਬਰਨਾਲਾ, ਫਤਹਿਗੜ੍ਹ ਸਾਹਿਬ, ਸੰਗਰੂਰ, ਬਠਿੰਡਾ, ਮਲੇਰਕੋਟਲਾ, ਮਾਨਸਾ, ਫਰੀਦਕੋਟ, ਮੋਹਾਲੀ ਅਤੇ ਰੂਪਨਗਰ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਥਿਤ ਪੰਜਾਬੀ ਯੂਨੀਵਰਸਿਟੀ ਦੀਆਂ ਸੰਸਥਾਵਾਂ ਵਿੱਚ ਬੰਦ ਦਾ ਅਸਰ ਦੇਖਣ ਨੂੰ ਮਿਲਿਆ।

ਐਸੋਸੀਏਸ਼ਨ ਵੱਲੋਂ ਮੁੱਖ ਤੌਰ 'ਤੇ ਦੋ ਮੰਗਾਂ ਰੱਖੀਆਂ ਗਈਆਂ ਹਨ। ਪਹਿਲੀ ਮੰਗ ਮਾਨਯੋਗ ਹਾਈਕੋਰਟ ਵੱਲੋਂ ਰਾਜਨ ਗੋਇਲ ਕੇਸ ਵਿੱਚ ਦਿੱਤੇ ਫ਼ੈਸਲੇ ਨੂੰ ਲਾਗੂ ਕਰਨ ਦੀ ਹੈ। ਦੂਜੀ ਮੰਗ ਯੂਜੀਸੀ ਦੀਆਂ ਤਨਖ਼ਾਹ ਸਕੇਲ ਸਬੰਧੀ ਹਦਾਇਤਾਂ ਨੂੰ ਕੰਟਰੈਕਟ ਅਧਿਆਪਕਾਂ 'ਤੇ ਲਾਗੂ ਕਰਨ ਦੀ ਹੈ। ਪੰਜਾਬੀ ਯੂਨੀਵਰਸਿਟੀ ਕੰਟਰੈਕਟ ਟੀਚਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਰਮਨਪ੍ਰੀਤ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਅਧਿਕਾਰੀ ਖੁਦ ਮੰਨਦੇ ਹਨ ਕਿ ਕੰਟਰੈਕਟ ਅਧਿਆਪਕਾਂ ਦੀਆਂ ਮੰਗਾਂ ਜਾਇਜ਼ ਹਨ, ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਅਸਮਰੱਥਤਾ ਪ੍ਰਗਟਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਧਿਕਾਰੀ ਮੰਗਾਂ ਨੂੰ ਜਾਇਜ਼ ਮੰਨਦੇ ਹਨ ਤਾਂ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਹੋਰ ਦੇਰੀ ਨਹੀਂ ਕੀਤੀ ਜਾਣੀ ਚਾਹੀਦੀ।

ਉਨ੍ਹਾਂ ਕਿਹਾ ਕਿ ਅੱਜ ਪੰਜਾਬੀ ਯੂਨੀਵਰਸਿਟੀ ਅਧੀਨ ਆਉਣ ਵਾਲੀਆਂ ਸਾਰੀਆਂ ਸੰਸਥਾਵਾਂ ਵਿੱਚ ਬੰਦ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸੰਘਰਸ਼ ਨੂੰ ਰੈਗੂਲਰ ਅਧਿਆਪਕਾਂ ਵੱਲੋਂ ਵੀ ਸਮਰਥਨ ਮਿਲ ਰਿਹਾ ਹੈ ਅਤੇ ਉਹ ਕੰਟਰੈਕਟ ਅਧਿਆਪਕਾਂ ਦੀਆਂ ਮੰਗਾਂ ਦੇ ਹੱਕ ਵਿੱਚ ਖੜ੍ਹੇ ਹਨ।

ਐਸੋਸੀਏਸ਼ਨ ਦੀ ਪ੍ਰਧਾਨ ਡਾ. ਤਰਨਜੀਤ ਕੌਰ ਨੇ ਵੀ ਮਾਨਯੋਗ ਹਾਈਕੋਰਟ ਦੇ ਫ਼ੈਸਲੇ ਅਤੇ ਯੂਜੀਸੀ ਦੀਆਂ ਤਨਖ਼ਾਹ ਸਬੰਧੀ ਹਦਾਇਤਾਂ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕੰਟਰੈਕਟ ਅਧਿਆਪਕ ਲੰਬੇ ਸਮੇਂ ਤੋਂ ਆਪਣੀਆਂ ਅਕਾਦਮਿਕ ਅਤੇ ਸੰਸਥਾਗਤ ਜ਼ਿੰਮੇਵਾਰੀਆਂ ਪੂਰੀ ਇਮਾਨਦਾਰੀ ਨਾਲ ਨਿਭਾ ਰਹੇ ਹਨ ਅਤੇ ਉਨ੍ਹਾਂ ਦੇ ਕਾਨੂੰਨੀ ਤੇ ਜਾਇਜ਼ ਹੱਕਾਂ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ। ਐਸੋਸੀਏਸ਼ਨ ਨੇ ਸਪੱਸ਼ਟ ਕੀਤਾ ਕਿ ਹਾਈਕੋਰਟ ਦੇ ਫ਼ੈਸਲੇ ਅਤੇ ਯੂਜੀਸੀ ਦੀਆਂ ਤਨਖ਼ਾਹ ਸਕੇਲ ਸਬੰਧੀ ਹਦਾਇਤਾਂ ਨੂੰ ਲਾਗੂ ਕਰਨ ਲਈ ਠੋਸ ਕਦਮ ਚੁੱਕੇ ਜਾਣ ਤੱਕ ਸੰਘਰਸ਼ ਜਾਰੀ ਰਹੇਗਾ।

ਫਸਟ ਏਡ, ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ ਟ੍ਰੇਨਿੰਗਾਂ, ਜਾਨਾਂ ਬਚਾਉਣ ਲਈ ਸਿਖਣਾਂ ਜ਼ਰੂਰੀ

ਪੈ.ਗਾਮ-ਏ-ਜਗਤ
ਪਟਿਆਲਾ, (ਕਾਕਾ ਰਾਮ ਵਰਮਾ)



ਸੰਯੁਕਤ ਰਾਸ਼ਟਰ ਅਤੇ ਰੈੱਡ ਕਰਾਸ ਵਲੋਂ 7 ਤੋਂ 12 ਸਤੰਬਰ ਤੱਕ ਦੁਨੀਆ ਵਿੱਚ ਫਸਟ ਏਡ, ਸੀ ਪੀ ਆਰ ਜਾਗ੍ਰਿਤੀ ਸਪਤਾਹ ਦੌਰਾਨ ਵੱਧ ਤੋਂ ਵੱਧ ਵਿਦਿਆਰਥੀਆਂ ਅਧਿਆਪਕਾਂ ਨਾਗਰਿਕਾਂ ਨੂੰ ਟ੍ਰੇਨਿੰਗਾਂ ਦੇਣ ਲਈ ਮਨਾਇਆ ਜਾ ਰਿਹਾ ਹੈ।

ਫਸਟ ਏਡ, ਸੇਫਟੀ, ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਸ਼੍ਰੀ ਕਾਕਾ ਰਾਮ ਵਰਮਾ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਵਿਖੇ ਵਿਦਿਆਰਥੀਆਂ ਨੂੰ ਕਿਸੇ ਵੀ ਦੁਰਘਟਨਾਂ ਸਮੇਂ ਪੀੜਤਾਂ ਨੂੰ ਮਰਨ ਅਤੇ ਅਪਾਹਜ ਹੋਣ ਤੋਂ ਬਚਾਉਣ ਲਈ ਤੁਰੰਤ ਠੀਕ ਫਸਟ ਏਡ, ਸੀ ਪੀ ਆਰ, ਰਿਕਵਰੀ ਪੁਜੀਸ਼ਨ, ਵੈਂਟੀਲੇਟਰ ਬਣਾਉਟੀ ਸਾਹ ਕਿਰਿਆ ਅਤੇ ਏ ਬੀ ਸੀ ਡੀ ਕਰਨ ਦੀ ਮਹੱਤਤਾ ਦੱਸੀ ਜੋਕਿ ਪੀੜਤਾਂ ਨੂੰ ਹਸਪਤਾਲਾਂ ਤੱਕ ਜਿਉਂਦੇ ਰੱਖਣ ਲਈ ਬਹੁਤ ਲਾਭਦਾਇਕ ਸਿੱਧ ਹੁੰਦੀ ਹੈ, ਲੋੜ ਅਨੁਸਾਰ ਐਂਬੂਲੈਂਸ, ਫਾਇਰ ਬ੍ਰਿਗੇਡ ਅਤੇ ਪੁਲਿਸ ਹੈਲਪ ਲਾਈਨ ਨੰਬਰਾਂ ਤੇ ਫੋਨ ਕਰਕੇ ਮਦਦ ਲੈਣੀ ਜ਼ਰੂਰੀ ਹੈ। ਉਨ੍ਹਾਂ ਨੇ ਦੱਸਿਆ ਕਿ ਅਚਾਨਕ ਵਾਪਰਨ ਵਾਲੀਆਂ ਕੁਦਰਤੀ, ਮੌਸਮੀ, ਮਨੁੱਖੀ ਆਫ਼ਤਾਵਾ, ਘਰੇਲੂ ਘਟਨਾਵਾਂ, ਦਿਲ ਦੇ ਦੌਰੇ, ਕਾਰਡੀਅਕ ਅਰੈਸਟ, ਬੇਹੋਸ਼ੀ, ਅੱਗਾਂ, ਗੈਸਾਂ, ਧੂੰਏਂ, ਪਾਣੀ ਮਲਵੇ ਵਿੱਚ ਫ਼ਸੇ ਪੀੜਤਾਂ ਨੂੰ ਬਚਾਉਣ ਲਈ ਮਦਦਗਾਰ ਫ਼ਰਿਸ਼ਤੇ ਬਨਣ ਲਈ ਟ੍ਰੇਨਿੰਗਾਂ ਲੈਣੀਆਂ ਚਾਹੀਦੀਆਂ ਹਨ।

ਡਾਕਟਰ ਰਾਕੇਸ਼ ਵਰਮੀ ਪ੍ਰਧਾਨ ਨੇ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਰਾਜੇਸ਼ ਮੋਦੀ ਨੂੰ ਸਰਵੋਤਮ ਸਿਖਿਆ ਸ਼ਾਸਤਰੀ ਵਜੋਂ ਸਨਮਾਨਿਤ ਕੀਤਾ ਅਤੇ ਦੱਸਿਆ ਕਿ ਜੇਕਰ ਕੋਈ ਵਿਦਿਆਰਥੀ ਜਾਂ ਇਨਸਾਨ ਕਿਸੇ ਪੀੜਤ ਨੂੰ ਬਚਾਉਣ ਲਈ ਮਦਦ ਕਰਦੇ, ਤਾਂ ਉਨ੍ਹਾਂ ਨੂੰ ਡੈਡੀਕੇਟਿਡ ਬ੍ਰਦਰਜ਼ ਗਰੁੱਪ ਪਟਿਆਲਾ ਵਲੋਂ ਪ੍ਰਸ਼ੰਸਾ ਪੱਤਰ ਅਤੇ ਗੋਲਡ ਮੈਡਲ ਦੇਕੇ ਸਨਮਾਨਿਤ ਕੀਤਾ ਜਾਂਦਾ ਹੈ। ਪ੍ਰਿੰਸੀਪਲ ਰਾਜੇਸ਼ ਮੋਦੀ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਵੱਧ ਰਹੀਆਂ ਦੁਰਘਟਨਾਵਾਂ ਅਤੇ ਅਚਾਨਕ ਹੋ ਰਹੀਆਂ ਮੌਤਾਂ ਨੂੰ ਰੋਕਣ ਲਈ ਸਾਰਿਆਂ ਨੂੰ ਟ੍ਰੇਨਿੰਗਾਂ ਲੈਣੀਆਂ ਚਾਹੀਦੀਆਂ ਹਨ ਅਤੇ ਪੀੜਤਾਂ ਦੀ ਮਦਦ ਕਰਨੀ ਚਾਹੀਦੀ ਹੈ।

ਪੰਜਾਬ ਦੀ ਪਹਿਲੀ ਓਐਲਐਲਆਈਐਫ ਸਪਾਈਨ ਸਰਜਰੀ ਲਿਵਾਸਾ ਹਸਪਤਾਲ ਖੰਨਾ ਵਿਖੇ ਸਫਲਤਾਪੂਰਵਕ ਕੀਤੀ ਗਈ

ਖੰਨਾ, 9 ਸਤੰਬਰ
(ਪੈ.ਗਾਮ-ਏ-ਜਗਤ)

ਪੰਜਾਬ ਵਿੱਚ ਘੱਟੋ-ਘੱਟ ਚੀਰ-ਫਾੜ ਵਾਲੀ ਰੀੜ੍ਹ ਦੀ ਹੱਡੀ ਦੇ ਇਲਾਜ ਦੇ ਖੇਤਰ ਵਿੱਚ ਇੱਕ ਵੱਡੀ ਪ੍ਰਾਪਤੀ ਹਾਸਲ ਕਰਦਿਆਂ, ਲਿਵਾਸਾ ਹਸਪਤਾਲ ਖੰਨਾ ਵਿਖੇ ਲੰਬੇ ਸਮੇਂ ਤੋਂ ਕਮਰ ਦਰਦ ਅਤੇ ਲੱਤਾਂ ਵਿੱਚ ਜਾਣ ਵਾਲੇ ਦਰਦ ਤੋਂ ਪੀੜਤ 43 ਸਾਲਾ ਮਹਿਲਾ ਦੀ 'ਓਬਲੀਕ ਲੈਟਰਲ ਲੰਬਰ ਇੰਟਰਬੋਡੀ ਫਿਊਜ਼ਨ' (ਓਐਲਐਲਆਈਐਫ) ਸਰਜਰੀ ਸਫਲਤਾਪੂਰਵਕ ਕੀਤੀ ਗਈ।

ਮਹਿਲਾ ਲਗਾਤਾਰ ਦਰਦ ਦਾ ਸਾਹਮਣਾ ਕਰ ਰਹੀ ਸੀ, ਜਿਸ ਨਾਲ ਉਸਦਾ ਚੱਲਣਾ-ਫਿਰਨਾ ਅਤੇ ਰੋਜ਼ਾਨਾ ਦੇ ਕੰਮ ਕਾਫੀ ਸੀਮਤ ਹੋ ਗਏ ਸਨ। ਦਵਾਈਆਂ, ਫਿਜ਼ੀਓਥੈਰੇਪੀ ਅਤੇ ਹੋਰ ਗੈਰ-ਸਰਜੀਕਲ ਇਲਾਜਾਂ ਦੇ ਨਾਲ ਛੇ ਮਹੀਨਿਆਂ ਤੋਂ ਵੱਧ ਸਮੇਂ ਤੱਕ ਚੱਲੇ ਇਲਾਜ ਦੇ ਬਾਵਜੂਦ ਉਸਦੇ ਲੱਛਣਾਂ ਵਿੱਚ ਕੋਈ ਸੁਧਾਰ ਨਹੀਂ ਹੋਇਆ। ਵਿਸਥਾਰਪੂਰਵਕ ਜਾਂਚ ਅਤੇ ਇਮੇਜਿੰਗ ਤੋਂ ਪਤਾ ਲੱਗਿਆ ਕਿ ਮਹਿਲਾ ਲੰਬਰ ਸਪਾਈਨਲ ਅਸਥਿਰਤਾ, ਡੀਜਨਰੇਟਿਵ ਬਦਲਾਅ ਅਤੇ ਨਾੜਾਂ ਦੇ ਦਬਾਅ ਤੋਂ ਪੀੜਤ ਸੀ।



ਮਰੀਜ਼ ਦੀ ਹਾਲਤ ਅਤੇ ਰੀੜ੍ਹ ਦੀ ਹੱਡੀ ਨੂੰ ਸਥਿਰਤਾ ਪ੍ਰਦਾਨ ਕਰਨ ਦੀ ਲੋੜ ਨੂੰ ਦੇਖਦੇ ਹੋਏ, ਲਿਵਾਸਾ ਹਸਪਤਾਲ ਖੰਨਾ ਦੇ ਕੰਸਲਟੈਂਟ - ਆਰਥੋਪੈਡਿਕਸ ਐਂਡ ਜੁਆਇੰਟ ਰਿਪਲੇਸਮੈਂਟ, ਡਾ. ਸੰਦੀਪ ਸਿੰਘ ਨੇ ਮਿਨੀਮਲੀ ਇਨਵੇਸਿਵ ਓਐਲਐਲਆਈਐਫ ਤਕਨੀਕ ਨੂੰ ਚੁਣਿਆ। ਇਹ ਸਰਜਰੀ ਐਡਵਾਂਸਡ ਇਮੇਜ ਗਾਈਡੈਂਸ ਅਤੇ ਇੰਟ੍ਰਾਓਪਰੇਟਿਵ ਇਲੈਕਟ੍ਰੋਫਿਜ਼ੀਓਲੋਜੀਕਲ ਨਿਗਰਾਨੀ ਹੇਠ ਇੱਕ ਛੋਟੇ ਜਿਹੇ ਚੀਰੇ ਰਾਹੀਂ ਕੀਤੀ ਗਈ। ਖਰਾਬ ਡਿਸਕ ਤੱਕ ਪਹੁੰਚ ਕੇ ਉਸਨੂੰ ਬਾਹਰ ਕੱਢਿਆ ਗਿਆ, ਜਿਸ ਤੋਂ ਬਾਅਦ ਡਿਸਕ ਦੀ ਉਚਾਈ ਨੂੰ ਬਹਾਲ ਕਰਨ ਲਈ ਬੋਨ ਗ੍ਰਾਫਟ ਸਮੱਗਰੀ ਨਾਲ ਭਰਿਆ ਇੱਕ ਇੰਟਰਬੋਡੀ ਕੇਜ ਰੱਖਿਆ ਗਿਆ। ਇਸ ਤੋਂ ਬਾਅਦ ਰੀੜ੍ਹ ਦੀ ਹੱਡੀ ਦੇ ਪ੍ਰਭਾਵਿਤ ਹਿੱਸੇ ਨੂੰ ਸਥਿਰ ਕਰਨ ਲਈ ਮਿਨੀਮਲੀ ਇਨਵੇਸਿਵ ਫਿਕਸੇਸ਼ਨ ਕੀਤੀ ਗਈ।

ਸਰਜਰੀ ਦੌਰਾਨ ਬਹੁਤ ਘੱਟ ਖ਼ੂਨ ਵਹਿਆ, ਅਤੇ ਪ੍ਰਕਿਰਿਆ ਤੋਂ ਤੁਰੰਤ ਬਾਅਦ ਮਰੀਜ਼ ਨੂੰ ਚਲਾਉਣਾ-ਫਿਰਾਉਣਾ ਸ਼ੁਰੂ ਕਰਵਾ ਦਿੱਤਾ ਗਿਆ। ਆਪ੍ਰੇਸ਼ਨ ਤੋਂ ਬਾਅਦ ਉਨ੍ਹਾਂ ਦੀ ਰਿਕਵਰੀ ਬਹੁਤ ਵਧੀਆ ਰਹੀ, ਜਿਸ ਨਾਲ ਉਹ ਜਲਦੀ ਹੀ ਚੱਲਣ-ਫਿਰਨ ਦੇ ਯੋਗ ਹੋ ਗਏ। ਡਾ. ਸਿੰਘ ਨੇ ਦੱਸਿਆ, ÷ ਓਐਲਐਲਆਈਐਫ ਇੱਕ ਉੱਨਤ ਤਕਨੀਕ ਹੈ ਜੋ ਸਾਨੂੰ ਆਲੇ-ਦੁਆਲੇ ਦੇ ਮਾਸਪੇਸ਼ੀਆਂ ਅਤੇ ਨਰਮ ਟਿਸ਼ੂਆਂ ਨੂੰ ਨੁਕਸਾਨ ਪਹੁੰਚਾਏ ਬਿਨਾਂ ਰੀੜ੍ਹ ਦੀ ਹੱਡੀ ਦੀਆਂ ਚੋਣਵੀਆਂ ਸਮੱਸਿਆਵਾਂ ਦਾ ਸਟੀਕ ਇਲਾਜ ਕਰਨ ਦੇ ਯੋਗ ਬਣਾਉਂਦੀ ਹੈ।

ਜ਼ਿਲ੍ਹਾ ਸੰਗਰੂਰ ਦੀ ਸਬ ਡਵੀਜ਼ਨ ਸੰਗਰੂਰ ਵੱਲੋਂ ਮਿਤੀ 1 ਤੋਂ 7 ਸਤੰਬਰ ਤੱਕ ਕੀਤੀ ਗਈ ਕਾਰਗੁਜ਼ਾਰੀ

ਸੰਗਰੂਰ 09 ਸਤੰਬਰ
(ਪੈ.ਗਾਮ-ਏ-ਜਗਤ)

ਡਾ. ਰਵਜੋਤ ਗਰੇਵਾਲ IPS, ਐਸ.ਐਸ.ਪੀ. ਸੰਗਰੂਰ ਜੀ ਵੱਲੋਂ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਪੁਲਿਸ ਵੱਲੋਂ "ਯੁੱਧ ਨਸ਼ਿਆਂ ਵਿਰੁੱਧ" ਅਤੇ "ਪਿੰਡਾਂ ਦੇ ਪਹਿਰੇਦਾਰ" ਤਹਿਤ ਅਤੇ ਮਾੜੇ ਅਨਸਰਾਂ ਵਿਰੁੱਧ ਚਲਾਈ ਗਈ ਮੁਹਿੰਮ ਦੌਰਾਨ ਸਬ ਡਵੀਜ਼ਨ ਸੰਗਰੂਰ ਦੀ ਪੁਲਿਸ ਵੱਲੋਂ ਕਾਰਵਾਈ ਕਰਦੇ ਹੋਏ ਲੰਘੇ ਹਫ਼ਤੇ ਮਿਤੀ 01.09.2026 ਤੋਂ 07.09.2026 ਦੌਰਾਨ ਡਰੱਗ ਦੇ ਤਹਿਤ ਨਾਮਾਲੂਮ ਵਿਅਕਤੀਆਂ ਦੇ ਖਿਲਾਫ 01 ਮੁਕੱਦਮਾ ਦਰਜ ਕਰਕੇ 110Kg ਭੁੱਕੀ ਚੂਰਾ ਪੋਸਤ ਬਰਾਮਦ ਕੀਤੀ ਗਈ ਅਤੇ ਆਬਕਾਰੀ ਤਹਿਤ 01 ਮੁਕੱਦਮਾ ਦਰਜ ਕਰਕੇ 01 ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਉਸ ਪਾਸੋਂ 48 ਬੋਤਲਾਂ ਸ਼ਰਾਬ ਠੇਕਾ ਦੇਸੀ ਬਰਾਮਦ ਕੀਤੀਆਂ ਗਈਆਂ ਹਨ। ਨਸ਼ੇ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਨੂੰ ਨਸ਼ੇ ਤੋਂ ਨਿਜਾਤ ਦਿਵਾਉਣ ਲਈ 06 ਵਿਅਕਤੀਆਂ ਨੂੰ ਦਵਾਈ ਦਿਵਾਈ ਗਈ ਹੈ। ਹੀਨੀਅਸ ਕਰਾਈਮ ਵਾ ਹੋਰ ਜੁਰਮਾਂ ਤਹਿਤ 11 ਦੋਸ਼ੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।



ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਹੀਕਲਾਂ ਦੇ ਵੱਖ-ਵੱਖ ਜੁਰਮਾਂ ਤਹਿਤ ਕੁੱਲ 174 ਟਰੈਫਿਕ ਚਲਾਨ ਕੀਤੇ ਗਏ ਹਨ। ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰਕੇ 270 ਵਿਅਕਤੀਆਂ ਵਿਰੁੱਧ 172 BNSS ਤਹਿਤ ਕਾਰਵਾਈ ਕੀਤੀ ਗਈ ਹੈ।

ਆਮ ਪਬਲਿਕ ਨੂੰ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕਰਨ ਦੇ ਨਾਲ-ਨਾਲ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਬਰ ਪੁਰਸ਼ਾਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਅਤੇ ਨੌਜਵਾਨਾਂ ਨੂੰ ਨਸ਼ਿਆਂ ਸਬੰਧੀ ਪੁਲਿਸ ਨੂੰ ਸਮੇਂ ਸਿਰ ਸੂਚਨਾ ਦੇਣ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ।

ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਇਤਲਾਹ ਮਿਲਣ 'ਤੇ ਫੌਰੀ ਕਾਨੂੰਨੀ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਨਸ਼ਿਆਂ ਖਿਲਾਫ ਜੰਗ ਜਾਰੀ ਹੈ।

ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਟ੍ਰੈਫਿਕ ਨਿਯਮਾਂ ਸਬੰਧੀ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

ਸਾਹਿਬਜ਼ਾਦਾ ਅਜੀਤ ਸਿੰਘ ਨਗਰ,
9 ਸਤੰਬਰ (ਪੈ.ਗਾਮ-ਏ-ਜਗਤ)



ਸੀਨੀਅਰ ਕਪਤਾਨ ਪੁਲਿਸ, ਜ਼ਿਲ੍ਹਾ ਐਸ.ਏ.ਐਸ. ਨਗਰ ਸ੍ਰੀ ਵਰੁਣ ਸ਼ਰਮਾ, ਆਈ.ਪੀ.ਐਸ. ਅਤੇ ਕਪਤਾਨ ਪੁਲਿਸ ਟ੍ਰੈਫਿਕ ਸ੍ਰੀ ਰਮਨਦੀਪ ਸਿੰਘ, ਪੀ.ਪੀ.ਐਸ. ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਤਹਿਤ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਅਤੇ ਸੜਕ ਸੁਰੱਖਿਆ ਸਬੰਧੀ ਜਾਗਰੂਕਤਾ ਤਹਿਤ ਉਪ ਕਪਤਾਨ ਪੁਲਿਸ ਟ੍ਰੈਫਿਕ ਸ. ਕਰਨੈਲ ਸਿੰਘ, ਪੀ.ਪੀ.ਐਸ. ਵੱਲੋਂ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿੱਚ ਸੈਮੀਨਾਰ ਕਰਵਾਏ ਗਏ।

ਇਨ੍ਹਾਂ ਸੈਮੀਨਾਰਾਂ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਕਾਲਜ ਆਫ਼ ਐਜੂਕੇਸ਼ਨ, ਮਜਾਤੜੀ, ਮੈਰੀਟੋਰੀਅਸ ਸਕੂਲ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਸਰਦਾਰ ਬਲਦੇਵ ਸਿੰਘ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਨਸ਼ਿਆਂ ਵਿਰੁੱਧ ਪੁਲਿਸ ਵੱਲੋਂ ਕੀਤੀ ਜਾ ਰਹੀ ਕਾਰਵਾਈ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਸਬੰਧੀ ਵਿਸਥਾਰ ਨਾਲ ਜਾਗਰੂਕ ਕੀਤਾ ਗਿਆ।

ਸ. ਕਰਨੈਲ ਸਿੰਘ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਸਫ਼ਲ ਬਣਾਉਣ ਲਈ ਉਹ ਆਪਣੀ ਜ਼ਿੰਮੇਵਾਰੀ ਨਿਭਾਉਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਵੱਲੋਂ ਨਸ਼ਾ ਵੇਚਣ ਜਾਂ ਨਸ਼ਾ ਕਰਨ ਸਬੰਧੀ ਜਾਣਕਾਰੀ ਮਿਲਦੀ ਹੈ ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ। ਇਸ ਸਬੰਧੀ ਵਟਸਐਪ ਨੰਬਰ 9779100200, ਪੁਲਿਸ ਹੈਲਪਲਾਈਨ 112 ਜਾਂ ਨਜ਼ਦੀਕੀ ਪੁਲਿਸ ਥਾਣੇ ਵਿਖੇ ਜਾਣਕਾਰੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਨਸ਼ਾ ਵੇਚਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ, ਜਦਕਿ ਨਸ਼ੇ ਦੀ ਲਤ ਦਾ ਸ਼ਿਕਾਰ ਵਿਅਕਤੀਆਂ ਨੂੰ ਇਲਾਜ ਅਤੇ ਯੋਗ ਸਹਾਇਤਾ ਮੁਹੱਈਆ ਕਰਵਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਆਪਣੇ ਆਪ ਨੂੰ ਖੇਡਾਂ ਤੇ ਹੋਰ ਉਸਾਰੂ ਗਤੀਵਿਧੀਆਂ ਨਾਲ ਜੋੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਨਸ਼ੇ ਨਾ ਸਿਰਫ਼ ਵਿਅਕਤੀ ਦੀ ਸਿਹਤ ਅਤੇ ਭਵਿੱਖ ਨੂੰ ਨੁਕਸਾਨ ਪਹੁੰਚਾਉਂਦੇ ਹਨ, ਸਗੋਂ ਪਰਿਵਾਰ ਅਤੇ ਸਮਾਜ ਲਈ ਵੀ ਗੰਭੀਰ ਸਮੱਸਿਆਵਾਂ ਪੈਦਾ ਕਰਦੇ ਹਨ।

ਟ੍ਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਦਿੰਦਿਆਂ ਉਪ ਕਪਤਾਨ ਪੁਲਿਸ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਖੁਦ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਇਸ ਲਈ ਪ੍ਰੇਰਿਤ ਕਰਨ। ਉਨ੍ਹਾਂ ਖ਼ਾਸ ਤੌਰ 'ਤੇ ਸ਼ਰਾਬ ਪੀ ਕੇ ਵਾਹਨ ਚਲਾਉਣ ਅਤੇ ਤੇਜ਼ ਰਫ਼ਤਾਰ ਨਾਲ ਵਾਹਨ ਚਲਾਉਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਦੱਸਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚੇ ਵੱਲੋਂ ਵਾਹਨ ਚਲਾਉਣ ਦੀ ਸੂਰਤ ਵਿੱਚ ਮਾਪਿਆਂ/ਵਾਹਨ ਦੇ ਜ਼ਿੰਮੇਵਾਰ ਵਿਅਕਤੀ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾ ਸਕਦੀ ਹੈ, ਜਿਸ ਤਹਿਤ ਤਿੰਨ ਸਾਲ ਤੱਕ ਦੀ ਸਜ਼ਾ ਅਤੇ 25 ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਅਹਿਮ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਵਾਹਨ ਚਾਲਕਾਂ ਅਤੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਚਲਾਈ ਜਾ ਰਹੀ 'ਗੁੱਡ ਸਮੈਰੀਟਨ'/ਫ਼ਰਿਸ਼ਤੇ ਸਕੀਮ ਬਾਰੇ ਵੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਸੜਕ ਹਾਦਸੇ ਵਿੱਚ ਜ਼ਖ਼ਮੀ ਵਿਅਕਤੀ ਦੀ ਮਦਦ ਕਰਕੇ ਉਸ ਨੂੰ ਸਮੇਂ ਸਿਰ ਹਸਪਤਾਲ ਪਹੁੰਚਾਉਣ ਵਾਲੇ ਵਿਅਕਤੀਆਂ ਨੂੰ ਸਰਕਾਰ ਵੱਲੋਂ ਨਿਯਮਾਂ ਅਨੁਸਾਰ ਨਕਦ ਇਨਾਮ ਦਿੱਤਾ ਜਾਂਦਾ ਹੈ। ਸ. ਕਰਨੈਲ ਸਿੰਘ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸੈਮੀਨਾਰ ਦੌਰਾਨ ਮਿਲੀ ਜਾਣਕਾਰੀ ਆਪਣੇ ਪਰਿਵਾਰਕ ਮੈਂਬਰਾਂ ਅਤੇ ਆਲੇ-ਦੁਆਲੇ ਦੇ ਲੋਕਾਂ ਨਾਲ ਸਾਂਝੀ ਕਰਨ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਸ਼ਰਾਬ ਪੀ ਕੇ ਵਾਹਨ ਨਾ ਚਲਾਉਣ, ਤੇਜ਼ ਰਫ਼ਤਾਰ ਤੋਂ ਬਚਣ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰਨ। ਇਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਕਾਲਜ ਆਫ਼ ਐਜੂਕੇਸ਼ਨ, ਮਜਾਤੜੀ ਦੇ ਸਮਾਜ ਸੇਵੀ ਸੰਸਥਾ 'ਇਨਸਾਨੀਅਤ' ਦੇ ਚੇਅਰਮੈਨ ਸ੍ਰੀ ਰਮਨਦੀਪ ਸਿੰਘ, ਪ੍ਰਧਾਨ ਸ੍ਰੀ ਨਾਹਰ ਸਿੰਘ, ਸ੍ਰੀ ਅਮਰੀਕ ਸਿੰਘ, ਸ੍ਰੀ ਭੁਪਿੰਦਰ ਸਿੰਘ ਅਤੇ ਪ੍ਰਿੰਸੀਪਲ ਡਾ. ਹਰਜੀਤ ਕੌਰ, ਮੈਰੀਟੋਰੀਅਸ ਸਕੂਲ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਪ੍ਰਿੰਸੀਪਲ ਸ੍ਰੀਮਤੀ ਰਿਤੂ ਸ਼ਰਮਾ, ਡੀ.ਪੀ. ਸ੍ਰੀ ਮਨਪ੍ਰੀਤ ਸਿੰਘ ਅਤੇ ਹੋਰ ਸਟਾਫ਼ ਮੈਂਬਰ, ਸਰਦਾਰ ਬਲਦੇਵ ਸਿੰਘ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਹਰਮਿੰਦਰ ਕੌਰ, ਸ੍ਰੀਮਤੀ ਮਨਜੀਤ ਕੌਰ, ਸ੍ਰੀ ਰੁਪਿੰਦਰ ਸਿੰਘ ਅਤੇ ਹੋਰ ਸਟਾਫ਼ ਮੈਂਬਰ ਹਾਜ਼ਰ ਸਨ। ਅੰਤ ਵਿੱਚ ਵਿਦਿਅਕ ਸੰਸਥਾਵਾਂ ਦੇ ਪ੍ਰਿੰਸੀਪਲਾਂ ਅਤੇ ਸਟਾਫ਼ ਵੱਲੋਂ ਸ. ਕਰਨੈਲ ਸਿੰਘ, ਉਪ ਕਪਤਾਨ ਪੁਲਿਸ ਟ੍ਰੈਫਿਕ ਦਾ ਸੰਸਥਾਵਾਂ ਵਿੱਚ ਪਹੁੰਚ ਕੇ ਵਿਦਿਆਰਥੀਆਂ ਨੂੰ ਮਹੱਤਵਪੂਰਨ ਜਾਣਕਾਰੀ ਦੇਣ ਲਈ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਸਾਂਝੇ ਕੀਤੇ ਵਿਚਾਰਾਂ ਦੀ ਸ਼ਲਾਘਾ ਕੀਤੀ ਗਈ।

ਬਾਰਾਂਦਰੀ ਗਾਰਡਨਜ਼ ਪਟਿਆਲਾ ਤੋਂ ਨਸ਼ਾ ਵਿਰੋਧੀ ਜਗਰੂਕਤਾ ਮੁਹਿੰਮ ਦਾ ਦੂਜਾ ਫਲੈਗ ਮਾਰਚ ਸ਼ੁਰੂ

ਚੰਡੀਗੜ੍ਹ, 9 ਸਤੰਬਰ
(ਪੈ.ਗਾਮ-ਏ-ਜਗਤ)



ਪੰਜਾਬ ਸਰਕਾਰ ਦੀ "ਯੁਧ ਨਸ਼ਿਆ ਵਿਰੁੱਧ" ਮੁਹਿੰਮ ਦੇ ਸਮਰਥਨ ਵਿੱਚ ਬਾਰਾਦਰੀ ਗਾਰਡਨਜ਼ ਦੇ ਕੋਆਰਡੀਨੇਟਰ ਜਸਵੰਤ ਸਿੰਘ ਕੌਲੀ ਸਚ ਦਾ ਖੰਡਾ ਦੇ ਸੰਚਾਲਕ ਗੁਰਪਿਆਰ ਸਿੰਘ, ਅੰਸ਼ਿਕ ਭਾਟੀਆ, ਅੰਜੂ ਸ਼ਰਮਾ, ਕੋਚ ਗੁਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਮੁਹਿੰਮ ਨੂੰ ਹੁਲਾਰਾ ਦਿੱਤਾ ਗਿਆ। ਨੌਜਵਾਨ ਪੀੜੀ ਥਾਪਰ ਕਾਲਜ, ਮੋਦੀ ਕਾਲਜ, ਰਾਜਿੰਦਰਾ ਹਸਪਤਾਲ ਦੇ ਇਕੱਤਰ ਹੋ ਕੇ ਬਾਰਾਂਦਰੀ ਵਿੱਚ ਇੱਕ ਨੇਮ ਕੀਤਾ ਕਿ ਅਸੀਂ ਸਾਰੇ ਨਸ਼ਿਆਂ ਤੋਂ ਦੂਰ ਰਹਾਂਗੇ, ਕਦੇ ਵੀ ਸੇਵਨ ਨਹੀਂ ਕਰਾਂਗੇ ਅਤੇ ਹੋਰਾਂ ਨੂੰ ਵੀ ਵਰਜਾਂਗੇ। ਜਸਵੰਤ ਸਿੰਘ ਕੌਲੀ ਕੋਆਰਡੀਨੇਟਰ ਨੇ ਬਚਿਆ ਦੇ ਚੰਗੇ ਭਵਿੱਖ ਅਤੇ ਦੇਸ਼ ਦੀ ਵਾਗਡੋਰ ਸਬੰਧੀ, ਸੁਚਾਰੂ ਰੂਪ ਵਿੱਚ ਉਨ੍ਹਾਂ ਨੂੰ ਆਪਣੇ ਅਨੁਭਵ ਰਾਹੀਂ ਸੁਚੇਤ ਕੀਤਾ।ਬਚਿਆ ਨੇ ਇਨ੍ਹਾਂ ਵਿਚਾਰਾਂ ਪ੍ਰਤੀ ਭਰੋਸਾ ਦਿਵਾਇਆ। ਦੇਸ਼ ਦੀ ਵਾਗਡੋਰ ਅੱਜ ਦੀ ਨੌਜਵਾਨ ਪੀੜੀ ਦੇ ਹੱਥ ਹੈ। ਸੋ ਇਸੇ ਕਰਕੇ ਦੂਜਾ ਫਲੈਗ ਮਾਰਚ ਬਾਰਾਂਦਰੀ ਅੰਦਰ ਅਤੇ ਬਾਹਰ ਕੱਢਿਆ ਗਿਆ। ਜੋ ਕਿ ਪਬਲਿਕ ਵਲੋਂ ਚੰਗਾ ਹੰਗਾਰਾ ਮਿਲਿਆ। ਇਸ ਮੌਕੇ ਪ੍ਰਿੰਸੀਪਲ ਨਿਰਮਲਜੀਤ ਕੌਰ, ਪਰਮਜੀਤ ਸਿੰਘ, ਜੋਗਿੰਦਰ ਸਿੰਘ ਤੁੱਲੀ, ਪਵਨਜੀਤ ਕੌਰ, ਜਗਤਾਰ ਸਿੰਘ ਤਾਰੀ, ਰਣਜੀਤ ਕੌਰ, ਪ੍ਰਭਮੀਤ ਸਿੰਘ, ਆਦਿ ਹਾਜਰ ਸਨ।

ਖੇਡਾਂ ਵਤਨ ਪੰਜਾਬ ਦੀਆਂ-2026 ਦਾ ਸੀਜ਼ਨ ਚੌਥਾ

ਖੇਡਾਂ ਵਤਨ ਪੰਜਾਬ ਦੀਆਂ 'ਚ ਜ਼ਿਲ੍ਹੇ ਦੇ ਵੱਧ ਤੋਂ ਵੱਧ ਖਿਡਾਰੀ ਹਿੱਸਾ ਲੈਣ: ਡਿਪਟੀ ਕਮਿਸ਼ਨਰ ਪੂਨਮਦੀਪ ਕੌਰ

ਸੰਗਰੂਰ, 9 ਸਤੰਬਰ
(ਪੈ.ਗਾਮ-ਏ-ਜਗਤ)

- **ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਮਿਲਿਆ ਵੱਡਾ ਮੰਚ**
- **'ਖੇਡਾਂ ਵਤਨ ਪੰਜਾਬ ਦੀਆਂ' ਨੇ ਪੰਜਾਬ ਵਿੱਚ ਖੇਡ ਸੱਭਿਆਚਾਰ ਵਿਕਸਤ ਕੀਤਾ: ਵਿਧਾਇਕ ਨਰਿੰਦਰ ਕੌਰ ਭਰਾਜ**



ਖੇਡਾਂ ਵਤਨ ਪੰਜਾਬ ਦੀਆਂ-2026 ਦੇ ਚੌਥੇ ਸੀਜ਼ਨ ਸਬੰਧੀ ਡਿਪਟੀ ਕਮਿਸ਼ਨਰ ਸੰਗਰੂਰ ਸ੍ਰੀਮਤੀ ਪੂਨਮਦੀਪ ਕੌਰ ਅਤੇ ਵਿਧਾਇਕ ਸੰਗਰੂਰ ਸ੍ਰੀਮਤੀ ਨਰਿੰਦਰ ਕੌਰ ਭਰਾਜ ਵੱਲੋਂ ਅੱਜ ਇੱਥੇ ਪ੍ਰੈੱਸ ਕਾਨਫਰੰਸ ਕਰਕੇ ਖੇਡਾਂ ਦੇ ਪ੍ਰਬੰਧਾਂ, ਵੱਖ-ਵੱਖ ਪੱਧਰਾਂ 'ਤੇ ਹੋਣ ਵਾਲੇ ਮੁਕਾਬਲਿਆਂ ਅਤੇ ਖਿਡਾਰੀਆਂ ਲਈ ਉਪਲਬਧ ਮੌਕਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਗਈ।

ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਜ਼ਿਲ੍ਹੇ ਦੇ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ ਖੇਡਾਂ ਵਤਨ ਪੰਜਾਬ ਦੀਆਂ-2026 ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਹਿੱਸਾ ਲੈਣ ਅਤੇ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਜ਼ਮੀਨੀ ਪੱਧਰ ਤੱਕ ਲਿਜਾਣ ਅਤੇ ਨੌਜਵਾਨਾਂ ਸਮੇਤ ਹਰ ਉਮਰ ਵਰਗ ਦੇ ਲੋਕਾਂ ਨੂੰ ਖੇਡਾਂ ਨਾਲ ਜੋੜਨ ਲਈ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਇਨ੍ਹਾਂ ਖੇਡਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਵਾਰ ਇਨ੍ਹਾਂ ਖੇਡਾਂ ਵਿੱਚ 10 ਲੱਖ ਤੱਕ ਦੀ ਭਾਗੀਦਾਰੀ ਦਾ ਟੀਚਾ ਮਿੱਥਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਭਾਗ ਲੈਣ ਲਈ ਖਿਡਾਰੀ ਆਨਲਾਈਨ ਅਤੇ ਆਫਲਾਈਨ ਦੋਵੇਂ ਤਰੀਕਿਆਂ ਨਾਲ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਆਫਲਾਈਨ ਰਜਿਸਟ੍ਰੇਸ਼ਨ ਲਈ ਜ਼ਿਲ੍ਹਾ ਖੇਡ ਅਫ਼ਸਰ ਦੇ ਦਫ਼ਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਲਈ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ। ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਾਲ 2022 ਵਿੱਚ ਸ਼ੁਰੂ ਕੀਤੀਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਨੇ ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡਾਂ ਵਿੱਚ ਹੁਣ ਤੱਕ ਪੰਜ ਲੱਖ ਤੱਕ ਖਿਡਾਰੀ ਹਿੱਸਾ ਲੈ ਚੁੱਕੇ ਹਨ ਅਤੇ ਇਸ ਵਾਰ 10 ਲੱਖ ਤੱਕ ਭਾਗੀਦਾਰੀ ਦਾ ਟੀਚਾ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਖੇਡਾਂ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਨਿਖਾਰਨ, ਮੁਕਾਬਲੇ ਦਾ ਤਜਰਬਾ ਹਾਸਲ ਕਰਨ ਅਤੇ ਅੱਗੇ ਵਧਣ ਲਈ ਵੱਡਾ ਮੰਚ ਪ੍ਰਦਾਨ ਕਰ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ-2026 ਤਹਿਤ 9 ਉਮਰ ਵਰਗਾਂ ਵਿੱਚ 38 ਖੇਡਾਂ, 1 ਪ੍ਰਦਰਸ਼ਨੀ ਖੇਡ (ਟੈਨਿਸ ਬਾਲ ਕ੍ਰਿਕਟ) ਅਤੇ 4 ਪੈਰਾ ਸਪੋਰਟਸ ਖੇਡਾਂ ਦੇ ਮੁਕਾਬਲੇ ਬਲਾਕ, ਜ਼ਿਲ੍ਹਾ ਅਤੇ ਸੂਬਾ ਪੱਧਰ 'ਤੇ ਕਰਵਾਏ ਜਾ ਰਹੇ ਹਨ। ਮੁੰਡਿਆਂ ਅਤੇ ਕੁੜੀਆਂ ਦੇ ਮੁਕਾਬਲੇ ਵੱਖ-ਵੱਖ ਕਰਵਾਏ ਜਾਣਗੇ। ਜੇਤੂ ਖਿਡਾਰੀਆਂ ਨੂੰ 12 ਕਰੋੜ ਰੁਪਏ ਤੋਂ ਵੱਧ ਦੀ ਇਨਾਮੀ ਰਾਸ਼ੀ ਦੇ ਨਾਲ ਗ੍ਰੇਡੇਸ਼ਨ ਸਰਟੀਫਿਕੇਟ ਵੀ ਦਿੱਤੇ ਜਾਣਗੇ। ਉਮਰ ਵਰਗਾਂ ਵਿੱਚ ਅੰਡਰ-14, ਅੰਡਰ-17, ਅੰਡਰ-21, 21-30 ਸਾਲ, 31-40 ਸਾਲ, 41-50 ਸਾਲ, 51-60 ਸਾਲ, 61-70 ਸਾਲ ਅਤੇ 70 ਸਾਲ ਤੋਂ ਉੱਪਰ ਦੇ ਵਰਗ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਬਲਾਕ ਪੱਧਰ 'ਤੇ 7 ਖੇਡਾਂ ਦੇ ਮੁਕਾਬਲੇ ਸ਼ੁਰੂ ਹੋ ਚੁੱਕੇ ਹਨ, ਜੋ 18 ਸਤੰਬਰ ਤੱਕ ਚੱਲਣਗੇ। ਇਨ੍ਹਾਂ ਵਿੱਚ ਅਥਲੈਟਿਕਸ, ਖੋ-ਖੋ, ਕਬੱਡੀ (ਨੈਸ਼ਨਲ ਸਟਾਈਲ), ਕਬੱਡੀ (ਸਰਕਲ ਸਟਾਈਲ), ਫੁੱਟਬਾਲ, ਵਾਲੀਬਾਲ (ਸਮੈਸ਼ਿੰਗ) ਅਤੇ ਵਾਲੀਬਾਲ (ਸ਼ੂਟਿੰਗ) ਸ਼ਾਮਲ ਹਨ।

20 ਤੋਂ 30 ਸਤੰਬਰ ਤੱਕ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਜਾਣਗੇ। ਬਲਾਕ ਪੱਧਰ ਦੀਆਂ 7 ਖੇਡਾਂ ਦੇ ਜੇਤੂਆਂ ਤੋਂ ਇਲਾਵਾ 21 ਖੇਡਾਂ ਦੇ ਮੁਕਾਬਲੇ ਸਿੱਧੇ ਜ਼ਿਲ੍ਹਾ ਪੱਧਰ 'ਤੇ ਹੋਣਗੇ। ਇਸ ਤਰ੍ਹਾਂ ਜ਼ਿਲ੍ਹਾ ਪੱਧਰ 'ਤੇ ਕੁੱਲ 28 ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ।

ਇਨ੍ਹਾਂ 21 ਖੇਡਾਂ ਵਿੱਚ ਹੈਂਡਬਾਲ, ਸਾਫਟਬਾਲ, ਜੂਡੋ, ਗਤਕਾ, ਕਿੱਕ ਬਾਕਸਿੰਗ, ਹਾਕੀ, ਨੈਟਬਾਲ, ਬੈਡਮਿੰਟਨ, ਬਾਸਕਟਬਾਲ, ਪਾਵਰਲਿਫਟਿੰਗ, ਲਾਅਨ ਟੈਨਿਸ, ਰੈਸਲਿੰਗ, ਸਵੀਮਿੰਗ, ਬਾਕਸਿੰਗ, ਟੇਬਲ ਟੈਨਿਸ, ਵੇਟਲਿਫਟਿੰਗ, ਚੈੱਸ, ਸ਼ੂਟਿੰਗ, ਫੈਨਸਿੰਗ, ਰੋਲਰ ਸਕੇਟਿੰਗ ਅਤੇ ਆਰਚਰੀ ਸ਼ਾਮਲ ਹਨ।

ਇਸੇ ਤਰ੍ਹਾਂ 10 ਅਕਤੂਬਰ ਤੋਂ 23 ਨਵੰਬਰ ਤੱਕ ਸੂਬਾ ਪੱਧਰੀ ਮੁਕਾਬਲੇ ਹੋਣਗੇ। ਜ਼ਿਲ੍ਹਾ ਪੱਧਰ ਦੀਆਂ 28 ਖੇਡਾਂ ਦੇ ਜੇਤੂਆਂ ਤੋਂ ਇਲਾਵਾ 10 ਹੋਰ ਖੇਡਾਂ ਦੇ ਮੁਕਾਬਲੇ ਸਿੱਧੇ ਸੂਬਾ ਪੱਧਰ 'ਤੇ ਕਰਵਾਏ ਜਾਣਗੇ। ਇਸ ਤਰ੍ਹਾਂ ਸੂਬਾ ਪੱਧਰ 'ਤੇ ਕੁੱਲ 38 ਖੇਡਾਂ ਦੇ ਮੁਕਾਬਲੇ ਹੋਣਗੇ। ਇਨ੍ਹਾਂ 10 ਖੇਡਾਂ ਵਿੱਚ ਜਿਮਨਾਸਟਿਕ, ਰੋਇੰਗ, ਕੈਕਿੰਗ-ਕੈਨੋਇੰਗ, ਵੁਸ਼ੂ, ਰਗਬੀ, ਸਾਈਕਲਿੰਗ, ਘੁੜਸਵਾਰੀ, ਤਾਇਕਵਾਂਡੋ, ਬੇਸਬਾਲ ਅਤੇ ਕਰਾਟੇ ਸ਼ਾਮਲ ਹਨ।

25 ਤੋਂ 28 ਨਵੰਬਰ ਤੱਕ ਚਾਰ ਪੈਰਾ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ, ਜਿਨ੍ਹਾਂ ਵਿੱਚ ਪੈਰਾ ਪਾਵਰਲਿਫਟਿੰਗ, ਪੈਰਾ ਬੈਡਮਿੰਟਨ, ਵ?ਹੀਲਚੇਅਰ ਬਾਸਕਟਬਾਲ ਅਤੇ ਪੈਰਾ ਅਥਲੈਟਿਕਸ ਸ਼ਾਮਲ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਖੇਡ ਮੁਕਾਬਲਿਆਂ ਨੂੰ ਸੁਚੱਜੇ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਖੇਡਾਂ ਵਤਨ ਪੰਜਾਬ ਦੀਆਂ ਸਿਰਫ਼ ਮੁਕਾਬਲੇ ਹੀ ਨਹੀਂ, ਸਗੋਂ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਤੰਦਰੁਸਤ, ਅਨੁਸ਼ਾਸਿਤ ਅਤੇ ਖੇਡਾਂ ਪ੍ਰਤੀ ਸਮਰਪਿਤ ਬਣਾਉਣ ਦਾ ਇੱਕ ਮਹੱਤਵਪੂਰਨ ਉਪਰਾਲਾ ਹਨ। ਇਸ ਮੌਕੇ ਸਹਾਇਕ ਕਮਿਸ਼ਨਰ ਰਾਜਬੀਰ ਸਿੰਘ ਭੰਗੂ, ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਰਛਪਾਲ ਸਿੰਘ ਭੁੱਲਰ , ਚੇਅਰਮੈਨ ਨਗਰ ਸੁਧਾਰ ਟਰੱਸਟ ਸੰਗਰੂਰ ਪ੍ਰੀਤਮ ਸਿੰਘ ਪੀਤੂ, ਬਲਾਕ ਪ੍ਰਧਾਨ ਮੂਨਕ/ਲਹਿਰਾਗਾਗਾ ਕਰਮਜੀਤ ਸਿੰਘ ਰਾਜਲਹੇੜੀ ਅਤੇ ਜ਼ਿਲ੍ਹਾ ਪ੍ਰਧਾਨ ਵਿਰਾਸ਼ਤ ਸੇਵਾ ਸੰਗਠਨ ਚਰਨਜੀਤ ਸਿੰਘ ਚੰਨ ਵੀ ਮੌਜੂਦ ਸਨ।

ਵੋਟਰ ਕੈਂਪ ਲਗਾ ਕੇ ਵਿਦਿਆਰਥੀਆਂ ਨੂੰ ਵੋਟ ਬਣਵਾਉਣ ਅਤੇ ਮਤਦਾਨ ਦੇ ਮਹੱਤਵ ਬਾਰੇ ਕੀਤਾ ਜਾਗਰੂਕ

ਸਾਹਿਬਜ਼ਾਦਾ ਅਜੀਤ ਸਿੰਘ ਨਗਰ,
9 ਸਤੰਬਰ (ਪੈ.ਗਾਮ-ਏ-ਜਗਤ)



ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਵਿਧਾਨ ਸਭਾ ਚੋਣਾਂ-2027 ਦੀਆਂ ਤਿਆਰੀਆਂ ਅਤੇ ਮੁੱਖ ਭੂਮਿਕਾ ਨੂੰ ਧਿਆਨ ਵਿੱਚ ਰੱਖਦਿਆਂ ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ, ਮੋਹਾਲੀ ਵਿਖੇ ਮਿਤੀ 8 ਅਤੇ 9 ਸਤੰਬਰ 2026 ਨੂੰ ਵੋਟਰ ਕੈਂਪ-1 ਅਤੇ 2 ਦਾ ਆਯੋਜਨ ਕੀਤਾ ਗਿਆ। ਇਹ ਕੈਂਪ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਜਸਪ੍ਰੀਤ ਬੈਂਸ ਦੀ ਅਗਵਾਈ ਹੇਠ ਲਗਾਇਆ ਗਿਆ।

ਇਸ ਕੈਂਪ ਦਾ ਆਯੋਜਨ ਸਵੀਪ ਨੋਡਲ ਅਫਸਰ ਪ੍ਰੋਫੈਸਰ ਸਿਮਰਪ੍ਰੀਤ ਕੌਰ, ਮੁਖੀ, ਫਿਜ਼ੀਕਲ ਐਜੂਕੇਸ਼ਨ ਵਿਭਾਗ, ਦੀ ਅਗਵਾਈ ਹੇਠ ਕੀਤਾ ਗਿਆ। ਕੈਂਪ ਦਾ ਮੁੱਖ ਉਦੇਸ਼ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਵਿਦਿਆਰਥੀਆਂ ਨੂੰ ਆਪਣੀ ਵੋਟ ਰਜਿਸਟਰ ਕਰਵਾਉਣ ਲਈ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਮਤਦਾਨ ਦੇ ਅਧਿਕਾਰ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ।

ਕਾਲਜ ਪ੍ਰਿੰਸੀਪਲ ਸ੍ਰੀਮਤੀ ਜਸਪ੍ਰੀਤ ਬੈਂਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਸਮਝਾਇਆ ਗਿਆ ਕਿ ਵੋਟ ਪਾਉਣਾ ਕੇਵਲ ਉਨ੍ਹਾਂ ਦਾ ਅਧਿਕਾਰ ਹੀ ਨਹੀਂ, ਸਗੋਂ ਇੱਕ ਮਹੱਤਵਪੂਰਨ ਜ਼ਿੰਮੇਵਾਰੀ ਵੀ ਹੈ। ਉਨ੍ਹਾਂ ਨੂੰ ਆਪਣੇ ਮਤ ਦਾ ਸਹੀ ਅਤੇ ਜ਼ਿੰਮੇਵਾਰੀ ਨਾਲ ਇਸਤੇਮਾਲ ਕਰਨ ਲਈ ਪ੍ਰੇਰਿਤ ਕਰਦਿਆਂ ਦੱਸਿਆ ਗਿਆ ਕਿ ਹਰ ਯੋਗ ਨਾਗਰਿਕ ਦੀ ਸਰਗਰਮ ਭਾਗੀਦਾਰੀ ਦੇਸ਼ ਅਤੇ ਸਮਾਜ ਦੇ ਬਿਹਤਰ ਭਵਿੱਖ ਦੇ ਨਿਰਮਾਣ ਵਿੱਚ ਅਹਿਮ ਯੋਗਦਾਨ ਪਾ ਸਕਦੀ ਹੈ।

ਵੋਟਰ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਵੋਟਰ ਵਜੋਂ ਰਜਿਸਟ੍ਰੇਸ਼ਨ ਕਰਵਾਉਣ ਦੀ ਪ੍ਰਕਿਰਿਆ ਸਬੰਧੀ ਵੀ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਨੂੰ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕੀਤਾ ਗਿਆ।

ਇਸ ਮੌਕੇ ਪ੍ਰੋਫੈਸਰ ਨਵਨੀਤ ਕੌਰ, ਪ੍ਰੋਫੈਸਰ ਸੁਖਵਿੰਦਰ ਸਿੰਘ, ਪ੍ਰੋਫੈਸਰ ਗਾਇਤਰੀ, ਪ੍ਰੋਫੈਸਰ ਪਰਵਿੰਦਰ ਕੌਰ, ਪ੍ਰੋਫੈਸਰ ਰੁਪਿੰਦਰ ਕੌਰ, ਪ੍ਰੋਫੈਸਰ ਰੋਹਿਣੀ ਸ਼ਰਮਾ, ਪ੍ਰੋਫੈਸਰ ਹਰਪ੍ਰੀਤ ਕੌਰ, ਪ੍ਰੋਫੈਸਰ ਕੁਲਵਿੰਦਰ ਕੌਰ, ਪ੍ਰੋਫੈਸਰ ਸਰਬਜੀਤ ਕੌਰ, ਪ੍ਰੋਫੈਸਰ ਪ੍ਰੇਮਲਤਾ, ਪ੍ਰੋਫੈਸਰ ਦਵਿੰਦਰ ਸਿੰਘ, ਪ੍ਰੋਫੈਸਰ ਸਬੀਨਾ, ਪ੍ਰੋਫੈਸਰ ਰੁਪਿੰਦਰ ਕੌਰ ਅਤੇ ਹੋਰ ਸਟਾਫ਼ ਮੈਂਬਰ ਵੀ ਹਾਜ਼ਰ ਸਨ। ਕੈਂਪ ਰਾਹੀਂ ਵਿਦਿਆਰਥੀਆਂ ਨੂੰ ਵੋਟਰ ਵਜੋਂ ਰਜਿਸਟਰ ਹੋਣ ਦੇ ਨਾਲ-ਨਾਲ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਗਰਮ ਭਾਗੀਦਾਰੀ ਕਰਨ ਅਤੇ ਆਪਣੇ ਮਤਦਾਨ ਦੇ ਅਧਿਕਾਰ ਦੀ ਜ਼ਿੰਮੇਵਾਰੀ ਨਾਲ ਵਰਤੋਂ ਕਰਨ ਦਾ ਸੰਦੇਸ਼ ਦਿੱਤਾ ਗਿਆ।

"ਪੈਗਾਮ-ਏ-ਜਗਤ"
NEWS & WEB CHANNEL
HEAD OFFICE
F 388, Industrial Area,
Sector 74, Sahibzada Ajit
Singh Nagar, Punjab 160071
CONTACT : +91 9878862733, 9872340701
ਛੋਟਾ ਇਸ਼ਤਿਹਾਰ ਵੱਡਾ ਵਪਾਰ
"ਪੈਗਾਮ-ਏ-ਜਗਤ" ਵਿੱਚ ਕਿਸੇ ਵੀ ਤਰ੍ਹਾਂ ਦਾ ਕਲਾਸੀਫਾਈਡ ਜੋਤਿਸ਼, ਵਪਾਰ, ਨਾਮ ਪਰਿਵਰਤਨ, ਵਿਆਹ ਸੰਬੰਧੀ ਇਸ਼ਤਿਹਾਰ ਆਦਿ ਲਈ ਘਰ ਬੈਠੇ ਬੁਕਿੰਗ ਕਰੋ।

ਡਿਪਟੀ ਕਮਿਸ਼ਨਰ ਮੋਹਾਲੀ ਅਤੇ ਵਿਧਾਇਕ ਡੇਰਾਬੱਸੀ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ-ਸੀਜ਼ਨ 4' ਦਾ ਸ਼ਡਿਊਲ ਜਾਰੀ

• ਜ਼ਿਲ੍ਹੇ ਵਿੱਚ ਹੁਣ ਤੱਕ 2800 ਰਜਿਸਟ੍ਰੇਸ਼ਨਾਂ; ਡੀ.ਸੀ. ਵੱਲੋਂ ਅੰਡਰ-14 ਤੋਂ 70+ ਉਮਰ ਵਰਗ ਤੱਕ ਦੇ ਖੇਡ ਪ੍ਰੇਮੀਆਂ ਨੂੰ ਭਾਗ ਲੈਣ ਦੀ ਅਪੀਲ



ਸਾਹਿਬਜ਼ਾਦਾ ਅਜੀਤ ਸਿੰਘ ਨਗਰ, 9 ਸਤੰਬਰ (ਪੈ.ਗਾਮ-ਏ-ਜਗਤ)

ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਅਤੇ ਵਿਧਾਇਕ ਡੇਰਾਬੱਸੀ ਸ. ਕੁਲਜੀਤ ਸਿੰਘ ਰੰਧਾਵਾ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਮੀਡੀਆ ਬ੍ਰੀਫਿੰਗ ਦੌਰਾਨ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ 'ਖੇਡਾਂ ਵਤਨ ਪੰਜਾਬ ਦੀਆਂ-ਸੀਜ਼ਨ 4' ਦੇ ਮੁਕਾਬਲਿਆਂ ਦਾ ਸ਼ਡਿਊਲ ਜਾਰੀ ਕੀਤਾ।

ਜਾਰੀ ਕੀਤੇ ਸ਼ਡਿਊਲ ਅਨੁਸਾਰ ਬਲਾਕ ਪੱਧਰੀ ਮੁਕਾਬਲੇ 12 ਤੋਂ 14 ਸਤੰਬਰ, ਜ਼ਿਲ੍ਹਾ ਪੱਧਰੀ ਮੁਕਾਬਲੇ 20 ਤੋਂ 30 ਸਤੰਬਰ ਅਤੇ ਰਾਜ ਪੱਧਰੀ ਮੁਕਾਬਲੇ 10 ਅਕਤੂਬਰ ਤੋਂ 23 ਨਵੰਬਰ ਤੱਕ ਕਰਵਾਏ ਜਾਣਗੇ। ਰਾਜ ਪੱਧਰ 'ਤੇ ਚਾਰ ਪੈਰਾ-ਸਪੋਰਟਸ ਮੁਕਾਬਲੇ ਵੀ ਕਰਵਾਏ ਜਾਣਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆਂ' ਦੇ ਇਤਿਹਾਸ ਵਿੱਚ ਪਹਿਲੀ ਵਾਰ ਟੈਨਿਸ ਬਾਲ ਕ੍ਰਿਕਟ ਨੂੰ ਮੁਕਾਬਲਿਆਂ ਵਿੱਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਟੈਨਿਸ ਬਾਲ ਕ੍ਰਿਕਟ ਵਿੱਚ ਲੜਕੀਆਂ ਦੀਆਂ ਟੀਮਾਂ ਵੀ ਭਾਗ ਲੈ ਸਕਣਗੀਆਂ। ਵਿਧਾਇਕ ਡੇਰਾਬੱਸੀ ਸ. ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਰਾਹੀਂ ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਦੀ ਊਰਜਾ ਨੂੰ ਉਸਾਰੂ ਦਿਸ਼ਾ ਵਿੱਚ ਲਾਉਣ ਲਈ ਮਜ਼ਬੂਤ ਮੰਚ ਪ੍ਰਦਾਨ ਕੀਤਾ ਗਿਆ ਹੈ, ਜਿਸ ਨਾਲ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਵੀ ਮਦਦ ਮਿਲੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 3100 ਪੇਂਡੂ ਖੇਡ ਮੈਦਾਨ ਵਿਕਸਿਤ ਕਰਨ ਦੀ ਮਹੱਤਵਪੂਰਨ ਪਹਿਲਕਦਮੀ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ ਲਗਭਗ 1000 ਖੇਡ ਮੈਦਾਨ ਪੰਜਾਬ ਦੇ ਨੌਜਵਾਨਾਂ ਨੂੰ ਸਮਰਪਿਤ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪੇਂਡੂ ਖੇਡ ਸਟੇਡੀਅਮਾਂ ਵਿੱਚ ਫਲੱਡ ਲਾਈਟਾਂ ਸਮੇਤ ਆਧੁਨਿਕ ਸਹੂਲਤਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ, ਜੋ ਸੂਬੇ ਵਿੱਚ ਖੇਡਾਂ ਦੇ ਵਿਕਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨਗੀਆਂ।

ਬਲਾਕ ਪੱਧਰੀ ਮੁਕਾਬਲਿਆਂ ਦੇ ਸਥਾਨ

ਡੇਰਾਬੱਸੀ ਬਲਾਕ:

ਐਥਲੈਟਿਕਸ, ਫੁੱਟਬਾਲ ਅਤੇ ਵਾਲੀਬਾਲ ਦੇ ਮੁਕਾਬਲੇ ਸਰਕਾਰੀ ਕਾਲਜ ਡੇਰਾਬੱਸੀ ਵਿਖੇ, ਕਬੱਡੀ ਅਤੇ ਖੋ-ਖੋ ਸਪੋਰਟਸ ਸਟੇਡੀਅਮ ਲਾਲੜੂ ਵਿਖੇ ਅਤੇ ਟੈਨਿਸ ਬਾਲ ਕ੍ਰਿਕਟ ਸੁਖਮਣੀ ਇੰਟਰਨੈਸ਼ਨਲ ਸਕੂਲ ਡੇਰਾਬੱਸੀ ਵਿਖੇ ਕਰਵਾਏ ਜਾਣਗੇ।

ਮਾਜਰੀ ਬਲਾਕ:

ਐਥਲੈਟਿਕਸ, ਫੁੱਟਬਾਲ, ਵਾਲੀਬਾਲ ਅਤੇ ਕਬੱਡੀ ਦੇ ਮੁਕਾਬਲੇ ਸਪੋਰਟਸ ਸਟੇਡੀਅਮ, ਸਿੰਘਪੁਰਾ ਰੋਡ, ਕੁਰਾਲੀ ਅਤੇ ਮੁੱਖ ਮੰਤਰੀ ਖੇਡ ਮੈਦਾਨ ਝਿੰਗੜਾਂ ਵਿਖੇ ਕਰਵਾਏ ਜਾਣਗੇ। ਖੋ-ਖੋ ਖਾਲਸਾ ਸਕੂਲ ਕੁਰਾਲੀ ਵਿਖੇ ਅਤੇ ਟੈਨਿਸ ਬਾਲ ਕ੍ਰਿਕਟ ਚਕਵਾਲ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ ਵਿਖੇ ਹੋਵੇਗੀ।

ਮੋਹਾਲੀ ਬਲਾਕ:

ਐਥਲੈਟਿਕਸ, ਫੁੱਟਬਾਲ, ਕਬੱਡੀ ਅਤੇ ਖੋ-ਖੋ ਦੇ ਮੁਕਾਬਲੇ ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ, ਫੇਜ਼-6, ਮੋਹਾਲੀ ਵਿਖੇ ਕਰਵਾਏ ਜਾਣਗੇ। ਵਾਲੀਬਾਲ ਸਪੋਰਟਸ ਕੰਪਲੈਕਸ ਸੈਕਟਰ-63 ਅਤੇ ਮੁੱਖ ਮੰਤਰੀ ਖੇਡ ਮੈਦਾਨ ਮਾਨਕ ਮਾਜਰਾ ਵਿਖੇ, ਜਦਕਿ ਟੈਨਿਸ ਬਾਲ ਕ੍ਰਿਕਟ ਯਾਦਵਿੰਦਰਾ ਪਬਲਿਕ ਸਕੂਲ, ਮੋਹਾਲੀ ਵਿਖੇ ਹੋਵੇਗੀ।

ਖਰੜ ਬਲਾਕ:

ਐਥਲੈਟਿਕਸ, ਫੁੱਟਬਾਲ, ਵਾਲੀਬਾਲ, ਕਬੱਡੀ ਅਤੇ ਖੋ-ਖੋ ਦੇ ਮੁਕਾਬਲੇ ਸ਼ਹੀਦ ਕਾਂਸ਼ੀ ਰਾਮ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਭਾਗੋਮਾਜਰਾ ਵਿਖੇ ਕਰਵਾਏ ਜਾਣਗੇ। ਵਾਲੀਬਾਲ ਮੁੱਖ ਮੰਤਰੀ ਖੇਡ ਮੈਦਾਨ ਕਾਲੇਵਾਲ ਵਿਖੇ ਹੋਵੇਗੀ, ਜਦਕਿ ਟੈਨਿਸ ਬਾਲ ਕ੍ਰਿਕਟ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਖਰੜ ਵਿਖੇ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਬਲਾਕ ਪੱਧਰ 'ਤੇ 8, ਜ਼ਿਲ੍ਹਾ ਪੱਧਰ 'ਤੇ 29 ਅਤੇ ਰਾਜ ਪੱਧਰ 'ਤੇ 38 ਖੇਡਾਂ ਕਰਵਾਈਆਂ ਜਾਣਗੀਆਂ। ਰਾਜ ਪੱਧਰ 'ਤੇ ਐਥਲੈਟਿਕਸ, ਬੈਡਮਿੰਟਨ, ਪਾਵਰਲਿਫਟਿੰਗ ਅਤੇ ਵ?ਹੀਲਚੇਅਰ ਬਾਸਕਟਬਾਲ ਸਮੇਤ ਚਾਰ ਪੈਰਾ-ਸਪੋਰਟਸ ਮੁਕਾਬਲੇ ਵੀ ਹੋਣਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੰਡਰ-14 ਤੋਂ ਲੈ ਕੇ 70+ ਉਮਰ ਵਰਗ ਤੱਕ ਦੇ ਖਿਡਾਰੀ ਅਤੇ ਖੇਡ ਪ੍ਰੇਮੀ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈ ਸਕਦੇ ਹਨ। ਰਜਿਸਟ੍ਰੇਸ਼ਨ ਪੰਜਾਬ ਖੇਡ ਵਿਭਾਗ ਦੇ ਨਿਰਧਾਰਤ ਆਨਲਾਈਨ ਪੋਰਟਲ ਰਾਹੀਂ ਕੀਤੀ ਜਾ ਸਕਦੀ ਹੈ। ਲੋੜ ਪੈਣ 'ਤੇ ਸਟੇਡੀਅਮਾਂ ਵਿਖੇ ਆਫਲਾਈਨ ਰਜਿਸਟ੍ਰੇਸ਼ਨ ਦੀ ਸਹੂਲਤ ਵੀ ਉਪਲਬਧ ਕਰਵਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਹੁਣ ਤੱਕ ਲਗਭਗ 2800 ਰਜਿਸਟ੍ਰੇਸ਼ਨਾਂ ਹੋ ਚੁੱਕੀਆਂ ਹਨ। ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਸਾਰੇ ਯੋਗ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਇਨ੍ਹਾਂ ਖੇਡਾਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਖੇਡਾਂ, ਨੌਜਵਾਨਾਂ ਦੀ ਸਸ਼ਕਤੀਕਰਨ ਅਤੇ ਖੇਡ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੀਤੇ ਜਾ ਰਹੇ ਲਗਾਤਾਰ ਯਤਨ 'ਰੰਗਲਾ ਪੰਜਾਬ' ਬਣਾਉਣ ਵਿੱਚ ਅਹਿਮ ਯੋਗਦਾਨ ਪਾਉਣਗੇ।

ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਸ੍ਰੀਮਤੀ ਉਮੇਸ਼ਵਰੀ ਸ਼ਰਮਾ ਅਤੇ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਦੇ ਅਹੁਦੇਦਾਰ ਵੀ ਹਾਜ਼ਰ ਸਨ।

ਮੁਲਾਜ਼ਮ ਜਥੇਬੰਦੀਆਂ ਵਲੋਂ ਸਰਕਾਰ ਵਿਰੁੱਧ ਰੋਸ਼ ਰੈਲੀ



ਮੁਹਾਲੀ, 9 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਵਲੋਂ ਸੰਚਾਲਤ ਸਾਂਝੀ ਤਾਲਮੇਲ ਸੰਘਰਸ਼ ਕਮੇਟੀ ਦੇ ਸੱਦੇ ਤੇ ਮਿਤੀ 8 ਸਤੰਬਰ ਨੂੰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਮੁੱਖ ਦਫ਼ਤਰ ਮੁਹਾਲੀ ਅੰਦਰ ਸਮੁੱਚੇ ਮੁਲਾਜ਼ਮਾਂ ਵਲੋਂ ਪੰਜਾਬ ਸਰਕਾਰ ਦੇ ਮੁਲਾਜ਼ਮ ਵਿਰੋਧੀ ਫੈਸਲਿਆਂ ਵਿਰੁੱਧ ਵਿਸ਼ਾਲ ਰੋਸ ਰੈਲੀ ਕੀਤੀ ਗਈ।

ਜਿਸ ਵਿੱਚ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਇਸ ਸਰਕਾਰ ਵਲੋਂ ਜਿਥੇ ਸਮਾਜ ਦੇ ਵੱਖ ਵੱਖ ਵਰਗਾਂ ਨਾਲ ਵਾਅਦੇ ਕੀਤੇ ਉਥੇ ਮੁਲਾਜ਼ਮ ਵਰਗ ਨਾਲ ਵੀ ਗਰੰਟੀਆ ਕੀਤੀਆਂ ਗਈਆਂ।

ਜਿਸ ਵਿੱਚ ਪ੍ਰਮੁੱਖ ਤੌਰ ਤੇ ਪੰਜਾਬ ਅੰਦਰ ਮਾਣ ਭੱਤਾ ਵਰਕਰਾਂ ਚਾਹੇ ਉਹ ਮਿੱਡ ਡੇ ਮੀਲ ਵਰਕਰਾਂ, ਆਸਾਂ ਵਰਕਰਾਂ ਅਤੇ ਆਂਗਨਵਾੜੀ ਵਰਕਰਾਂ ਨੂੰ ਹਰਿਆਣਾ ਪੈਟਰਨ ਤੇ ਵਧਾਕੇ ਮਾਣ ਭੱਤਾ ਦੇਣ ਦੀ ਗਰੰਟੀ ਦਿੱਤੀ ਜੋ ਕਿ ਅੱਜ ਤੱਕ ਪੂਰੀ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਵਿੱਚ ਲੰਬੇ ਸਮੇਂ ਤੋਂ ਕੱਚੇ ਤੌਰ ਤੇ ਕੰਮ ਕਰਦੇ ਕਾਮਿਆਂ ਨੂੰ ਰੈਗੂਲਰ ਨਹੀਂ ਕੀਤਾ ਗਿਆ, ਪੁਰਾਣੀ ਪੈਨਸ਼ਨ ਲਾਗੂ ਕਰਨ, ਪੈਨਸ਼ਨਰਾਂ ਨੂੰ 2.59 ਦਾ ਗੁਣਾਕ ਲਾਗੂ ਕਰਨ, ਕੇਂਦਰ ਦੇ ਸਕੇਲ ਲਾਗੂ ਕਰਨ ਦਾ ਪੱਤਰ ਰੱਦ ਕਰਨ, ਤਿੰਨ ਸਾਲ ਦਾ ਪ੍ਰੋਬੇਸਨ ਪੀਰੀਅਡ ਰੱਦ ਕਰਨ ਅਤੇ ਹੋਰ ਕਈ ਗਰੰਟੀਆ ਕੀਤੀਆਂ ਗਈਆਂ ਸਨ। ਪ੍ਰੰਤੂ ਸੱਤਾ ਵਿੱਚ ਆਉਣ ਤੇ ਇਸ ਸਰਕਾਰ ਵਲੋਂ ਹੱਕ ਮੰਗਦੇ ਮੁਲਾਜ਼ਮਾਂ ਤੇ ਤਸ਼ੱਦਦ ਕਰਨਾ ਸ਼ੁਰੂ ਕਰ ਦਿੱਤਾ।

ਚਾਹੇ ਬਿਜਲੀ ਬੋਰਡ ਦੇ ਲਾਈਨ ਮੈਨ ਹੋਣ, ਮਨਰੇਗਾ ਦੇ ਕਾਮੇ,ਬਰਨਾਲੇ ਸਫਾਈ ਸੇਵਕਾਂ ਦੇ ਉੱਤੇ ਅਤੇ ਸਤੌਜ ਮੁੱਖ ਮੰਤਰੀ ਦੇ ਪਿੰਡ ਪੁਰਾਣੀ ਪੈਨਸ਼ਨ ਬਹਾਲੀ ਮੋਰਚੇ ਉੱਤੇ ਪਾਣੀ ਦੀਆਂ ਬੁਛਾੜਾਂ,ਲਾਠੀ ਚਾਰਜ ਕੀਤਾ ਗਿਆ। ਪੰਜਾਬ ਸਰਕਾਰ ਦੇ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਵਲੋਂ 7 ਅਗਸਤ ਨੂੰ ਚੰਡੀਗੜ੍ਹ ਵਿਖੇ ਲਾ ਮਿਸਾਲ ਰੈਲੀ ਕਰਕੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਗਿਆ ਹੈ। ਸਰਕਾਰ ਮਹਿੰਗਾਈ ਭੱਤਾ ਦੇ ਕੇਸ ਵਿੱਚ ਮਾਨਯੋਗ ਹਾਈਕੋਰਟ ਦੇ ਫੈਸਲੇ ਨੂੰ ਵੀ ਲਾਗੂ ਕਰਨ ਤੋਂ ਇਨਕਾਰੀ ਹੋ ਗਈ ਹੈ। ਹੁਣ ਲੜਾਈ ਫੈਸਲਾ ਕੁਨ ਦੌਰ ਵਿੱਚ ਦਾਖਲ ਹੋ ਗਈ ਹੈ। ਸਰਕਾਰ ਵਲੋਂ ਪੰਜਾਬ ਦੇ ਮੁਲਾਜ਼ਮਾਂ ਨੂੰ ਵੱਧ ਤਨਖਾਹਾਂ ਦੇਣ ਦਾ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ। ਮੁਲਾਜ਼ਮ ਆਗੂਆਂ ਸੁਖਚੈਨ ਸਿੰਘ ਖਹਿਰਾ ਅਤੇ ਸੁਸ਼ੀਲ ਕੁਮਾਰ ਫੌਜੀ ਦੀ ਬਦਲਾ ਲਊ ਭਾਵਨਾ ਨਾਲ ਬਦਲੀ ਕੀਤੀ ਗਈ ਹੈ ਜਿਸ ਕਾਰਨ ਮੁਲਾਜ਼ਮਾਂ ਅੰਦਰ ਰੋਸ ਭੜਕ ਗਿਆ ਹੈ।ਸਰਕਾਰ ਦੇ ਵਿਰੁੱਧ ਸੱਚ ਝੂਠ ਦੀ ਲੜਾਈ ਪਿੰਡ ਪਿੰਡ, ਗਲ?ੀ ਗਲੀ, ਮੁਹੱਲੇ ਮਹੱਲੇ ਲੜੀ ਜਾਵੇਗੀ। ਰੈਲੀ ਨੂੰ ਪ੍ਰਧਾਨ ਜਸਵੀਰ ਸਿੰਘ ਟੌਹੜਾ, ਮਨਪ੍ਰੀਤ ਕੌਰ,ਗੌਰਵ ਧੀਮਾਨ, ਨਵਤੇਜ ਸਿੰਘ, ਫਰੰਟ ਦੇ ਆਗੂ ਹਰਨੇਕ ਸਿੰਘ ਮਾਵੀ, ਗੁਰਪ੍ਰੀਤ ਸਿੰਘ ਬਾਠ ਅਤੇ ਗੁਰਬਿੰਦਰ ਸਿੰਘ ਚੰਡੀਗੜ੍ਹ ਨੇ ਵੀ ਸੰਬੋਧਨ ਕੀਤਾ।

ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ ਧੂਰੀ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ



ਧੂਰੀ, 9 ਸਤੰਬਰ (ਪੈ.ਗਾਮ-ਏ-ਜਗਤ)

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਅੱਜ ਧੂਰੀ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਦਿਆਂ ਪਿੰਡ ਵਾਸੀਆਂ ਨਾਲ ਸਿੱਧਾ ਰਾਬਤਾ

• ਪਿੰਡ ਵਾਸੀਆਂ ਦੀਆਂ ਮੰਗਾਂ ਅਨੁਸਾਰ ਵਿਕਾਸ ਕਾਰਜਾਂ ਲਈ ਚੈੱਕ ਕੀਤੇ ਤਕਸੀਮ

ਕਾਇਮ ਕੀਤਾ ਅਤੇ ਉਨ੍ਹਾਂ ਦੀਆਂ ਸਥਾਨਕ ਸਮੱਸਿਆਵਾਂ, ਮੰਗਾਂ ਅਤੇ ਵਿਕਾਸ ਸਬੰਧੀ ਲੋੜਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ। ਇਸ ਦੌਰਾਨ ਉਨ੍ਹਾਂ ਨੇ ਪਿੰਡ ਦੁਗਨੀ, ਬਮਾਲ, ਫਰਵਾਹੀ, ਚਾਂਗਲੀ, ਘਨੌਰ ਖੁਰਦ, ਬਲਮਗੜ੍ਹ, ਜਾਤੀਮਾਜਰਾ, ਮਲੂਮਾਜਰਾ ਅਤੇ ਦੌਲਤਪੁਰ ਦਾ ਦੌਰਾ ਕੀਤਾ।

ਇਸ ਮੌਕੇ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ। ਸਰਕਾਰ ਦਾ ਮੁੱਖ ਉਦੇਸ਼ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨਾ, ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣਾ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨਾ ਹੈ।

ਉਨ੍ਹਾਂ ਕਿਹਾ ਕਿ ਵਿਕਾਸ ਦਾ ਲਾਭ ਹਰੇਕ ਪਿੰਡ ਅਤੇ ਹਰੇਕ ਵਰਗ ਤੱਕ ਪਹੁੰਚਾਉਣ ਲਈ ਸਰਕਾਰ ਵੱਲੋਂ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਪਿੰਡਾਂ ਵਿੱਚ ਸੜਕਾਂ, ਗਲੀਆਂ-ਨਾਲੀਆਂ, ਸਾਫ਼-ਸਫ਼ਾਈ, ਪੀਣ ਵਾਲੇ ਪਾਣੀ, ਸਟਰੀਟ ਲਾਈਟਾਂ, ਕਮਿਊਨਿਟੀ ਸਹੂਲਤਾਂ ਅਤੇ ਹੋਰ ਬੁਨਿਆਦੀ ਲੋੜਾਂ ਨਾਲ ਸਬੰਧਤ ਕੰਮਾਂ ਨੂੰ ਸਥਾਨਕ ਲੋੜ ਅਨੁਸਾਰ ਤਰਜੀਹ ਦਿੱਤੀ ਜਾ ਰਹੀ ਹੈ।

ਪਿੰਡ ਵਾਸੀਆਂ ਨਾਲ ਗੱਲਬਾਤ ਦੌਰਾਨ ਓ.ਐਸ.ਡੀ. ਨੇ ਉਨ੍ਹਾਂ ਵੱਲੋਂ ਰੱਖੀਆਂ ਗਈਆਂ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੀ ਕਾਰਵਾਈ ਲਈ ਕਿਹਾ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਦਿੱਤੇ ਸੁਝਾਵਾਂ ਅਤੇ ਮੰਗਾਂ ਨੂੰ ਵਿਕਾਸ ਦੀ ਯੋਜਨਾਬੰਦੀ ਵਿੱਚ ਸ਼ਾਮਲ ਕਰਕੇ ਲੋੜ ਅਨੁਸਾਰ ਕਾਰਜ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇਗਾ।

ਇਸ ਦੌਰਾਨ ਪਿੰਡਾਂ ਦੀਆਂ ਸਥਾਨਕ ਮੰਗਾਂ ਅਤੇ ਵਿਕਾਸ ਕਾਰਜਾਂ ਦੀ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਵੱਖ-ਵੱਖ ਵਿਕਾਸ ਕਾਰਜਾਂ ਲਈ ਚੈੱਕ ਵੀ ਤਕਸੀਮ ਕੀਤੇ ਗਏ। ਸ੍ਰੀ ਸੁਖਵੀਰ ਸਿੰਘ ਨੇ ਕਿਹਾ ਕਿ ਇਨ੍ਹਾਂ ਕਾਰਜਾਂ ਨੂੰ ਪਾਰਦਰਸ਼ੀ ਢੰਗ ਨਾਲ ਅਤੇ ਨਿਰਧਾਰਤ ਮਾਪਦੰਡਾਂ ਅਨੁਸਾਰ ਨੇਪਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਨੇ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਕੇ ਵਿਕਾਸ ਕਾਰਜਾਂ ਦੀ ਪ੍ਰਗਤੀ 'ਤੇ ਨਜ਼ਰ ਰੱਖਣ ਅਤੇ ਲੋਕਾਂ ਨੂੰ ਇਨ੍ਹਾਂ ਦਾ ਸਮੇਂ ਸਿਰ ਲਾਭ ਪਹੁੰਚਾਉਣ ਦੀ ਗੱਲ ਵੀ ਕਹੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨਾਲ ਸਿੱਧਾ ਸੰਪਰਕ ਬਣਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਅਤੇ ਪਿੰਡਾਂ ਨੂੰ ਆਧੁਨਿਕ ਤੇ ਬਿਹਤਰ ਸਹੂਲਤਾਂ ਨਾਲ ਲੈਸ ਕਰਨ ਲਈ ਵਚਨਬੱਧ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਵਿਕਾਸ ਕਾਰਜਾਂ ਸਬੰਧੀ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਵੇਗਾ।

ਇਸ ਮੌਕੇ ਏ.ਡੀ.ਸੀ. ਸ੍ਰੀ ਸੁਖਚੈਨ ਸਿੰਘ, ਵਕਫ਼ ਬੋਰਡ ਦੇ ਚੇਅਰਮੈਨ ਡਾ. ਅਨਵਰ ਭਸੌੜ ਅਤੇ ਸ੍ਰੀ ਗਗਨ ਜਵੰਧਾ ਵੀ ਮੌਜੂਦ ਸਨ।

ਐਤਕੀ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ 11 ਸਤੰਬਰ ਸ਼ੁੱਕਰਵਾਰ ਨੂੰ : ਢੋਸੀਵਾਲ

ਪੈ.ਗਾਮ-ਏ-ਜਗਤ/ਸ੍ਰੀ ਮੁਕਤਸਰ ਸਾਹਿਬ 09 ਸਤੰਬਰ (ਸ਼ਿਵਨਾਥ)

ਸਮੁੱਚੇ ਰਾਜ ਅੰਦਰ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਵੱਲੋਂ ਸਾਂਝੇ ਤੌਰ 'ਤੇ ਡੀ.ਏ. ਅਤੇ ਡੀ.ਏ. ਦੇ ਬਕਾਏ ਅਤੇ ਹੋਰ ਹੱਕੀ ਮੰਗਾਂ ਲਈ ਪੰਜਾਬ ਸਰਕਾਰ ਵਿਰੁੱਧ ਫੈਸਲਾ ਕੁਨ ਸੰਘਰਸ਼ ਚਲਾਇਆ ਜਾ ਰਿਹਾ ਹੈ। ਇਸੇ ਸੰਘਰਸ਼ ਦੇ ਚੱਲਦਿਆਂ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ ਦੀ ਮਿਤੀ ਵਿਚ ਤਬਦੀਲੀ ਕੀਤੀ ਗਈ ਹੈ।

ਇਸ ਵਾਰ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ ਆਉਂਦੀ 11 ਸਤੰਬਰ ਸ਼ੁੱਕਰਵਾਰ ਨੂੰ ਸਵੇਰੇ 10:00 ਵਜੇ ਸਥਾਨਕ ਪੈਨਸ਼ਨਰ ਭਵਨ ਵਿਖੇ ਹੋਵੇਗੀ। ਮੀਟਿੰਗ ਦੀ ਪ੍ਰਧਾਨਗੀ ਮੰਨੇ ਪ੍ਰਮੰਨੇ ਟ੍ਰੇਡ ਯੂਨੀਅਨ ਆਗੂ ਅਤੇ ਜਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਕਰਨਗੇ। ਲੰਬੇ ਸਮੇਂ ਤੋਂ ਮੁਲਾਜ਼ਮ ਹੱਕਾਂ ਲਈ ਸੰਘਰਸ਼ਸ਼ੀਲ ਯੋਧੇ ਅਤੇ ਐਸੋਸੀਏਸ਼ਨ ਦੇ ਜਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਉਕਤ ਮੀਟਿੰਗ ਦੌਰਾਨ ਸਟੇਜ ਸੰਚਾਲਨ ਕਰਨਗੇ।

• ਚੱਲਦੇ ਸੰਘਰਸ਼ ਕਾਰਨ ਕੀਤੀ ਹੈ ਤਬਦੀਲੀ



ਮੀਟਿੰਗ ਦੀ ਤਾਰੀਖ ਬਦਲੀ ਬਾਰੇ ਸੂਚਨਾ ਐਸੋਸੀਏਸ਼ਨ ਦੇ ਜਿਲ੍ਹਾ ਪ੍ਰੈਸ ਸਕੱਤਰ ਜਗਦੀਸ਼ ਰਾਏ ਢੋਸੀਵਾਲ ਨੇ ਪ੍ਰੈਸ ਨਾਲ ਸਾਂਝੀ ਕੀਤੀ ਹੈ। ਪ੍ਰੈਸ ਸਕੱਤਰ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਮੁਲਾਜ਼ਮ/ਪੈਨਸ਼ਨਰ ਸਾਂਝੀ ਤਾਲਮੇਲ ਕਮੇਟੀ ਦੇ ਫੈਸਲੇ ਅਨੁਸਾਰ ਬਾਰਾਂ ਸਤੰਬਰ ਸ਼ਨੀਵਾਰ ਨੂੰ ਮੁਕਤਸਰ, ਫਰੀਦਕੋਟ, ਫਿਰੋਜ਼ਪੁਰ, ਫਾਜਿਲਕਾ ਅਤੇ ਮੋਗਾ ਜਿਲ੍ਹਿਆਂ ਦੇ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਸੰਧਵਾਂ ਵਾਲੇ ਗ੍ਰਹਿ ਨੂੰ ਘੇਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਫੈਸਲੇ ਅਨੁਸਾਰ ਉਕਤ ਜਿਲ੍ਹਿਆਂ ਦੇ ਸਾਰੇ ਮੁਲਾਜ਼ਮ ਅਤੇ ਪੈਨਸ਼ਨਰ ਪਿੰਡ ਸੰਧਵਾਂ ਵਿਖੇ ਪਹੁੰਚ ਕੇ ਸਰਕਾਰ ਦਾ ਪਿੱਟ ਸਿਆਪਾ ਕਰਨਗੇ। ਢੋਸੀਵਾਲ ਨੇ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਪੈਨਸ਼ਨਰ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ ਦੌਰਾਨ ਸਦਾ ਲਈ ਸੰਸਾਰ ਛੱਡ ਕੇ ਚਲੇ ਗਏ ਪੈਨਸ਼ਨਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ। ਇਸ ਤੋਂ ਇਲਾਵਾ ਇਸ ਮਹੀਨੇ ਆਪਣਾ ਜਨਮ ਦਿਨ ਮਨਾਉਣ ਵਾਲੇ ਮੈਂਬਰਾਂ ਨੂੰ ਵਧਾਈ ਵੀ ਦਿੱਤੀ ਜਾਵੇਗੀ। ਪੈਨਸ਼ਨਰ ਐਸੋਸੀਏਸ਼ਨ ਦੇ ਜਿਲ੍ਹਾ ਪ੍ਰਧਾਨ ਸ੍ਰੀ ਸ਼ਰਮਾ ਨੇ ਸਮੂਹ ਸੇਵਾ ਮੁਕਤ ਕਰਮਚਾਰੀਆਂ ਨੂੰ 11 ਸਤੰਬਰ ਸ਼ੁੱਕਰਵਾਰ ਨੂੰ ਸਵੇਰੇ 10:00 ਵਜੇ ਸਥਾਨਕ ਪੈਨਸ਼ਨਰ ਭਵਨ ਵਿਖੇ ਮਾਸਿਕ ਮੀਟਿੰਗ ਵਿੱਚ ਸਮੇਂ-ਸਿਰ ਸ਼ਾਮਿਲ ਹੋਣ ਦੀ ਅਪੀਲ ਕੀਤੀ ਹੈ।

ਮਿਹਨਤ ਅਤੇ ਪ੍ਰਤਿਭਾ ਨੂੰ ਉਤਸ਼ਾਹ ਮਿਲੇ ਤਾਂ ਪਿੰਡ ਦੀ ਮਿੱਟੀ ਵਿੱਚੋਂ ਨਿਕਲਦੇ ਹਨ ਭਵਿੱਖ ਦੇ ਸਿਤਾਰੇ : ਈਸ਼ਵਰ ਸਿੰਘ



ਪੈ.ਗਾਮ-ਏ-ਜਗਤ ਹਾਂਸੀ (ਦਿਨਕਰ ਗਾਵੜੀ)

ਪਿੰਡ ਦੀ ਮਿੱਟੀ ਵਿੱਚ ਪ੍ਰਤਿਭਾਵਾਂ ਦੀ ਕੋਈ ਕਮੀ ਨਹੀਂ ਹੈ। ਲੋੜ ਸਿਰਫ਼ ਉਨ੍ਹਾਂ ਨੂੰ ਪਛਾਣਨ, ਤਰਾਸ਼ਣ ਅਤੇ ਉਤਸ਼ਾਹਿਤ ਕਰਨ ਦੀ ਹੈ। ਅਧਿਆਪਕ ਅਤੇ ਮਾਪੇ ਮਿਲ ਕੇ ਬੱਚਿਆਂ ਦੀ ਪ੍ਰਤਿਭਾ ਨੂੰ ਸਹੀ ਦਿਸ਼ਾ ਦੇਣ ਤਾਂ ਇਹੀ ਵਿਦਿਆਰਥੀ ਭਵਿੱਖ ਵਿੱਚ ਸਮਾਜ ਅਤੇ ਦੇਸ਼

• ਸੋਸ਼ਲ ਮੀਡੀਆ ਦੀ ਨਕਾਰਾਤਮਕਤਾ ਤੋਂ ਬਚਣ ਵਿਦਿਆਰਥੀ, ਪੜ੍ਹਾਈ ਅਤੇ ਚੰਗੇ ਸੰਸਕਾਰਾਂ ਨੂੰ ਬਣਾਉਣ ਸਫਲਤਾ ਦਾ ਆਧਾਰ

ਦਾ ਨਾਮ ਰੌਸ਼ਨ ਕਰ ਸਕਦੇ ਹਨ। ਇਹ ਗੱਲ ਸੇਵਾਮੁਕਤ ਆਈਜੀ ਈਸ਼ਵਰ ਸਿੰਘ ਦੂਹਨ ਨੇ ਪੇਟਵਾੜ ਪਿੰਡ ਸਥਿਤ ਸੁਤੰਤਰਤਾ ਸੈਨਾਨੀ ਸ਼ਹੀਦ ਚੌਧਰੀ ਰਣਜੀਤ ਸਿੰਘ ਰਾਜਕੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਆਯੋਜਿਤ ਪ੍ਰਤਿਭਾ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਕਹੀ। ਸਮਾਰੋਹ ਦੀ ਪ੍ਰਧਾਨਗੀ ਸੇਵਾਮੁਕਤ ਪ੍ਰੋਫੈਸਰ ਐਮਐਸ ਮਲਿਕ ਨੇ ਕੀਤੀ।

ਪ੍ਰੋਗਰਾਮ ਵਿੱਚ ਖੇਤਰ ਦੇ ਵੱਖ-ਵੱਖ ਸਕੂਲਾਂ ਦੇ 200 ਤੋਂ ਵੱਧ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਈਸ਼ਵਰ ਸਿੰਘ ਦੂਹਨ ਨੇ ਵਿਦਿਆਰਥੀਆਂ ਨਾਲ ਸੰਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵਿਚਕਾਰ ਆ ਕੇ ਉਨ੍ਹਾਂ ਨੂੰ ਆਪਣੇ ਬਚਪਨ ਦੇ ਦਿਨ ਯਾਦ ਆ ਗਏ, ਜਦੋਂ ਉਨ੍ਹਾਂ ਨੇ ਪਿੰਡ ਤੋਂ ਨਿਕਲ ਕੇ ਅੱਗੇ ਵਧਣ ਦਾ ਸੁਪਨਾ ਦੇਖਿਆ ਸੀ। ਉਨ੍ਹਾਂ ਕਿਹਾ ਕਿ ਪ੍ਰਤਿਭਾ ਕਿਤੇ ਲੁਕ ਨਹੀਂ ਸਕਦੀ, ਪਰ ਇਸਨੂੰ ਨਿਖਾਰਨ ਲਈ ਨਿਰੰਤਰ ਮਿਹਨਤ, ਸਹੀ ਮਾਰਗਦਰਸ਼ਨ ਅਤੇ ਉਤਸ਼ਾਹ ਜ਼ਰੂਰੀ ਹੈ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਿਯਮਿਤ ਅਧਿਐਨ ਕਰਨ, ਕਿਤਾਬਾਂ ਪੜ੍ਹਨ ਅਤੇ ਆਪਣੇ ਆਦਰਸ਼ਾਂ ਤੋਂ ਪ੍ਰੇਰਨਾ ਲੈਣ ਦੀ ਸਲਾਹ ਦਿੱਤੀ। ਨਾਲ ਹੀ ਸੋਸ਼ਲ ਮੀਡੀਆ ਦੀ ਨਕਾਰਾਤਮਕਤਾ ਤੋਂ ਸਾਵਧਾਨ ਰਹਿਣ ਦਾ ਸੱਦਾ ਦਿੰਦਿਆਂ ਕਿਹਾ ਕਿ ਸੋਸ਼ਲ ਮੀਡੀਆ ਗਿਆਨ ਅਤੇ ਸੂਚਨਾ ਦਾ ਮਾਧਿਅਮ ਹੈ, ਪਰ ਇਸਦੇ ਗਲਤ ਇਸਤੇਮਾਲ ਨਾਲ ਵਿਦਿਆਰਥੀ ਨਕਾਰਾਤਮਕ ਗਤੀਵਿਧੀਆਂ ਅਤੇ ਬੁਰਾਈਆਂ ਦਾ ਸ਼ਿਕਾਰ ਹੋ ਸਕਦੇ ਹਨ। ਉਨ੍ਹਾਂ ਨੇ ਬੱਚਿਆਂ ਨੂੰ ਆਪਣਾ ਸਮਾਂ ਪੜ੍ਹਾਈ, ਖੇਡਾਂ ਅਤੇ ਰਚਨਾਤਮਕ ਕੰਮਾਂ ਵਿੱਚ ਲਗਾਉਣ ਅਤੇ ਕਿਸੇ ਵੀ ਪਰੇਸ਼ਾਨੀ ਨੂੰ ਮਾਤਾ-ਪਿਤਾ ਅਤੇ ਅਧਿਆਪਕਾਂ ਨਾਲ ਸਾਂਝਾ ਕਰਨ ਦੀ ਅਪੀਲ ਕੀਤੀ।

200 ਤੋਂ ਵੱਧ ਵਿਦਿਆਰਥੀਆਂ ਦਾ ਸਨਮਾਨ

ਚੌਧਰੀ ਰਣਜੀਤ ਸਿੰਘ ਵੈਦ ਟਰੱਸਟ ਵੱਲੋਂ ਆਯੋਜਿਤ ਸਾਲਾਨਾ ਸਮਾਰੋਹ ਵਿੱਚ ਦਸਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ **70 ਅਤੇ 80 ਪ੍ਰਤੀਸ਼ਤ ਤੋਂ ਵੱਧ ਅੰਕ** ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਪ੍ਰਧਾਨ ਐਮਐਸ ਮਲਿਕ ਨੇ ਸਕੂਲ ਦੀ ਲਾਇਬ੍ਰੇਰੀ ਲਈ 11 ਕਿਤਾਬਾਂ ਵੀ ਉਪਲਬਧ ਕਰਵਾਈਆਂ।

ਸਮਾਰੋਹ ਵਿੱਚ ਬਾਬਾ ਸ੍ਰੀ ਰਾਮ ਸੀਨੀਅਰ ਸੈਕੰਡਰੀ ਸਕੂਲ, ਐਮਡੀ ਸੀਨੀਅਰ ਸੈਕੰਡਰੀ ਸਕੂਲ, ਨਿਊ ਆਰਈਡੀ ਸੀਨੀਅਰ ਸੈਕੰਡਰੀ ਸਕੂਲ, ਰਾਜਕੀ ਸੀਨੀਅਰ ਸੈਕੰਡਰੀ ਸਕੂਲ ਅਤੇ ਰਾਜਕੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੇ ਹੁਸ਼ਿਆਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਈਸ਼ਵਰ ਸਿੰਘ ਦੂਹਨ ਨੇ ਕਿਹਾ ਕਿ ਸੰਸਥਾ ਦਾ ਉਦੇਸ਼ ਸਿਰਫ ਇਨਾਮ ਦੇਣਾ ਨਹੀਂ, ਸਗੋਂ ਵਿਦਿਆਰਥੀਆਂ ਦੀ ਮਿਹਨਤ ਨੂੰ ਪਛਾਣ ਕੇ ਉਨ੍ਹਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਹੈ। ਅਜਿਹੇ ਆਯੋਜਨ ਬੱਚਿਆਂ ਵਿੱਚ ਆਤਮਵਿਸ਼ਵਾਸ ਵਧਾਉਣ ਦੇ ਨਾਲ ਦੂਜੇ ਵਿਦਿਆਰਥੀਆਂ ਨੂੰ ਵੀ ਵਧੀਆ ਪ੍ਰਦਰਸ਼ਨ ਲਈ ਪ੍ਰੇਰਿਤ ਕਰਦੇ ਹਨ। ਇਸ ਮੌਕੇ 'ਤੇ ਬਲਾਕ ਸਿੱਖਿਆ ਅਧਿਕਾਰੀ ਜੋਗਿੰਦਰ ਸਿੰਘ, ਐਸਐਮਓ ਡਾ. ਯਸ਼ਪਾਲ, ਰਾਜਵੀਰ ਸਿੰਘ ਦੂਹਨ, ਸਰਪੰਚ ਸਤਬੀਰ ਸਿੰਘ, ਮਾਸਟਰ ਫੂਲ ਕੁਮਾਰ, ਆਦੇਸ਼ ਮਲਿਕ, ਪ੍ਰਿੰਸੀਪਲ ਮੀਨਾ ਕੁਮਾਰੀ, ਪ੍ਰਿੰਸੀਪਲ ਸੰਤੋਸ਼ ਦੇਵੀ ਸਮੇਤ ਅਧਿਆਪਕ, ਮਾਪੇ, ਵਿਦਿਆਰਥੀ ਅਤੇ ਪਤਵੰਤੇ ਨਾਗਰਿਕ ਹਾਜ਼ਰ ਰਹੇ।

ਰੋਟਰੀ ਕਲੱਬ ਨੇ ਐਸ.ਡੀ ਕਾਲਜ ਵਿਚ ਬੂਟੇ ਲਾ ਕੇ ਸਵੱਛਤਾ ਅਤੇ ਵਾਤਾਵਰਣ ਸੰਭਾਲ ਦਾ ਸੰਦੇਸ਼ ਦਿੱਤਾ



ਪੈ.ਗਾਮ-ਏ-ਜਗਤ ਅੰਬਾਲਾ, 9 ਸਤੰਬਰ (ਆਰ.ਸਿੰਘ)

ਰੋਟਰੀ ਕਲੱਬ ਅੰਬਾਲਾ ਕੈਂਟ ਨੇ ਵਾਤਾਵਰਣ ਸੰਭਾਲ ਅਤੇ ਕੁਦਰਤ ਪ੍ਰਤੀ ਆਪਣੀ ਜਿੰਮੇਵਾਰੀ ਦਾ ਸੰਦੇਸ਼ ਦੇਣ ਲਈ ਐਸ.ਡੀ ਕਾਲਜ ਅੰਬਾਲਾ ਕੈਂਟ ਵਿਚ ਕਾਲਜ ਦੇ ਸਹਿਯੋਗ ਨਾਲ ਬੂਟੇ ਲਾਏ। ਅਸਲ ਵਿਚ ਰੋਟਰੀ ਕਲੱਬ ਦੇ ਚਾਰਟਰ ਪ੍ਰਧਾਨ ਰੋਟੇਰੀਅਨ ਦਲੀਪ ਮਹਿਤਾ ਅਤੇ ਉਨ੍ਹਾਂ ਦੇ ਪੁੱਤਰ ਦਾ ਇੱਕੋ ਦਿਨ ਜਨ ਦਿਨ ਹੈ। ਕਲੱਬ ਮੈਂਬਰਾਂ ਨੇ ਦੋਹਾਂ ਦੇ ਜਨਮ ਦਿਨ ਤੇ ਬੂਟੇ ਲਾ ਕੇ ਸਮਾਜ ਨੂੰ ਸੰਦੇਸ਼ ਦਿੱਤਾ ਕਿ ਹਰ ਵਿਅਕਤੀ ਨੂੰ ਹਰ ਸਾਲ ਆਪਣੇ ਜਨਮ ਦੰਨ ਤੇ ਘੱਟੋ ਘੱਟ ਇਕ ਰੁੱਖ ਲਾਉਣ ਦਾ ਸੰਕਲਪ ਲੈਣਾ ਚਾਹੀਦਾ ਹੈ। ਰੋਟਰੀ ਕਲੱਬ ਦੇ ਸਕੱਤਰ ਰਵਿੰਦਰ ਸ਼ਰਮਾ ਨੇ ਦੱਸਿਆ ਕਿ ਅੱਜ ਦਾ ਪ੍ਰੋਗਰਾਮ ਉਨ੍ਹਾਂ ਦੀ ਕਲੱਬ ਦੀ ਵਾਤਾਵਰਣ ਸੁਰੱਖਿਆ ਮੁਹਿੰਮ ਦਾ ਹਿੱਸਾ ਹੈ। ਮੌਕੇ ਤੇ ਮੌਜੂ ਕਾਲਜ ਦੀ ਕਾਇਮ ਮੁਕਾਮ ਪ੍ਰਿੰਸੀਪਲ ਡਾ. ਵਿਜੈ ਸ਼ਰਮਾ ਜੋ ਖ਼ੁਦ ਵੀ ਸਮਾਜ ਸੇਵੀ ਹੈ, ਨੇ ਕਲੱਬ ਦੀ ਮੁਹਿੰਮ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਵਾਤਾਵਰਣ ਸੁਰੱਖਿਆ ਪ੍ਰਤੀ ਸੁਚੇਤ ਕੀਤਾ। ਇਸ ਮੁਹਿੰਮ ਨੂੰ ਸਫਲ ਬਣਾਉਣ ਵਿਚ 'ਗਰੀਨ ਮੈਨ' ਦੀ ਉਪਾਧੀ ਪ੍ਰਾਪਤ ਆਈਪੀਪੀ ਰੋਟੇਰੀਅਨ ਡਾ, ਜੁਗਿੰਦਰ ਸਿੰਘ ਅਤੇ ਪੀਪੀ ਰੋਟੇਰੀਅਨ ਪ੍ਰੋ. ਗੁਰਦੇਵ ਸਿੰਘ ਦੇਵ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਮੌਕੇ ਤੇ ਕਲੱਬ ਸਕੱਤਰ ਰਵਿੰਦਰ ਸ਼ਰਮਾ, ਸੰਜੀਵ ਕੁਮਾਰ, ਬਲਰਾਮ ਤਿਵਾੜੀ, ਅਤੇ ਸੰਜੀਵ ਵਰਮਾ ਤੇ ਹੋਰ ਮੈਂਬਰ ਮੌਜੂਦ ਸਨ। ਡਾ. ਜੁਗਿੰਦਰ ਸਿੰਘ ਨੇ ਦੱਸਿਆ ਕਿ ਅੱਜ ਉਨ੍ਹਾਂ ਨੇ ਫਲਦਾਰ ਬੂਟੇ ਲਾਏ ਹਨ। ਕਾਲਜ ਦੇ ਸਪੋਰਟਿੰਗ ਸਟਾਫ ਵਿਚੋਂ ਧਰਮਰਾਜ, ਗੁਰਚਰਨ ਸਿੰਘ ਅਤੇ ਮੁਕੇਸ਼ ਕੁਮਾਰ ਨੇ ਵੀ ਵਿਸ਼ੇਸ਼ ਸਹਿਯੋਗ ਦਿੱਤਾ ਹੈ।

'ਖੇਡਾਂ ਵਤਨ ਪੰਜਾਬ ਦੀਆਂ' : ਹਰ ਉਮਰ ਵਰਗ ਦੇ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਮਿਲਿਆ ਮੰਚ, 38 ਖੇਡਾਂ 'ਚ ਹੋਣਗੇ ਮੁਕਾਬਲੇ: ਆਸ਼ਿਕਾ ਜੈਨ

• ਬਲਾਕ ਪੱਧਰ 'ਤੇ 18 ਸਤੰਬਰ ਤੱਕ, ਜ਼ਿਲ੍ਹਾ ਪੱਧਰ 'ਤੇ 20 ਤੋਂ 30 ਸਤੰਬਰ ਤੱਕ ਹੋਣਗੇ ਮੁਕਾਬਲੇ
• ਨੌਜਵਾਨਾਂ ਤੋਂ ਲੈ ਕੇ 70 ਸਾਲ ਤੋਂ ਵੱਧ ਉਮਰ ਦੇ ਖਿਡਾਰੀ ਵੀ ਲੈਣਗੇ ਹਿੱਸਾ



ਪੈ.ਗਾਮ-ਏ-ਜਗਤ ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਉਦੇਸ਼ ਨਾਲ ਸ਼ੁਰੂ ਕੀਤੀਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ' ਦੇ ਚੌਥੇ ਸੀਜ਼ਨ ਦੀ ਸ਼ੁਰੂਆਤ ਹੋ ਚੁੱਕੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 5 ਸਤੰਬਰ ਨੂੰ ਬਠਿੰਡਾ ਵਿਖੇ ਇਨ੍ਹਾਂ ਖੇਡਾਂ ਦਾ ਉਦਘਾਟਨ ਕੀਤਾ, ਜਦਕਿ ਸਮਾਪਤੀ ਸਮਾਰੋਹ 29 ਨਵੰਬਰ ਨੂੰ ਪਟਿਆਲਾ ਵਿਖੇ ਹੋਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਜ਼ਿਲ੍ਹੇ ਵਿੱਚ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਵੱਲੋਂ ਭਰਪੂਰ ਉਤਸ਼ਾਹ ਦਿਖਾਇਆ ਜਾ ਰਿਹਾ ਹੈ। ਜ਼ਿਲ੍ਹੇ ਵਿੱਚ ਹੁਣ ਤੱਕ ਲਗਭਗ 3200 ਖਿਡਾਰੀਆਂ ਵੱਲੋਂ ਰਜਿਸਟ੍ਰੇਸ਼ਨ ਕਰਵਾਈ ਜਾ ਚੁੱਕੀ ਹੈ, ਜਦਕਿ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਅਜੇ ਵੀ ਜਾਰੀ ਹੈ। ਉਨ੍ਹਾਂ ਨੇ ਨੌਜਵਾਨਾਂ, ਖਿਡਾਰੀਆਂ ਅਤੇ ਯੂਥ ਕਲੱਬਾਂ ਨੂੰ ਵੱਧ ਤੋਂ ਵੱਧ ਇਨ੍ਹਾਂ ਖੇਡਾਂ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ।


ਉਨ੍ਹਾਂ ਦੱਸਿਆ ਕਿ ਖਿਡਾਰੀਆਂ ਦੀ ਰਜਿਸਟ੍ਰੇਸ਼ਨ sports.punjab.gov.in 'ਤੇ ਜਾਰੀ ਹੈ। ਜਿਹੜੇ ਖਿਡਾਰੀ ਕਿਸੇ ਕਾਰਨ ਕਰਕੇ ਆਨਲਾਈਨ ਰਜਿਸਟ੍ਰੇਸ਼ਨ ਨਹੀਂ ਕਰਵਾ ਸਕੇ, ਉਹ ਮੁਕਾਬਲੇ ਵਾਲੇ ਸਥਾਨ 'ਤੇ ਵੀ ਆਪਣੀ ਰਜਿਸਟ੍ਰੇਸ਼ਨ ਕਰਵਾ ਕੇ ਹਿੱਸਾ ਲੈ ਸਕਦੇ ਹਨ। ਇਸ ਤੋਂ ਇਲਾਵਾ ਖੇਡਾਂ ਸਬੰਧੀ ਕਿਸੇ ਵੀ ਜਾਣਕਾਰੀ ਲਈ 98053-62172 ਅਤੇ 94788-88777 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਸੀਜ਼ਨ ਵਿੱਚ 9 ਉਮਰ ਵਰਗਾਂ ਵਿੱਚ 38 ਖੇਡਾਂ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਇਨ੍ਹਾਂ ਵਿੱਚ ਅੰਡਰ-14, ਅੰਡਰ-17, ਅੰਡਰ-21, 21-30 ਸਾਲ, 31-40 ਸਾਲ, 41-50 ਸਾਲ, 51-60 ਸਾਲ, 61-70 ਸਾਲ ਅਤੇ 70 ਸਾਲ ਤੋਂ ਵੱਧ ਉਮਰ ਵਰਗ ਸ਼ਾਮਲ ਹਨ। ਇਸ ਤੋਂ ਇਲਾਵਾ ਟੈਨਿਸ ਬਾਲ ਕ੍ਰਿਕਟ ਨੂੰ ਪ੍ਰਦਰਸ਼ਨੀ ਖੇਡ ਵਜੋਂ ਸ਼ਾਮਲ ਕੀਤਾ ਗਿਆ ਹੈ। ਪੁਰਸ਼ਾਂ ਅਤੇ ਮਹਿਲਾਵਾਂ ਦੋਵਾਂ ਦੇ ਮੁਕਾਬਲੇ ਕਰਵਾਏ ਜਾਣਗੇ। ਜੇਤੂਆਂ ਨੂੰ 12 ਕਰੋੜ ਰੁਪਏ ਤੋਂ ਵੱਧ ਦੀ ਇਨਾਮੀ ਰਾਸ਼ੀ ਦੇ ਨਾਲ ਗ੍ਰੇਡੇਸ਼ਨ ਸਰਟੀਫਿਕੇਟ ਵੀ ਦਿੱਤੇ ਜਾਣਗੇ।

ਆਸ਼ਿਕਾ ਜੈਨ ਨੇ ਦੱਸਿਆ ਕਿ ਬਲਾਕ ਪੱਧਰ ਦੇ ਮੁਕਾਬਲੇ 18 ਸਤੰਬਰ ਤੱਕ ਹੋਣਗੇ। ਇਸ ਪੱਧਰ 'ਤੇ ਐਥਲੈਟਿਕਸ, ਖੋ-ਖੋ, ਕਬੱਡੀ ਨੈਸ਼ਨਲ ਸਟਾਈਲ, ਕਬੱਡੀ ਸਰਕਲ ਸਟਾਈਲ, ਫੁੱਟਬਾਲ, ਵਾਲੀਬਾਲ ਸਮੈਸ਼ਿੰਗ ਅਤੇ ਵਾਲੀਬਾਲ ਸ਼ੂਟਿੰਗ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 20 ਤੋਂ 30 ਸਤੰਬਰ ਤੱਕ ਜ਼ਿਲ੍ਹਾ ਪੱਧਰੀ ਮੁਕਾਬਲੇ ਹੋਣਗੇ।

ਬਲਾਕ ਪੱਧਰ ਦੀਆਂ ਸੱਤ ਖੇਡਾਂ ਦੇ ਜੇਤੂਆਂ ਤੋਂ ਇਲਾਵਾ 21 ਖੇਡਾਂ ਨੂੰ ਸਿੱਧੇ ਜ਼ਿਲ੍ਹਾ ਪੱਧਰ 'ਤੇ ਸ਼ਾਮਲ ਕੀਤਾ ਗਿਆ ਹੈ।

ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਆਮ ਆਦਮੀ ਕਲੀਨਿਕ ਚੱਬੇਵਾਲ ਦਾ ਕੀਤਾ ਅਚਨਚੇਤ ਦੌਰਾ



ਪੈ.ਗਾਮ-ਏ-ਜਗਤ ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਆਮ ਲੋਕਾਂ ਨੂੰ ਸਰਕਾਰੀ ਸਿਹਤ ਸਹੂਲਤਾਂ ਦਾ ਮਿਆਰੀ ਅਤੇ ਸਮੇਂ ਸਿਰ ਲਾਭ ਯਕੀਨੀ ਬਣਾਉਣ ਦੇ ਉਦੇਸ਼ ਨਾਲ ਚੱਬੇਵਾਲ ਹਲਕੇ ਦੇ ਵਿਧਾਇਕ ਡਾ.ਇਸ਼ਾਂਕ ਕੁਮਾਰ ਵੱਲੋਂ ਆਮ ਆਦਮੀ ਕਲੀਨਿਕ, ਚੱਬੇਵਾਲ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਅਚਨਚੇਤ ਜਾਂਚ ਦਾ ਮੁੱਖ ਉਦੇਸ਼ ਆਮ ਆਦਮੀ ਕਲੀਨਿਕ ਵਿੱਚ ਸਿਹਤ ਸੇਵਾਵਾਂ ਦੀ ਗੁਣਵੱਤਾ, ਸਟਾਫ਼ ਦੀ ਕਾਰਗੁਜ਼ਾਰੀ, ਦਵਾਈਆਂ ਅਤੇ ਜਾਂਚ ਸਹੂਲਤਾਂ ਦੀ ਉਪਲਬਧਤਾ ਅਤੇ ਮਰੀਜ਼ਾਂ ਦੀ ਸੰਤੁਸ਼ਟੀ ਦਾ ਜਾਇਜ਼ਾ ਲੈਣਾ ਸੀ।

ਵਿਧਾਇਕ ਡਾ.ਇਸ਼ਾਂਕ ਕੁਮਾਰ ਨੇ ਕਲੀਨਿਕ ਵਿਖੇ ਪਹੁੰਚ ਕੇ ਸਿਹਤ ਸੇਵਾਵਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਮਰੀਜ਼ਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਵੱਲੋਂ ਕਲੀਨਿਕ ਦੇ ਵੱਖ-ਵੱਖ ਵਿਭਾਗਾਂ, ਦਵਾਈਆਂ ਦੀ ਉਪਲਬਧਤਾ, ਲੈਬ ਟੈਸਟਾਂ, ਮਰੀਜ਼ਾਂ ਦੀ ਰਜਿਸਟ੍ਰੇਸ਼ਨ ਅਤੇ ਰਿਕਾਰਡ ਦੀ ਸੰਭਾਲ ਸਮੇਤ ਹੋਰ ਪ੍ਰਬੰਧਾਂ ਦੀ ਵੀ ਜਾਂਚ ਕੀਤੀ ਗਈ। ਇਸ ਮੌਕੇ ਉਨ੍ਹਾਂ ਨੇ ਕਲੀਨਿਕ ਵਿੱਚ ਆਉਣ ਵਾਲੇ ਮਰੀਜ਼ਾਂ ਨਾਲ ਸਿੱਧੀ ਗੱਲਬਾਤ ਕਰਕੇ ਉਨ੍ਹਾਂ ਤੋਂ ਸਿਹਤ ਸੇਵਾਵਾਂ ਬਾਰੇ ਫੀਡਬੈਕ ਵੀ ਲਿਆ। ਡਾ.ਇਸ਼ਾਂਕ ਕੁਮਾਰ ਨੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਉਨ੍ਹਾਂ ਦੇ ਨੇੜੇ ਹੀ ਮੁੱਢਲੀਆਂ ਅਤੇ ਗੁਣਵੱਤਾਪੂਰਨ ਸਿਹਤ ਸੇਵਾਵਾਂ ਉਪਲਬਧ ਕਰਵਾਉਣਾ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਕਲੀਨਿਕਾਂ ਵਿੱਚ ਆਉਣ ਵਾਲੇ ਹਰ ਮਰੀਜ਼ ਨਾਲ ਨਿਮਰਤਾ ਅਤੇ ਸਤਿਕਾਰ ਨਾਲ ਵਿਵਹਾਰ ਕੀਤਾ ਜਾਵੇ ਅਤੇ ਉਸ ਨੂੰ ਲੋੜੀਂਦੀ ਸਿਹਤ ਸਹੂਲਤ ਸਮੇਂ ਸਿਰ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਸੰਸਥਾਵਾਂ ਲੋਕਾਂ ਦੀ ਸੇਵਾ ਦਾ ਮਹੱਤਵਪੂਰਨ ਕੇਂਦਰ ਹਨ ਅਤੇ ਇਨ੍ਹਾਂ ਵਿੱਚ ਉਪਲਬਧ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਆਮ ਲੋਕਾਂ ਤੱਕ ਪਹੁੰਚਣਾ ਚਾਹੀਦਾ ਹੈ। ਵਿਧਾਇਕ ਡਾ.ਇਸ਼ਾਂਕ ਕੁਮਾਰ ਨੇ ਕਿਹਾ ਕਿ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਅਜਿਹੀਆਂ ਜਾਂਚਾਂ ਅਤੇ ਫੀਡਬੈਕ ਦੀ ਪ੍ਰਕਿਰਿਆ ਅੱਗੇ ਵੀ ਜਾਰੀ ਰਹੇਗੀ। ਇਸ ਮੌਕੇ ਕਲੀਨਿਕ ਦੇ ਸਟਾਫ਼ ਵੱਲੋਂ ਵਿਧਾਇਕ ਨੂੰ ਕਲੀਨਿਕ ਵਿੱਚ ਚੱਲ ਰਹੀਆਂ ਸਿਹਤ ਸੇਵਾਵਾਂ ਅਤੇ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ। ਵਿਧਾਇਕ ਨੇ ਸਟਾਫ਼ ਵੱਲੋਂ ਕੀਤੇ ਜਾ ਰਹੇ ਕੰਮ ਦੀ ਸਮੀਖਿਆ ਕਰਦਿਆਂ ਲੋਕ ਹਿੱਤ ਵਿੱਚ ਸਿਹਤ ਸੇਵਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਲਗਾਤਾਰ ਯਤਨ ਕਰਨ ਦੀ ਗੱਲ ਕਹੀ। ਇਸ ਮੌਕੇ ਉਨਾਂ ਨਾਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ.ਐਚ.ਸੀ ਹਾਰਟਾ ਡਾ.ਮਨਪ੍ਰੀਤ ਸਿੰਘ ਬੈਂਸ, ਮੈਡੀਕਲ ਅਫਸਰ ਡਾ.ਪ੍ਰਿਤੀਕਾ, ਏ.ਐਮ.ਓ ਡਾ.ਸਰਬਜੀਤ ਸਿੰਘ, ਫਾਰਮਾਸਿਟਟ ਪਵਨ ਸੈਣੀ, ਕਾਉਂਸਲਰ ਓਟ ਕਲੀਨਿਕ ਬਲਬੀਰ ਸਿੰਘ, ਸਟਾਫ ਨਰਸ ਇੰਦਰਜੀਤ ਕੌਰ,ਐਲ.ਐਚ.ਵੀ ਅਮਨਦੀਪ ਕੌਰ ਤੋਂ ਇਲਾਵਾ ਪਿੰਡ ਦੇ ਮੌਜੂਦਾ ਅਤੇ ਸਾਬਕਾ ਸਰਪੰਚ ਹਾਜ਼ਰ ਸਨ।

ਵੋਟ ਬਣਾਉਣ ਨਾਲ ਹੀ ਨੌਜਵਾਨ ਆਪਣੇ ਹੱਕਾਂ 'ਤੇ ਸਵਾਲ ਕਰਨ ਅਤੇ ਬਹਿਸ ਕਰਨ ਦੇ ਅਸਲ ਹੱਕਦਾਰ ਬਣ ਸਕਦੇ ਹਨ: ਏ ਡੀ.ਸੀ. ਗੀਤਿਕਾ ਸਿੰਘ

ਸਾਹਿਬਜ਼ਾਦਾ ਅਜੀਤ ਸਿੰਘ ਨਗਰ
09 ਸਤੰਬਰ, (ਪੈ.ਗਾਮ-ਏ-ਜਗਤ)

ਮੁੱਖ ਚੋਣ ਅਫਸਰ ਪੰਜਾਬ ਦੀ ਨਿਰਦੇਸ਼ਨਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਸਥਾਨਕ ਚੰਡੀਗੜ੍ਹ ਗਰੁੱਪ ਆਫ ਕਾਲਜ ਲਾਂਡਰਾਂ ਵਿਖੇ ਵਿਸ਼ਾਲ ਵੋਟਰ ਜਾਗਰੂਕਤਾ ਅਤੇ ਪੰਜੀਕਰਣ ਕੈਂਪ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ)



• ਨੌਜਵਾਨ ਵੋਟਰਾਂ ਨੂੰ ਵੋਟ ਬਨਵਾਉਣ ਦੀ ਅਪੀਲ

ਗੀਤਿਕਾ ਸਿੰਘ ਨੇ ਆਖਿਆ ਕਿ ਨੌਜਵਾਨ ਦੇਸ਼ ਦੇ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਹਨ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਹਰ ਯੋਗ ਨੌਜਵਾਨ ਦਾ ਵੋਟਰ ਵਜੋਂ ਰਜਿਸਟਰ ਹੋਣਾ ਅਤੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਾ ਬੇਹੱਦ ਜ਼ਰੂਰੀ ਹੈ। ਕਾਲਜ ਦੇ ਡਾਇਰੈਕਟਰ, ਸਟੂਡੈਂਟ ਵੈਲਫੇਅਰ ਸ੍ਰੀਮਤੀ ਗਗਨਦੀਪ ਭੁੱਲਰ ਵੱਲੋਂ ਮੁੱਖ ਮਹਿਮਾਨ ਅਤੇ ਹੋਰ ਪਤਵੰਤਿਆਂ ਦਾ ਸਵਾਗਤ ਕੀਤਾ ਗਿਆ।

ਇਸ ਮੌਕੇ ਗੀਤੀਕਾ ਸਿੰਘ ਨੇ ਕਿਹਾ ਕਿ "ਜਿਹੜਾ ਨੌਜਵਾਨ ਆਪਣੀ ਵੋਟ ਬਣਾਉਂਦਾ ਅਤੇ ਆਪਣੀ ਵੋਟ ਪਾਉਂਦਾ ਹੈ, ਉਹ ਆਪਣੇ ਹੱਕਾਂ ਅਤੇ ਲੋਕਤੰਤਰ ਨਾਲ ਜੁੜੇ ਮੁੱਦਿਆਂ 'ਤੇ ਸਵਾਲ ਕਰਨ ਅਤੇ ਬਹਿਸ ਕਰਨ ਦਾ ਅਸਲ ਹੱਕਦਾਰ ਬਣ ਜਾਂਦਾ ਹੈ।"ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਾ ਸਿਰਫ਼ ਖੁਦ ਵੋਟਰ ਵਜੋਂ ਰਜਿਸਟਰ ਹੋਣ, ਸਗੋਂ ਆਪਣੇ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਵੀ ਵੋਟਰ ਰਜਿਸਟ੍ਰੇਸ਼ਨ ਲਈ ਪ੍ਰੇਰਿਤ ਕਰਨ।

ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸ਼੍ਰੀਮਤੀ ਕੋਮਲ ਮਿੱਤਲ ਦੀ ਅਗਵਾਈ ਹੇਠ ਕਰਵਾਏ ਗਏ ਇਸ ਵਿਸ਼ੇਸ਼ ਕੈਂਪ ਵਿੱਚ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਪਹੁੰਚੇ ਨੌਜਵਾਨਾਂ ਨੇ ਭਾਰੀ ਉਤਸ਼ਾਹ ਨਾਲ ਭਾਗ ਲਿਆ। ਕੈਂਪ ਦੌਰਾਨ 1032 ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ ਆਨਲਾਈਨ ਅਤੇ ਆਫ਼ਲਾਈਨ ਵਿਧੀ ਰਾਹੀਂ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਨੋਡਲ ਅਫ਼ਸਰ, ਸਵੀਪ ਸ੍ਰੀ ਗੁਰਬਖਸ਼ੀਸ਼ ਸਿੰਘ ਨੇ ਦੱਸਿਆ ਕਿ ਨੌਜਵਾਨਾਂ ਨੂੰ ਵੋਟਰ ਰਜਿਸਟ੍ਰੇਸ਼ਨ, ਸਵੀਪ ਗਤੀਵਿਧੀਆਂ ਅਤੇ ਚੋਣ ਪ੍ਰਕਿਰਿਆ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਦੇ ਮੋਬਾਈਲ ਫ਼ੋਨਾਂ ਵਿੱਚ ECI Net App ਡਾਊਨਲੋਡ ਕਰਵਾਉਣ ਦੇ ਨਾਲ-ਨਾਲ ਆਨਲਾਈਨ ਅਤੇ ਆਫ਼ਲਾਈਨ ਢੰਗ ਨਾਲ ਵੋਟਰ ਵਜੋਂ ਰਜਿਸਟਰ ਹੋਣ ਦੀ ਪ੍ਰਕਿਰਿਆ ਬਾਰੇ ਵੀ ਜਾਗਰੂਕ ਕੀਤਾ ਗਿਆ।

ਕੈਂਪ ਦੌਰਾਨ ਵਿਦਿਆਰਥੀਆਂ ਨਾਲ ਏ.ਡੀ.ਸੀ ਗੀਤਿਕਾ ਸਿੰਘ ਨੇ ਸਿੱਧਾ ਸੰਵਾਦ ਕਰਦਿਆਂ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਲੋਕਤੰਤਰ ਵਿੱਚ ਭਾਗੀਦਾਰੀ ਸਿਰਫ਼ ਵੋਟ ਪਾਉਣ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਬਲਕਿ ਉਨ੍ਹਾਂ ਨੂੰ ਆਪਣੇ ਵੋਟਰ ਅਧਿਕਾਰਾਂ ਅਤੇ ਚੋਣ ਪ੍ਰਕਿਰਿਆ ਬਾਰੇ ਵੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ।

ਕੈਂਪ ਦੌਰਾਨ ਵੋਟਰ ਜਾਗਰੂਕਤਾ ਸਬੰਧੀ ਨੁੱਕੜ ਨਾਟਕ, ਸੱਭਿਆਚਾਰਕ ਪ੍ਰੋਗਰਾਮ ਅਤੇ ਹੋਰ ਸਵੀਪ ਗਤੀਵਿਧੀਆਂ ਕਰਵਾਈਆਂ ਗਈਆਂ। ਨੌਜਵਾਨਾਂ ਲਈ ਵਿਸ਼ੇਸ਼ ਸੈਲਫੀ ਪੁਆਇੰਟ ਵੀ ਬਣਾਇਆ ਗਿਆ, ਜਿਸ 'ਤੇ ਵਿਦਿਆਰਥੀਆਂ ਨੇ ਭਾਰੀ ਉਤਸ਼ਾਹ ਦਿਖਾਇਆ। ਇਸ ਮੌਕੇ ਹਾਜ਼ਰ ਵਿਦਿਆਰਥੀਆਂ ਨੂੰ ਵੋਟਰ ਜਾਗਰੂਕਤਾ ਦੀ ਸਹੁੰ ਵੀ ਚੁਕਾਈ ਗਈ। ਇਸ ਮੌਕੇ ਚੋਣ ਤਹਿਸੀਲਦਾਰ ਸ੍ਰੀਮਤੀ ਹਰਪ੍ਰੀਤ ਕੌਰ, ਚੋਣ ਕਾਨੂੰਗੋ ਸ੍ਰੀ ਸਰਿੰਦਰ ਬੱਤਰਾ, ਸ੍ਰੀ ਜਗਤਾਰ ਸਿੰਘ, ਸਵੀਪ ਟੀਮ ਦੇ ਮੈਂਬਰ ਅਤੇ ਕਾਲਜ ਦੇ ਨੋਡਲ ਅਫ਼ਸਰ, ਈ.ਐਲ.ਸੀ. ਡਾ. ਰਵਿੰਦਰ ਸਿੰਘ ਸਮੇਤ ਵੱਖ-ਵੱਖ ਕਾਲਜਾਂ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਨੇ ਦੱਸਿਆ ਕਿ ਇਸ ਕੈਂਪ ਵਿੱਚ ਸੀ.ਜੀ.ਸੀ. ਲਾਂਡਰਾਂ, ਸਰਕਾਰੀ ਪਾਲੀਟੈਕਨਿਕ ਕਾਲਜ ਖੂਨੀਮਾਜਰਾ, ਸਰਕਾਰੀ ਕਾਲਜ ਡੇਰਾਬੱਸੀ, ਐੱਸ.ਕੇ.ਐੱਮ.ਐੱਸ. ਕਾਲਜ ਸਮੇਤ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਕਾਲਜਾਂ ਵਿੱਚ ਵੋਟਰ ਰਜਿਸਟ੍ਰੇਸ਼ਨ ਕੈਂਪ ਲਗਾਤਾਰ ਜਾਰੀ ਹਨ ਅਤੇ ਪ੍ਰਸ਼ਾਸਨ ਦਾ ਟੀਚਾ ਹੈ ਕਿ 1 ਅਕਤੂਬਰ 2026 ਨੂੰ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਸਾਰੇ ਯੋਗ ਨੌਜਵਾਨਾਂ ਨੂੰ ਵੋਟਰ ਵਜੋਂ ਰਜਿਸਟਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇੱਕ ਵੋਟ ਸਿਰਫ਼ ਇੱਕ ਅਧਿਕਾਰ ਨਹੀਂ, ਸਗੋਂ ਲੋਕਤੰਤਰ ਨੂੰ ਮਜ਼ਬੂਤ ਕਰਨ ਦੀ ਜ਼ਿੰਮੇਵਾਰੀ ਵੀ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੌਜਵਾਨਾਂ ਨੂੰ ਇਸ ਲੋਕਤੰਤਰਿਕ ਮੁਹਿੰਮ ਨਾਲ ਵੱਧ ਤੋਂ ਵੱਧ ਜੁੜਨ ਲਈ ਲਗਾਤਾਰ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਨਸਾਫ਼ ਲਈ ਭਾਜਪਾ ਵੱਲੋਂ ਖਰੜ ਵਿੱਚ ਰੋਸ ਪ੍ਰਦਰਸ਼ਨ

ਪੈ.ਗਾਮ-ਏ-ਜਗਤ
ਖਰੜ, (ਦਵਿੰਦਰ ਕੌਰ)

ਭਾਰਤੀ ਜਨਤਾ ਪਾਰਟੀ ਵੱਲੋਂ ਖਰੜ ਬੱਸ ਸਟੈਂਡ ਵਿਖੇ ਗੁਲਜ਼ਾਰ ਸਿੰਘ ਅਤੇ ਮੋਹਨਜੀਤ ਸਿੰਘ ਨਾਲ ਕਥਿਤ ਤੌਰ 'ਤੇ ਹੋਏ ਅਨਿਆਂ ਅਤੇ ਤਸ਼ੱਦਦ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਸੁਖਵਿੰਦਰ ਸਿੰਘ ਗੋਲਡੀ, ਸਹਿ ਕੈਸ਼ੀਅਰ ਪੰਜਾਬ ਭਾਜਪਾ, ਰਣਜੀਤ ਸਿੰਘ ਗਿੱਲ ਅਤੇ ਤਿੰਨੋਂ ਸਰਕਲ ਪ੍ਰਧਾਨ ਰਜਿੰਦਰ ਸ਼ਰਮਾ, ਕੁਸ਼ ਰਾਣਾ ਅਤੇ ਰਕੇਸ਼ ਗੁਪਤਾ, ਜਨਰਲ ਸਕੱਤਰ ਜਗਦੀਸ਼ ਸਿੰਘ ਔਜਲਾ, ਪ੍ਰੀਤੀ ਰਾਣਾ, ਨਰਿੰਦਰ ਰਾਣਾ, ਪਵਨ ਮਨੋਚਾ ਸਮੇਤ ਹੋਰ ਸੀਨੀਅਰ ਆਗੂ ਅਤੇ ਵਰਕਰ ਹਾਜ਼ਰ ਰਹੇ।



ਭਾਜਪਾ ਆਗੂਆਂ ਨੇ ਮੰਗ ਕੀਤੀ ਕਿ ਗੁਲਜ਼ਾਰ ਸਿੰਘ ਅਤੇ ਮੋਹਨਜੀਤ ਸਿੰਘ ਨਾਲ ਹੋਈ ਕਥਿਤ ਧੱਕੇਸ਼ਾਹੀ ਅਤੇ ਤਸ਼ੱਦਦ ਦੀ ਨਿਰਪੱਖ ਤੇ ਸੁਤੰਤਰ ਜਾਂਚ ਕਰਵਾਈ ਜਾਵੇ।

ਆਗੂਆਂ ਨੇ ਕਿਹਾ ਕਿ ਜੇਕਰ ਜਾਂਚ ਵਿੱਚ ਸਰਕਾਰ ਜਾਂ ਕਿਸੇ ਜ਼ਿੰਮੇਵਾਰ ਵਿਅਕਤੀ ਦੀ ਭੂਮਿਕਾ ਸਾਹਮਣੇ ਆਉਂਦੀ ਹੈ ਤਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੂੰ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇਣਾ ਚਾਹੀਦਾ ਹੈ। ਨਾਲ ਹੀ, ਕੈਬਨਿਟ ਮੰਤਰੀ ਹਰਪਾਲ ਚੀਮਾ ਵਿਰੁੱਧ ਮਾਮਲਾ ਦਰਜ ਕਰਕੇ ਕਾਨੂੰਨ ਅਨੁਸਾਰ ਗ੍ਰਿਫ਼ਤਾਰੀ ਦੀ ਮੰਗ ਕੀਤੀ ਗਈ। ਭਾਜਪਾ ਹਰ ਨਾਗਰਿਕ ਦੇ ਹੱਕ, ਇਨਸਾਫ਼ ਅਤੇ ਲੋਕਤੰਤਰਿਕ ਅਧਿਕਾਰਾਂ ਦੀ ਰੱਖਿਆ ਲਈ ਆਪਣੀ ਆਵਾਜ਼ ਬੁਲੰਦ ਕਰਦੀ ਰਹੇਗੀ।

ਯੁਵਕ ਸੇਵਾਵਾਂ ਵਿਭਾਗ ਵੱਲੋਂ ਰਾਜ ਪੱਧਰੀ ਰੈੱਡ ਰਨ ਮੈਰਾਥਨ-2026 ਦਾ ਆਯੋਜਨ

23 ਜ਼ਿਲ੍ਹਿਆਂ ਦੇ 138 ਨੌਜਵਾਨਾਂ ਨੇ 5 ਕਿਲੋਮੀਟਰ ਰੈੱਡ ਰਨ ਮੈਰਾਥਨ ਵਿੱਚ ਲਿਆ ਭਾਗ

ਖਰੜ, 9 ਸਤੰਬਰ
(ਪੈ.ਗਾਮ-ਏ-ਜਗਤ)

ਯੁਵਕ ਸੇਵਾਵਾਂ ਵਿਭਾਗ ਵੱਲੋਂ ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੇ ਸਹਿਯੋਗ ਨਾਲ ਅੱਜ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਵਿਖੇ ਰਾਜ ਪੱਧਰੀ 5 ਕਿਲੋਮੀਟਰ ਰੈੱਡ ਰਨ ਮੈਰਾਥਨ-2026 ਕਰਵਾਈ ਗਈ। ਇਸ ਮੁਕਾਬਲੇ ਵਿੱਚ ਪੰਜਾਬ ਦੇ 23 ਜ਼ਿਲ੍ਹਿਆਂ ਤੋਂ 138 ਲੜਕੇ ਅਤੇ



• ਨਸ਼ਿਆਂ ਤੋਂ ਦੂਰ ਰਹਿਣ ਅਤੇ ਐੱਚ.ਆਈ.ਵੀ. ਸਬੰਧੀ ਜਾਗਰੂਕਤਾ ਫੈਲਾਉਣਾ ਰਿਹਾ ਮੁੱਖ ਮੰਤਵ

ਲੜਕੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਹ ਨੌਜਵਾਨ ਜ਼ਿਲ੍ਹਾ ਪੱਧਰ 'ਤੇ ਕਰਵਾਏ ਗਏ ਰੈੱਡ ਰਿਬਨ ਕਲੱਬ ਮੁਕਾਬਲਿਆਂ ਦੇ ਜੇਤੂ ਸਨ।

ਇਸ ਰੈੱਡ ਰਨ ਮੈਰਾਥਨ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਅਤੇ ਐੱਚ.ਆਈ.ਵੀ. ਸਬੰਧੀ ਜਾਗਰੂਕਤਾ ਪੈਦਾ ਕਰਨਾ ਸੀ।

ਇਸ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਐਸ.ਐਸ. ਸਹਿਗਲ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਉਨ੍ਹਾਂ ਨੇ ਨੌਜਵਾਨਾਂ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਹਰੀ ਝੰਡੀ ਦਿਖਾ ਕੇ ਮੈਰਾਥਨ ਨੂੰ ਰਵਾਨਾ ਕੀਤਾ।

ਲੜਕਿਆਂ ਦੇ ਵਰਗ ਵਿੱਚ ਗੁਰਭਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ (ਪੀ.ਆਈ.ਐੱਸ. ਸੈਂਟਰ), ਪਟਿਆਲਾ ਨੇ ਪਹਿਲਾ ਸਥਾਨ ਹਾਸਲ ਕੀਤਾ। ਬਿਕਰਮ ਸਿੰਘ, ਯੂਨੀਵਰਸਿਟੀ ਕਾਲਜ ਮੀਰਾਂਪੁਰ, ਪਟਿਆਲਾ ਦੂਜੇ, ਦਿਲਬਰ ਸਿੰਘ, ਮਹਿੰਦਰਾ ਕਾਲਜ, ਪਟਿਆਲਾ ਤੀਜੇ ਅਤੇ ਅਕਾਸ਼ ਪ੍ਰਜਾਪਤੀ, ਸਰਕਾਰੀ ਕਾਲਜ, ਲੁਧਿਆਣਾ ਚੌਥੇ ਸਥਾਨ 'ਤੇ ਰਹੇ।

ਲੜਕੀਆਂ ਦੇ ਵਰਗ ਵਿੱਚ ਮਨਦੀਪ ਕੌਰ, ਖਾਲਸਾ ਕਾਲਜ ਫਾਰ ਵੂਮੈਨ, ਹੁਸ਼ਿਆਰਪੁਰ ਨੇ ਪਹਿਲਾ ਸਥਾਨ ਹਾਸਲ ਕੀਤਾ। ਰਾਜਵਿੰਦਰ ਕੌਰ, ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਕਲਾਂ ਦੂਜੇ, ਮਹਿਕਪ੍ਰੀਤ ਕੌਰ, ਜੀ.ਜੀ.ਐਸ. ਕਾਲਜ, ਸਰਦੂਲਗੜ੍ਹ, ਮਾਨਸਾ ਤੀਜੇ ਅਤੇ ਗਗਨਦੀਪ ਕੌਰ, ਏ.ਸੀ.ਪੀ.ਈ., ਮਸਤੂਆਣਾ ਸਾਹਿਬ, ਸੰਗਰੂਰ ਚੌਥੇ ਸਥਾਨ 'ਤੇ ਰਹੇ। ਜੇਤੂ ਨੌਜਵਾਨਾਂ ਨੂੰ ਡਿਪਟੀ ਡਾਇਰੈਕਟਰ ਸ੍ਰੀ ਕੁਲਵਿੰਦਰ ਸਿੰਘ ਅਤੇ ਸਹਾਇਕ ਡਾਇਰੈਕਟਰ ਸ੍ਰੀਮਤੀ ਰੁਪਿੰਦਰ ਕੌਰ ਵੱਲੋਂ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੀ ਅਧਿਕਾਰੀ ਸ੍ਰੀਮਤੀ ਗੁਰਪ੍ਰੀਤ ਕੌਰ ਵੱਲੋਂ ਜੇਤੂਆਂ ਲਈ 50,000 ਰੁਪਏ ਦੀ ਨਕਦ ਇਨਾਮੀ ਰਾਸ਼ੀ ਵੀ ਜਾਰੀ ਕੀਤੀ ਗਈ। ਵਿਭਾਗ ਵੱਲੋਂ ਦੱਸਿਆ ਗਿਆ ਕਿ ਰਾਜ ਪੱਧਰੀ ਮੈਰਾਥਨ ਵਿੱਚ ਪਹਿਲੇ ਅਤੇ ਦੂਜੇ ਸਥਾਨ 'ਤੇ ਰਹਿਣ ਵਾਲੇ ਲੜਕੇ ਅਤੇ ਲੜਕੀਆਂ ਨੂੰ ਅਗਲੇ ਮਹੀਨੇ ਹੋਣ ਵਾਲੀ ਨੈਸ਼ਨਲ ਰੈੱਡ ਰਨ ਮੈਰਾਥਨ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਨ ਲਈ ਭੇਜਿਆ ਜਾਵੇਗਾ। ਅੰਤ ਵਿੱਚ ਵਿਭਾਗ ਦੇ ਅਧਿਕਾਰੀਆਂ ਵੱਲੋਂ ਇਸ ਸਮਾਗਮ ਦੇ ਪ੍ਰਬੰਧਕ ਸ੍ਰੀ ਗੁਰਚੇਤ ਸਿੰਘ, ਪ੍ਰੋਗਰਾਮ ਅਫ਼ਸਰ, ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਨੂੰ ਵੀ ਸਨਮਾਨਿਤ ਕੀਤਾ ਗਿਆ।


ਕੈਂਸਰ ਕੌਨਕਲੇਵ 'ਚ ਪ੍ਰਮਾਣ-ਆਧਾਰਿਤ ਇਲਾਜ 'ਤੇ ਹੋਈ ਚਰਚਾ

ਮੋਹਾਲੀ, 9 ਸਤੰਬਰ
(ਪੈ.ਗਾਮ-ਏ-ਜਗਤ)

ਪਾਰਕ ਹਸਪਤਾਲ, ਮੋਹਾਲੀ ਵੱਲੋਂ ਆਯੋਜਿਤ ਕੈਂਸਰ ਕੌਨਕਲੇਵ ਵਿੱਚ ਪੀ.ਜੀ.ਆਈ.ਐੱਮ.ਈ.ਆਰ., ਟਾਟਾ ਮੈਮੋਰੀਅਲ ਹਸਪਤਾਲ, ਏਮਸ ਬਿਲਾਸਪੁਰ ਦੇ ਆਨਕੋਲੋਜਿਸਟਾਂ ਨੇ ਕੈਂਸਰ ਇਲਾਜ ਦੇ ਬਦਲਦੇ ਦ੍ਰਿਸ਼, ਪ੍ਰਮਾਣ-ਆਧਾਰਿਤ ਅਤੇ ਮਰੀਜ਼-ਕੇਂਦਰਿਤ ਦੇਖਭਾਲ ਪ੍ਰਦਾਨ ਕਰਨ 'ਤੇ ਗੰਭੀਰ ਚਰਚਾ ਕੀਤੀ।

ਆਨਕੋਲੋਜੀ ਡਾਇਰੈਕਟਰ, ਡਾ. ਸੰਦੀਪ ਕੁੱਕੜ ਦੀ ਅਗਵਾਈ ਹੇਠ ਆਯੋਜਿਤ ਇਸ ਕੌਨਕਲੇਵ ਨੇ ਆਨਕੋਲੋਜਿਸਟਾਂ ਨੂੰ ਗਿਆਨ ਦਾ ਆਦਾਨ-ਪ੍ਰਦਾਨ ਕਰਨ, ਨਵੇਂ ਸਬੂਤਾਂ 'ਤੇ ਚਰਚਾ ਕਰਨ ਅਤੇ ਜਟਿਲ ਕੈਂਸਰ ਪ੍ਰਬੰਧਨ 'ਤੇ ਮੰਥਨ ਕਰਨ ਲਈ ਇੱਕ ਮੰਚ ਪ੍ਰਦਾਨ ਕੀਤਾ।

ਇਸ ਵਿੱਚ ਕੈਂਸਰ ਦੇਖਭਾਲ ਦੇ ਸਭ ਤੋਂ ਉੱਭਰਦੇ ਖੇਤਰਾਂ 'ਤੇ ਮਾਹਰਾਂ ਦੀਆਂ ਪ੍ਰਸਤੁਤੀਆਂ



ਅਤੇ ਸੰਵਾਦਪੂਰਨ ਪੈਨਲ ਚਰਚਾਵਾਂ ਸ਼ਾਮਲ ਸਨ। ਇਸ ਨੇ ਵੱਖ-ਵੱਖ ਸੰਸਥਾਵਾਂ ਦੇ ਕੈਂਸਰ ਮਾਹਰਾਂ ਨੂੰ ਇੱਕਠੇ ਹੋਣ, ਕਲੀਨਿਕਲ ਤਜ਼ਰਬਿਆਂ ਨੂੰ ਸਾਂਝਾ ਕਰਨ ਅਤੇ ਇਸ ਗੱਲ 'ਤੇ ਚਰਚਾ ਕਰਨ ਦਾ ਮੌਕਾ ਦਿੱਤਾ ਕਿ ਕਿਵੇਂ ਇਹਨਾਂ ਉੱਨਤ ਤਕਨੀਕਾਂ ਨੂੰ ਬਿਹਤਰ ਇਲਾਜ ਦੇ ਨਤੀਜਿਆਂ ਅਤੇ ਮਰੀਜ਼ਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਦੇ ਰੂਪ ਵਿੱਚ ਲਾਗੂ ਕੀਤਾ ਜਾ ਸਕਦਾ ਹੈ।

ਕੌਨਕਲੇਵ ਦਾ ਇੱਕ ਮੁੱਖ ਬਿੰਦੂ ਕੈਂਸਰ ਥੈਰੇਪੀ ਵਿੱਚ ਆ ਰਹੇ ਬਦਲਾਅ, ਵਿਸ਼ੇਸ਼ ਤੌਰ 'ਤੇ ਇਮਿਊਨੋਥੈਰੇਪੀ, ਮੌਲੀਕਿਊਲਰ ਪ੍ਰੋਫਾਈਲਿੰਗ, ਬਾਇਓਮਾਰਕਰਸ, ਟਾਰਗੇਟਿਡ ਥੈਰੇਪੀ ਅਤੇ ਨਵੀਂਆਂ ਸਿਸਟਮਿਕ ਇਲਾਜ ਪ੍ਰਣਾਲੀਆਂ ਦੀ ਵਧਦੀ ਭੂਮਿਕਾ ਸਨ।

ਆਨਕੋਲੋਜਿਸਟਾਂ ਨੇ ਵੱਖ-ਵੱਖ ਕੈਂਸਰ ਕਿਸਮਾਂ ਵਿੱਚ ਜੀਨੋਮਿਕ ਬਦਲਾਵਾਂ ਦੀ ਪਛਾਣ ਕਰਨ ਅਤੇ ਵਧੇਰੇ ਸਟੀਕ ਤੇ ਵਿਅਕਤੀਗਤ ਕੈਂਸਰ ਪ੍ਰਬੰਧਨ ਨੂੰ ਸਮਰੱਥ ਬਣਾਉਣ ਵਿੱਚ ਨੈਕਸਟ ਜਨਰੇਸ਼ਨ ਸੀਕਵੈਂਸਿੰਗ, ਲਿਕਵਿਡ ਬਾਇਓਪਸੀ ਅਤੇ ਆਣਵਿਕ ਟੈਸਟਿੰਗ ਦੀ ਉੱਭਰਦੀ ਭੂਮਿਕਾ 'ਤੇ ਵੀ ਚਰਚਾ ਕੀਤੀ। ਇਸ ਮੌਕੇ 'ਤੇ ਡਾ. ਕੁੱਕੜ ਨੇ ਭਾਰਤ ਵਿੱਚ ਵਧ ਰਹੇ ਕੈਂਸਰ ਦੇ ਬੋਝ ਅਤੇ ਸ਼ੁਰੂਆਤੀ ਪਛਾਣ, ਸਮੇਂ ਸਿਰ ਇਲਾਜ ਅਤੇ ਰੋਕਥਾਮ ਦੇ ਉਪਾਵਾਂ ਦੀ ਮਹੱਤਤਾ 'ਤੇ ਚਾਨਣਾ ਪਾਇਆ।

ਸੋਸ਼ਲ ਨੇ ਮੋਹਾਲੀ ਸੋਸ਼ਲ ਦੇ ਨਾਲ ਭਾਰਤ ਵਿੱਚ ਆਪਣਾ 60ਵਾਂ ਆਊਟਲੈੱਟ ਖੋਲ੍ਹਿਆ

ਪੈ.ਗਾਮ-ਏ-ਜਗਤ
ਮੋਹਾਲੀ, 09 ਸਤੰਬਰ
(ਹਰਮਿੰਦਰ ਸਿੰਘ ਨਾਗਪਾਲ)

ਸੋਸ਼ਲ, ਭਾਰਤ ਦਾ ਨੇਬਰਹੁੱਡ ਕੈਫ਼ੇ-ਬਾਰ, ਮੋਹਾਲੀ ਦੇ ਐਚਐਲਪੀ ਗੈਲੇਰੀਆ ਵਿੱਚ 'ਮੋਹਾਲੀ ਸੋਸ਼ਲ' ਲਾਂਚ ਕਰਕੇ ਟ੍ਰਾਈਸਿਟੀ ਵਿੱਚ ਆਪਣੀ ਮੌਜੂਦਗੀ ਵਧਾ ਰਿਹਾ ਹੈ। ਇਹ ਦੇਸ਼ ਵਿੱਚ ਇਸਦਾ 60ਵਾਂ, ਪੰਜਾਬ ਵਿੱਚ ਤੀਜਾ ਅਤੇ ਮੋਹਾਲੀ ਵਿੱਚ ਪਹਿਲਾ ਆਊਟਲੈੱਟ ਹੈ।

ਚੰਡੀਗੜ੍ਹ ਵਿੱਚ ਦੋ ਸਫਲ ਆਊਟਲੈੱਟਸ ਤੋਂ ਬਾਅਦ, ਇਹ ਬ੍ਰਾਂਡ ਹੁਣ ਮੋਹਾਲੀ ਵਿੱਚ ਇੱਕ ਨਵੀਂ ਲੋਕੇਸ਼ਨ ਦੇ ਨਾਲ ਆ ਰਿਹਾ ਹੈ, ਜਿਸਨੂੰ ਸ਼ਹਿਰ ਦੇ ਜੋਸ਼ੀਲੇ ਸੋਸ਼ਲ ਕਲਚਰ ਅਤੇ ਮਜ਼ਬੂਤ ਕਮਿਊਨਿਟੀ ਭਾਵਨਾ ਦੇ ਹਿਸਾਬ ਨਾਲ ਤਿਆਰ ਕੀਤਾ ਗਿਆ ਹੈ।

ਪੰਜਾਬ ਦੀ ਭਾਵਨਾ ਤੋਂ ਪ੍ਰੇਰਿਤ, ਮੋਹਾਲੀ ਸੋਸ਼ਲ ਇੱਕ ਮਲਟੀ-ਲੈਵਲ ਜਗ੍ਹਾ ਵਿੱਚ ਖਾਣਾ, ਡ੍ਰਿੰਕਸ, ਮਿਊਜ਼ਿਕ ਅਤੇ ਕਮਿਊਨਿਟੀ ਨੂੰ ਇੱਕੱਠਾ ਲਿਆਉਂਦਾ ਹੈ, ਜੋ ਸ਼ਹਿਰ ਦੇ ਲੋਕਾਂ ਦੇ ਇੱਕੱਠੇ ਆਉਣ ਦੇ ਤਰੀਕੇ ਨੂੰ ਦਰਸਾਉਂਦਾ ਹੈ। ਹਫ਼ਤੇ ਦੇ ਦਿਨਾਂ ਵਿੱਚ ਕੌਫ਼ੀ ਪੀਣ ਤੋਂ ਲੈ ਕੇ ਕੰਮ ਤੋਂ ਬਾਅਦ ਦੋਸਤਾਂ ਨੂੰ ਮਿਲਣ, ਲੰਬੀ ਟੇਬਲ 'ਤੇ ਡਿਨਰ ਕਰਨ, ਸ਼ਾਮ ਦੀਆਂ ਡ੍ਰਿੰਕਸ ਅਤੇ ਦੇਰ ਰਾਤ ਦੇ ਪਲਾਨ ਤੱਕ, ਇਸ ਆਊਟਲੈੱਟ ਨੂੰ ਮੋਹਾਲੀ ਦੇ ਨਵੇਂ ਅੱਡੇ ਦੇ ਤੌਰ 'ਤੇ ਡਿਜ਼ਾਈਨ ਕੀਤਾ ਗਿਆ ਹੈ, ਜੋ ਦਿਨ ਤੋਂ ਰਾਤ ਤੱਕ ਸੁਭਾਵਿਕ ਤੌਰ 'ਤੇ ਬਦਲਦਾ ਰਹਿੰਦਾ ਹੈ। ਰਿਆਜ਼ ਅਮਲਾਨੀ, ਮੈਨੇਜਿੰਗ ਡਾਇਰੈਕਟਰ, ਇੰਪ੍ਰੇਸਾਰਿਓ ਐਂਟਰਟੇਨਮੈਂਟ ਐਂਡ ਹਾਸਪਿਟੈਲਿਟੀ ਪ੍ਰਾਈਵੇਟ ਲਿਮਿਟਿਡ ਅਮਲਾਨੀ ਨੇ ਕਿਹਾ ਕਿ ਪੰਜਾਬ ਵਿੱਚ ਹਮੇਸ਼ਾ ਤੋਂ ਕਮਿਊਨਿਟੀ, ਉਦਾਰਤਾ ਅਤੇ ਜਸ਼ਨ ਦਾ ਮਜ਼ਬੂਤ ਕਲਚਰ ਰਿਹਾ ਹੈ, ਅਤੇ ਮੋਹਾਲੀ ਉਸ ਭਾਵਨਾ ਨੂੰ ਆਪਣੇ ਅਨੋਖੇ ਅੰਦਾਜ਼ ਵਿੱਚ ਜ਼ਿੰਦਾ ਕਰਦਾ ਹੈ। ਅਸੀਂ ਚੰਡੀਗੜ੍ਹ ਵਿੱਚ ਆਪਣੇ ਦੋ ਸੋਸ਼ਲ ਆਊਟਲੈੱਟਸ ਦੇ ਜ਼ਰੀਏ ਟ੍ਰਾਈਸਿਟੀ ਦਾ ਹਿੱਸਾ ਰਹੇ ਹਾਂ, ਇਸ ਲਈ ਮੋਹਾਲੀ ਵਿੱਚ ਆਊਟਲੈੱਟ ਖੋਲ੍ਹਣਾ ਸਾਡੇ ਲਈ ਇੱਕ ਸੁਭਾਵਿਕ ਅਗਲਾ ਕਦਮ ਹੈ। ਹਰ ਸੋਸ਼ਲ ਉਸ ਇਲਾਕੇ ਦੇ ਹਿਸਾਬ ਨਾਲ ਬਣਦਾ ਹੈ ਜਿੱਥੇ ਉਹ ਖੁੱਲ੍ਹਦਾ ਹੈ, ਅਤੇ ਇੱਥੇ ਅਸੀਂ ਅਜਿਹੀ ਜਗ੍ਹਾ ਬਣਾਉਣਾ ਚਾਹੁੰਦੇ ਸਨ ਜੋ ਮੋਹਾਲੀ ਦੇ ਲੋਕਾਂ ਦੇ ਮਿਲਣ, ਖਾਣ ਅਤੇ ਬਾਹਰ ਜਾਣ ਦੇ ਤਰੀਕੇ ਦੇ ਹਿਸਾਬ ਨਾਲ ਸਹੀ ਹੋਵੇ। ਚਾਹੇ ਸ਼ੁਰੂਆਤ ਕੌਫ਼ੀ ਤੋਂ ਹੋਵੇ, ਪਰਿਵਾਰ ਦੇ ਨਾਲ ਖਾਣ ਤੋਂ ਹੋਵੇ ਜਾਂ ਦੋਸਤਾਂ ਨੂੰ ਮਿਲਣ ਤੋਂ, ਸਾਨੂੰ ਉਮੀਦ ਹੈ ਕਿ ਮੋਹਾਲੀ ਸੋਸ਼ਲ ਅਜਿਹੀਆਂ ਥਾਵਾਂ ਵਿੱਚੋਂ ਇੱਕ ਬਣ ਜਾਵੇਗਾ ਜੋ ਸੁਭਾਵਿਕ ਤੌਰ 'ਤੇ ਲੋਕਾਂ ਦੇ ਪਲਾਨ ਦਾ ਹਿੱਸਾ ਬਣ ਜਾਂਦੀਆਂ ਹਨ।÷

ਮੁੰਬਈ ਦੇ ਐਫਕੇ'ਡੀ ਵਰਕਸ਼ਾਪ ਦੁਆਰਾ ਡਿਜ਼ਾਈਨ ਕੀਤਾ ਗਿਆ ਮੋਹਾਲੀ ਸੋਸ਼ਲ, ਕੈਸਕੇਡਿੰਗ (ਪੌੜੀਦਾਰ), ਐਂਫੀਥੀਏਟਰ-ਪ੍ਰੇਰਿਤ ਲੇਆਊਟ ਨੂੰ ਫ਼ਾਲੋ ਕਰਦਾ ਹੈ, ਜਿੱਥੇ ਹਰ ਲੈਵਲ ਦੇਖਣ ਵਿੱਚ ਅਗਲੇ ਲੈਵਲ ਨਾਲ ਜੁੜਿਆ ਹੋਇਆ ਲੱਗਦਾ ਹੈ। ਇਹ ਬਣਤਰ ਜਗ?ਹਾ ਦੀ ਐਨਰਜੀ ਨੂੰ ਫ਼ਲੋਰਸ ਦੇ ਵਿਚਕਾਰ ਘੁੰਮਣ ਦਿੰਦੀ

• ਮੋਹਾਲੀ ਸੋਸ਼ਲ ਪੰਜਾਬ ਦੀ ਜ਼ਬਰਦਸਤ ਐਨਰਜੀ ਅਤੇ ਸੋਸ਼ਲ ਦੀ ਜ਼ੋਰਦਾਰ ਨੇਬਰਹੁੱਡ ਸਪਿਰਿਟ (ਆਸ-ਪੜੋਸ ਦੀ ਭਾਵਨਾ) ਨੂੰ ਇੱਕੱਠਾ ਲਿਆਉਂਦਾ ਹੈ



ਹੈ, ਜਿਸ ਨਾਲ ਵੱਖ-ਵੱਖ ਹਿੱਸਿਆਂ ਦੀ ਬਜਾਏ ਸਾਂਝੀ ਭਾਗੀਦਾਰੀ ਦਾ ਅਹਿਸਾਸ ਹੁੰਦਾ ਹੈ। ਕੋਈ ਵੀ ਕੋਨਾ ਅਲੱਗ-ਥਲੱਗ ਨਹੀਂ ਲੱਗਦਾ, ਅਤੇ ਹਰ ਲੈਵਲ ਆਊਟਲੈੱਟ ਦੇ ਵੱਡੇ ਮਾਹੌਲ ਨਾਲ ਜੁੜਿਆ ਰਹਿੰਦਾ ਹੈ, ਜਿਸ ਨਾਲ ਗੱਲਬਾਤ, ਜਸ਼ਨ ਅਤੇ ਸਾਂਝੇ ਤਜਰਬਿਆਂ ਲਈ ਇੱਕ ਬਿਹਤਰੀਨ ਮਾਹੌਲ ਬਣਦਾ ਹੈ।

ਇਸ ਜਗ?ਹਾ ਦਾ ਮਾਹੌਲ ਇੱਕ ਸ਼ਾਨਦਾਰ ਆਈਲੈਂਡ ਬਾਰ ਨਾਲ ਬਣਦਾ ਹੈ, ਜੋ ਅੰਦਰ ਅਤੇ ਬਾਹਰ ਦੋਵੇਂ ਪਾਸੇ ਫੈਲਿਆ ਹੋਇਆ ਹੈ। ਦਿਨ ਵਿੱਚ ਵੱਡੀਆਂ-ਵੱਡੀਆਂ ਕੱਚ ਦੀਆਂ ਖਿੜਕੀਆਂ ਰਾਹੀਂ ਨੈਚੁਰਲ ਰੌਸ਼ਨੀ ਆਉਂਦੀ ਹੈ, ਜਦਕਿ ਸ਼ਬਾਦ ਪੱਥਰ ਦੀ ਫ਼ਲੋਰਿੰਗ, ਟ੍ਰੌਪਿਕਲ ਹਰਿਆਲੀ ਅਤੇ ਨੈਚੁਰਲ ਮਟੀਰੀਅਲ ਇੰਟੀਰੀਅਰ ਨੂੰ ਇੱਕ ਹਲਕਾ-ਫੁਲਕਾ ਪਰ ਗਰਮਜੋਸ਼ੀ ਭਰਿਆ ਵਾਰਮ ਲੁੱਕ ਦਿੰਦੇ ਹਨ। ਸ਼ਾਮ ਹੁੰਦੇ ਹੀ ਬਾਰ ਇਸ ਤਜਰਬੇ ਦਾ ਸੈਂਟਰ ਬਣ ਜਾਂਦਾ ਹੈ; ਮਿਊਜ਼ਿਕ, ਲਾਈਟਿੰਗ ਅਤੇ ਆਸ-ਪਾਸ ਦੇ ਵੱਖ-ਵੱਖ ਲੈਵਲ ਮਿਲ ਕੇ ਇੱਕ ਹਾਈ-ਐਨਰਜੀ ਮਾਹੌਲ ਬਣਾਉਂਦੇ ਹਨ, ਜੋ ਸੋਸ਼ਲ ਦੀ ਰਾਤ ਦੀ ਖਾਸੀਅਤ ਹੈ।

ਇਹ ਆਊਟਲੈੱਟ ਮੋਹਾਲੀ ਵਿੱਚ ਵੱਖ-ਵੱਖ ਤਰ੍ਹਾਂ ਦੇ ਪਲਾਨ ਬਣਾਉਣ ਲਈ ਵੀ ਜਗ?ਹਾ ਦਿੰਦਾ ਹੈ। ਪਹਿਲੀ ਮੰਜ਼ਿਲ 'ਤੇ ਇੱਕ ਪ੍ਰਾਈਵੇਟ ਡਾਇਨਿੰਗ ਰੂਮ ਹੈ, ਜਿਸ ਵਿੱਚ ਸੌਫ਼ਟ ਟੈਕਸਚਰ ਅਤੇ ਘੱਟ ਰੌਸ਼ਨੀ ਹੈ, ਜੋ ਛੋਟੀਆਂ-ਮੋਟੀਆਂ ਪਾਰਟੀਆਂ ਲਈ ਇੱਕ ਪ੍ਰਾਈਵੇਟ ਮਾਹੌਲ ਦਿੰਦਾ ਹੈ। ਲੱਕੜ ਦੇ ਡੈੱਕ ਵਾਲੀ ਓਪਨ-ਏਅਰ ਬਾਲਕਨੀ ਇਸ ਤਜਰਬੇ ਦੇ ਵਿਚਕਾਰ ਆਰਾਮ ਕਰਨ ਦੀ ਇੱਕ ਹੋਰ ਜਗ?ਹਾ ਦਿੰਦੀ ਹੈ; ਇਸਨੂੰ ਸਨਡਾਊਨਰਸ, ਗੱਲਬਾਤ ਅਤੇ ਉਨ੍ਹਾਂ ਖਾਸ ਪਲਾਂ ਲਈ ਡਿਜ਼ਾਈਨ ਕੀਤਾ ਗਿਆ ਹੈ ਜਦੋਂ ਦੋਸਤਾਂ ਨਾਲ ਥੋੜ੍ਹੀ ਦੇਰ ਦੀ ਮੁਲਾਕਾਤ ਲੰਬੀ ਰਾਤ ਵਿੱਚ ਬਦਲ ਜਾਂਦੀ ਹੈ।

ਐਚਐਲਪੀ ਗੈਲੇਰੀਆ ਦੇ ਬੁਲਾਰੇ ਨੇ ਕਿਹਾ ਕਿ ਜਦੋਂ ਅਸੀਂ ਐਚਐਲਪੀ ਗੈਲੇਰੀਆ ਬਣਾਉਣਾ ਸ਼ੁਰੂ ਕੀਤਾ, ਤਾਂ ਸਾਡਾ ਇੱਕ ਹੀ ਸੁਪਨਾ ਸੀ - ਇੱਕ ਅਜਿਹੀ ਵਾਈਬ੍ਰੈਂਟ ਜਗ?ਹਾ ਬਣਾਉਣਾ ਜਿੱਥੇ ਲੋਕ ਇੱਕੱਠੇ ਆਉਣਾ ਪਸੰਦ ਕਰਨ। ਐਚਐਲਪੀ ਗੈਲੇਰੀਆ ਵਿੱਚ ਮੋਹਾਲੀ ਦਾ ਪਹਿਲਾ ਸੋਸ਼ਲ ਲਿਆਉਣਾ ਸਾਡੇ ਲਈ ਮਾਣ ਦੀ ਗੱਲ ਹੈ।

ਸਾਨੂੰ ਸਭ ਤੋਂ ਜ਼ਿਆਦਾ ਖੁਸ਼ੀ ਇਸ ਗੱਲ ਦੀ ਹੈ ਕਿ ਇਹ ਜਗ?ਹਾ ਸਾਰਿਆਂ ਲਈ ਹੈ; ਚਾਹੇ ਪਰਿਵਾਰ ਹੋਣ ਜੋ ਵੀਕੈਂਡ 'ਤੇ ਆਰਾਮ ਨਾਲ ਲੰਚ ਦਾ ਮਜ਼ਾ ਲੈ ਰਹੇ ਹੋਣ, ਯੁਵਾ ਪ੍ਰੋਫ਼ੈਸ਼ਨਲਸ ਜੋ ਕੌਫ਼ੀ ਪੀਂਦੇ ਹੋਏ ਕੰਮ ਕਰ ਰਹੇ ਹੋਣ, ਜਾਂ ਦੋਸਤ ਜੋ ਦਿਨ ਭਰ ਦੇ ਕੰਮ ਤੋਂ ਬਾਅਦ ਮਿਲ ਰਹੇ ਹੋਣ।

ਸੋਸ਼ਲ ਮੋਹਾਲੀ ਵਿੱਚ ਇੱਕ ਨਵੀਂ ਐਨਰਜੀ ਅਤੇ ਜੋਸ਼ ਲਿਆਉਂਦਾ ਹੈ ਅਤੇ ਲੋਕਾਂ ਨੂੰ ਮਿਲਣ-ਜੁਲਣ ਅਤੇ ਜੁੜਨ ਲਈ ਇੱਕ ਪਸੰਦੀਦਾ ਜਗ?ਹਾ ਦਿੰਦਾ ਹੈ। ਅਸੀਂ ਇੰਪ੍ਰੇਸਾਰਿਓ ਐਂਟਰਟੇਨਮੈਂਟ ਐਂਡ ਹਾਸਪਿਟੈਲਿਟੀ ਪ੍ਰਾਈਵੇਟ ਲਿਮਿਟਿਡ ਦੇ ਨਾਲ ਮਿਲ ਕੇ ਇਸ ਲੋਕਪ੍ਰਿਯ ਬ੍ਰਾਂਡ ਨੂੰ ਐਚਐਲਪੀ ਗੈਲੇਰੀਆ ਵਿੱਚ ਲਿਆਉਣ ਅਤੇ ਆਪਣੇ ਸ਼ਹਿਰ ਤੇ ਵੇਨਿਊ ਵਿੱਚ ਹੋਰ ਜ਼ਿਆਦਾ ਰੌਣਕ ਅਤੇ ਮਜ਼ਾ ਜੋੜਨ ਲਈ ਉਤਸ਼ਾਹਿਤ ਹਾਂ।

ਖਾਣ-ਪੀਣ ਦੇ ਤਜਰਬੇ ਵਿੱਚ ਸੋਸ਼ਲ ਦੀਆਂ ਜਾਣੀਆਂ-ਪਛਾਣੀਆਂ ਪਸੰਦੀਦਾ ਚੀਜ਼ਾਂ ਸ਼ਾਮਲ ਹਨ, ਜਿਵੇਂ ਕਿ ਚਾਈਨਾ ਬਾਕਸ, ਬਟਰ ਚਿਕਨ ਬਿਰਯਾਨੀ, ਫੁਲੀ ਰੀ-ਲੋਡਡ ਨਾਚੋਸ ਅਤੇ ਹੋਰ ਵੀ ਬਹੁਤ ਕੁਝ, ਨਾਲ ਹੀ ਕੌਫ਼ੀ ਅਤੇ ਸਿਗਨੇਚਰ ਕਾਕਟੇਲ ਵੀ। ਇਸ ਵਿੱਚ ਪੰਜਾਬ ਨਾਲ ਇੱਕ ਜਾਣਿਆ-ਪਛਾਣਿਆ ਕਨੈਕਸ਼ਨ ਵੀ ਜੋੜਿਆ ਗਿਆ ਹੈ - 'ਬਨਾਰਸੀ ਪਟਿਆਲਾ', ਜੋ ਇਸ ਰੀਜਨ ਤੋਂ ਪ੍ਰੇਰਿਤ ਹੈ ਅਤੇ ਸੋਸ਼ਲ ਦੇ ਗਾਹਕਾਂ ਵਿਚਕਾਰ ਪਹਿਲਾਂ ਹੀ ਹਿੱਟ ਹੈ। ਹੋਰ ਖੇਤਰੀ ਪ੍ਰੇਰਨਾਵਾਂ ਦੇ ਨਾਲ ਮਿਲ ਕੇ, ਇਹ ਮੀਨੂ ਵਿੱਚ ਇੱਕ ਸਥਾਨਕ ਟੱਚ ਜੋੜਦਾ ਹੈ, ਜਦਕਿ ਖਾਣ-ਪੀਣ ਪ੍ਰਤੀ ਸੋਸ਼ਲ ਦਾ ਜਾਣਿਆ-ਪਛਾਣਿਆ ਅਤੇ ਮਜ਼ੇਦਾਰ ਅੰਦਾਜ਼ ਵੀ ਬਣਿਆ ਰਹਿੰਦਾ ਹੈ। ਖਾਣ-ਪੀਣ ਤੋਂ ਇਲਾਵਾ, ਮੋਹਾਲੀ ਸੋਸ਼ਲ ਸੰਗੀਤ, ਕ੍ਰੀਏਟਿਵ ਸਹਿਯੋਗ, ਸੱਭਿਆਚਾਰਕ ਪ੍ਰੋਗਰਾਮਾਂ ਅਤੇ ਉੱਭਰਦੀਆਂ ਪ੍ਰਤਿਭਾਵਾਂ ਦੇ ਜ਼ਰੀਏ ਕਮਿਊਨਿਟੀ-ਆਧਾਰਿਤ ਤਜਰਬਿਆਂ 'ਤੇ ਬ੍ਰਾਂਡ ਦੇ ਫ਼ੋਕਸ ਨੂੰ ਜਾਰੀ ਰੱਖੇਗਾ। ਇਹ ਆਊਟਲੈੱਟ ਹਰ ਤਰ੍ਹਾਂ ਦੇ ਪਲਾਨ ਲਈ ਬਣਾਇਆ ਗਿਆ ਹੈ - ਚਾਹੇ ਉਹ ਆਰਾਮ ਨਾਲ ਲੰਚ ਕਰਨਾ ਹੋਵੇ, ਦੋਸਤਾਂ ਦੇ ਨਾਲ ਕੈਜ਼ੁਅਲ ਗੱਲਬਾਤ ਹੋਵੇ ਜਾਂ ਫਿਰ ਲੰਬੀਆਂ ਸ਼ਾਮਾਂ ਅਤੇ ਦੋਸਤਾਂ ਦੇ ਨਾਲ ਰਾਤ ਬਿਤਾਉਣਾ ਹੋਵੇ। ਮੋਹਾਲੀ ਸੋਸ਼ਲ ਅਪਣਾਪਨ ਮਹਿਸੂਸ ਕਰਾਉਣ ਲਈ ਬਣਾਇਆ ਗਿਆ ਹੈ; ਇਹ ਇੱਕੱਠੇ ਮਿਲ ਕੇ ਪਲਾਨ ਬਣਾਉਣ, ਆਰਾਮ ਨਾਲ ਗੱਲਬਾਤ ਕਰਨ ਅਤੇ ਆਪਣੇ ਲੋਕਾਂ ਦੇ ਨਾਲ ਸਮਾਂ ਬਿਤਾਉਣ ਲਈ ਇੱਕ ਬਿਹਤਰੀਨ ਜਗ?ਹਾ ਹੈ। ਮੋਹਾਲੀ ਦੇ ਸੋਸ਼ਲ ਦੇ ਟ੍ਰਾਈਸਿਟੀ ਮੈਪ ਵਿੱਚ ਸ਼ਾਮਲ ਹੋਣ ਦੇ ਨਾਲ, ਇਹ ਲਾਂਚ ਇਸ ਇਲਾਕੇ ਵਿੱਚ ਬ੍ਰਾਂਡ ਦੇ ਵਿਸਥਾਰ ਦਾ ਇੱਕ ਹੋਰ ਕਦਮ ਹੈ, ਨਾਲ ਹੀ ਇਹ 'ਨੇਬਰਹੁੱਡ-ਫ਼ਰਸਟ' (ਆਸ-ਪੜੋਸ ਨੂੰ ਤਰਜੀਹ ਦੇਣ ਵਾਲੀ) ਫ਼ਿਲਾਸਫ਼ੀ 'ਤੇ ਵੀ ਕਾਇਮ ਹੈ।

ਕਰੈਡਿਟ ਕਾਰਡ ਧੋਖਾਧੜੀ ਮਾਮਲੇ ਵਿੱਚ ਸਾਈਬਰ ਠੱਗ ਜੇਲ੍ਹ ਭੇਜਿਆ

ਪੈ.ਗਾਮ-ਏ-ਜਗਤ
ਅੰਬਾਲਾ, 9 ਸਤੰਬਰ (ਆਰ.ਸਿੰਘ)

ਸਾਈਬਰ ਕ੍ਰਾਈਮ ਪੁਲੀਸ ਸਟੇਸ਼ਨ ਨੇ ਧੋਖਾਧੜੀ ਕਰਨ ਵਾਲੇ ਇਕ ਅਜਿਹੇ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਨੇ ਬੈਂਕ ਕਰਮਚਾਰੀ ਬਣ ਕੇ ਇੱਕ ਵਿਅਕਤੀ ਨਾਲ ਉਸ ਦੀ ਕਰੈਡਿਟ ਕਾਰਡ ਸੀਮਾ ਵਧਾਉਣ ਦੇ ਬਹਾਨੇ 1,35,565 ਰੁਪਏ ਦੀ ਧੋਖਾਧੜੀ ਕੀਤੀ। ਦੋਸ਼ੀ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰ ਕੇ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।

ਪੁਲੀਸ ਬੁਲਾਰੇ ਨੇ ਦੱਸਿਆ ਕਿ ਦਲਜੀਤ ਵਾਸੀ ਪਿੰਡ ਮੋਹੜੀ ਨੇ 27 ਅਗਸਤ, 2026 ਨੂੰ ਸਾਈਬਰ ਕ੍ਰਾਈਮ ਥਾਣਾ ਅੰਬਾਲਾ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ ਕਿ 26 ਅਗਸਤ, 2026 ਨੂੰ ਇੱਕ ਅਣਪਛਾਤੇ



ਵਿਅਕਤੀ ਨੇ ਬੈਂਕ ਕਰਮਚਾਰੀ ਦੇ ਰੂਪ ਵਿੱਚ ਪੇਸ਼ ਹੋ ਕੇ ਉਸ ਨੂੰ ਉਸ ਦੀ ਕਰੈਡਿਟ ਕਾਰਡ ਸੀਮਾ ਵਧਾਉਣ ਲਈ ਧੋਖਾ ਦਿੱਤਾ ਅਤੇ ਧੋਖਾਧੜੀ ਨਾਲ OTP ਪ੍ਰਾਪਤ ਕਰ ਕੇ ਕਰੈਡਿਟ ਕਾਰਡ ਨਾਲ ਜੁੜੇ ਰਜਿਸਟਰਡ ਮੋਬਾਈਲ ਨੰਬਰ ਨੂੰ ਬਦਲ ਦਿੱਤਾ ਅਤੇ ਗੈਰ-ਕਾਨੂੰਨੀ ਢੰਗ ਨਾਲ 1,35,565 ਰੁਪਏ ਕਢਵਾ ਲਏ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਸਬ-ਇੰਸਪੈਕਟਰ ਸੰਦੀਪ ਕੁਮਾਰ ਅਤੇ ਸਾਈਬਰ ਕ੍ਰਾਈਮ ਥਾਣੇ ਦੇ ਇੰਚਾਰਜ ਹੈੱਡ ਕਾਂਸਟੇਬਲ ਪ੍ਰਦੀਪ ਕੁਮਾਰ ਦੀ ਅਗਵਾਈ ਵਾਲੀ ਪੁਲੀਸ ਟੀਮ ਨੇ ਤਕਨੀਕੀ ਸਰੋਤਾਂ ਅਤੇ ਡਿਜੀਟਲ ਸਬੂਤਾਂ ਦਾ ਬਾਰੀਕੀ ਨਾਲ ਵਿਸ਼ਲੇਸ਼ਣ ਕੀਤਾ ਅਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਮੁੱਖ ਦੋਸ਼ੀ ਜੈ ਕਿਸ਼ਨ ਪੁੱਤਰ ਸਤੀਸ਼ ਕੁਮਾਰ, ਪਿੰਡ ਕਨੋਜਰ, ਤਹਿਸੀਲ ਪੂਸਾ, ਜ਼ਿਲ੍ਹਾ ਸਮਸਤੀਪੁਰ, ਬਿਹਾਰ ਦੇ ਰਹਿਣ ਵਾਲੇ; ਜੋ ਕਿ ਵਰਤਮਾਨ ਵਿੱਚ ਨਵੀਂ ਦਿੱਲੀ ਦੇ ਨਜਫਗੜ੍ਹ, ਕਾਲਦਾ ਹਸਪਤਾਲ ਦੇ ਨੇੜੇ ਦਾਤਾ ਰਾਮ ਪਾਰਕ ਵਿੱਚ ਰਹਿ ਰਿਹਾ ਹੈ, ਨੂੰ 8 ਸਤੰਬਰ, 2026 ਨੂੰ ਗ੍ਰਿਫ਼ਤਾਰ ਕਰ ਲਿਆ।

ਪੁਲੀਸ ਡੀ.ਏ.ਵੀ. ਪਬਲਿਕ ਸਕੂਲ ਦੇ ਤੇਰਾਂ ਵਿਦਿਆਰਥੀਆਂ ਨੇ ਸੀਬੀਐਸਈ ਨਾਰਥ ਜ਼ੋਨ ਟੂਰਨਾਮੈਂਟ 2026 ਵਿੱਚ ਤਗਮਿਆਂ ਦੀ ਝੜੀ ਲਾਈ

ਪੈ.ਗਾਮ-ਏ-ਜਗਤ
ਅੰਬਾਲਾ, 9 ਸਤੰਬਰ (ਆਰ.ਸਿੰਘ)

ਪੁਲੀਸ ਡੀਏਵੀ ਪਬਲਿਕ ਸਕੂਲ, ਅੰਬਾਲਾ ਸ਼ਹਿਰ ਦੇ ਤੇਰਾਂ ਖਿਡਾਰੀਆਂ ਨੇ ਸੀਬੀਐਸਈ ਨਾਰਥ ਜ਼ੋਨ ਟੂਰਨਾਮੈਂਟ 2026 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ, ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।

ਸਕੂਲ ਦੇ ਪ੍ਰਿੰਸੀਪਲ ਡਾ. ਵਿਕਾਸ ਕੋਹਲੀ ਨੇ ਇਸ ਵੱਕਾਰੀ ਪ੍ਰਾਪਤੀ 'ਤੇ 13 ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਖੇਡ ਪ੍ਰਤੀ ਉਨ੍ਹਾਂ ਦੇ ਸਮਰਪਣ ਤੇ ਵਚਨਬੱਧਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਾਰੇ ਖਿਡਾਰੀਆਂ ਦੇ ਮਾਪਿਆਂ ਨੂੰ ਵੀ ਉਨ੍ਹਾਂ ਦੀ ਸਫਲਤਾ 'ਤੇ ਵਧਾਈ ਦਿੱਤੀ। ਡਾ. ਕੋਹਲੀ ਨੇ ਕਿਹਾ ਕਿ ਇਹ ਪ੍ਰਾਪਤੀ ਪੂਰੇ ਸਕੂਲ ਲਈ ਮਾਣ ਵਾਲੀ ਗੱਲ ਹੈ। ਇਸ ਜ਼ੋਨਲ-ਪੱਧਰੀ ਟੂਰਨਾਮੈਂਟ ਵਿੱਚ ਸੋਨੇ ਅਤੇ



ਚਾਂਦੀ ਦੇ ਤਗਮੇ ਜਿੱਤਣ ਵਾਲੇ ਖਿਡਾਰੀ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣਗੇ। ਉਨ੍ਹਾਂ ਨੇ ਇਸ ਪ੍ਰਾਪਤੀ ਲਈ ਸਕੂਲ ਦੇ ਖੇਡ ਵਿਭਾਗ ਨੂੰ ਵੀ ਵਧਾਈ ਦਿੱਤੀ।

ਸਕੂਲ ਵੱਲੋਂ ਜਾਰੀ ਸੂਚੀ ਅਨੁਸਾਰ ਤਗਮਾ ਜੇਤੂਆਂ ਵਿਚ ਗੁਰਜੋਤ ਸਿੰਘ (ਅੰਡਰ 14)-ਸ਼ਾਟਪੁੱਟ (ਸੋਨਾ ਤਗਮਾ), ਡਿਸਕਸ ਥ੍ਰੋਅ (ਚਾਂਦੀ ਤਗਮਾ), ਹਰਸ਼ਿਤਾ (ਅੰਡਰ 11)-ਤੈਰਾਕੀ 50 ਮੀਟਰ ਬ੍ਰੈਸਟ ਸਟ੍ਰੋਕ (ਚਾਂਦੀ ਤਗਮਾ), ਤੈਰਾਕੀ 100 ਮੀਟਰ ਫ੍ਰੀ ਸਟਾਈਲ (ਕਾਂਸੀ ਤਗਮਾ), ਤੈਰਾਕੀ 200 ਮੀਟਰ ਆਈਐਮ (ਕਾਂਸੀ ਤਗਮਾ), ਮੰਨਤ (ਅੰਡਰ 14)-ਮੁੱਕੇਬਾਜ਼ੀ (ਚਾਂਦੀ ਤਗਮਾ), ਕਰਨਦੀਪ ਸਿੰਘ (ਅੰਡਰ 14)-ਮੁੱਕੇਬਾਜ਼ੀ (ਚਾਂਦੀ ਤਗਮਾ), ਵਿਰਾਜ (ਅੰਡਰ 14)-ਕ੍ਰਿਕਟ (ਚਾਂਦੀ ਤਗਮਾ), ਸਨੇਹਜਾਨਾ (ਅੰਡਰ 14)-ਮੁੱਕੇਬਾਜ਼ੀ (ਕਾਂਸੀ ਤਗਮਾ), ਮੋਹਿਨੀ ਰਾਓ (ਅੰਡਰ 17)-ਮੁੱਕੇਬਾਜ਼ੀ (ਕਾਂਸੀ ਤਗਮਾ), ਆਦਿਤਿਆ ਮਿੱਤਰਾ (ਅੰਡਰ 17)-ਕ੍ਰਿਕਟ (ਕਾਂਸੀ ਤਗਮਾ), ਗੌਰਵ (ਅੰਡਰ 17)-ਕ੍ਰਿਕਟ (ਕਾਂਸੀ ਤਗਮਾ), ਗੁਰੂ ਚੋਪੜਾ (ਅੰਡਰ 19)-ਸ਼ਤਰੰਜ (ਕਾਂਸੀ ਦਾ ਤਗਮਾ), ਸਕਸ਼ਮ ਗਾਂਧੀ ਅੰਡਰ 19-ਸ਼ਤਰੰਜ (ਕਾਂਸੀ ਦਾ ਤਗਮਾ), ਲਕਸ਼ੈ ਕੁਮਾਰ ਅੰਡਰ 19- ਸ਼ਤਰੰਜ (ਕਾਂਸੀ ਦਾ ਤਗਮਾ) ਅਤੇ ਅਕਸ਼ਿਤ ਸ਼ਰਮਾ ਅੰਡਰ 19-ਸ਼ਤਰੰਜ (ਕਾਂਸੀ ਦਾ ਤਗਮਾ)ਸ਼ਾਮਲ ਹਨ।

ਡਾ. ਸਪਨਾ ਨੰਦਾ ਪੰਜਾਬ ਯੂਨੀਵਰਸਿਟੀ ਦੇ 2026-2030 ਕਾਰਜਕਾਲ ਲਈ ਸੈਨੇਟਰ ਚੁਣੇ ਗਏ


ਪੈ.ਗਾਮ-ਏ-ਜਗਤ/ਚੰਡੀਗੜ੍ਹ
9 ਸਤੰਬਰ (ਹਰਮਿੰਦਰ ਸਿੰਘ ਨਾਗਪਾਲ)

ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਸੈਕਟਰ-20 ਡੀ, ਚੰਡੀਗੜ੍ਹ ਦੀ ਪ੍ਰਿੰਸੀਪਲ ਡਾ. ਸਪਨਾ ਨੰਦਾ ਨੂੰ ਚੰਡੀਗੜ੍ਹ ਦੇ ਤਕਨੀਕੀ ਅਤੇ ਪੇਸ਼ੇਵਰ ਕਾਲਜਾਂ ਵੱਲੋਂ ਸਰਬਸੰਮਤੀ ਨਾਲ ਪੰਜਾਬ ਯੂਨੀਵਰਸਿਟੀ ਦੇ 2026-2030 ਕਾਰਜਕਾਲ ਲਈ ਸੈਨੇਟਰ ਚੁਣਿਆ ਗਿਆ ਹੈ। ਇਹ ਚੋਣ ਤਕਨੀਕੀ ਅਤੇ ਪੇਸ਼ੇਵਰ ਕਾਲਜਾਂ ਦੇ ਪ੍ਰਿੰਸੀਪਲਾਂ ਦੇ ਚੋਣ ਖੇਤਰ ਤੋਂ ਤਿੰਨ ਆਰਡੀਨਰੀ ਫੈਲੋਜ਼ ਦੀ ਚੋਣ ਲਈ ਕਰਵਾਈ ਗਈ ਸੀ। ਇਸ ਚੋਣ ਵਿੱਚ ਉਨ੍ਹਾਂ ਦਾ ਨਤੀਜਾ ਸਭ ਤੋਂ ਪਹਿਲਾਂ ਐਲਾਨਿਆ ਗਿਆ।

ਪੰਜਾਬ ਯੂਨੀਵਰਸਿਟੀ ਸੈਨੇਟ ਯੂਨੀਵਰਸਿਟੀ ਦੀ ਸਰਵੋੱਚ ਕਾਨੂੰਨੀ ਅਤੇ ਨੀਤੀ-ਨਿਰਧਾਰਕ ਸੰਸਥਾ ਹੈ। ਇਹ ਯੂਨੀਵਰਸਿਟੀ ਦੇ ਪ੍ਰਮੁੱਖ ਅਕਾਦਮਿਕ, ਪ੍ਰਸ਼ਾਸਨਿਕ, ਵਿੱਤੀ ਅਤੇ ਨੀਤੀਗਤ ਮਾਮਲਿਆਂ ਬਾਰੇ ਫ਼ੈਸਲੇ ਲੈਂਦੀ ਹੈ। ਸੈਨੇਟ ਯੂਨੀਵਰਸਿਟੀ ਦੀ ਦੂਰਦ੍ਰਿਸ਼ਟੀ ਨੂੰ ਅਮਲ ਵਿੱਚ ਲਿਆਉਣ, ਇਸ ਦੀ ਖੁਦਮੁਖਤਿਆਰੀ ਦੀ ਰੱਖਿਆ ਕਰਨ ਅਤੇ ਪ੍ਰਭਾਵਸ਼ਾਲੀ ਪ੍ਰਸ਼ਾਸਨ ਨੂੰ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਵਿੱਚ ਵੱਖ-ਵੱਖ ਚੋਣ ਖੇਤਰਾਂ ਤੋਂ ਚੁਣੇ ਗਏ ਨੁਮਾਇੰਦਿਆਂ ਦੇ ਨਾਲ-ਨਾਲ ਪਦੇਨ ਅਤੇ ਨਾਮਜ਼ਦ ਮੈਂਬਰ ਵੀ ਸ਼ਾਮਲ ਹੁੰਦੇ ਹਨ।

ਸੈਨੇਟ ਚੋਣਾਂ ਹਰ ਚਾਰ ਸਾਲ ਬਾਅਦ ਕਰਵਾਈਆਂ ਜਾਂਦੀਆਂ ਹਨ, ਜਿਨ੍ਹਾਂ ਰਾਹੀਂ ਯੂਨੀਵਰਸਿਟੀ ਭਾਈਚਾਰਾ ਇਸ ਮਹੱਤਵਪੂਰਨ ਫ਼ੈਸਲਾ ਲੈਣ ਵਾਲੀ ਸੰਸਥਾ ਲਈ ਆਪਣੇ ਪ੍ਰਤੀਨਿਧ ਚੁਣਦਾ ਹੈ।

ਮੌਜੂਦਾ ਚੋਣਾਂ ਵਿੱਚ ਤਕਨੀਕੀ ਅਤੇ ਪੇਸ਼ੇਵਰ ਕਾਲਜਾਂ ਦੇ ਪ੍ਰਿੰਸੀਪਲਾਂ ਦੇ ਚੋਣ ਖੇਤਰ ਤੋਂ ਤਿੰਨ ਆਰਡੀਨਰੀ ਫੈਲੋਜ਼ ਦੀ ਚੋਣ ਕੀਤੀ ਗਈ। ਡਾ. ਸਪਨਾ ਨੰਦਾ ਦਾ ਸਰਬਸੰਮਤੀ ਨਾਲ ਚੁਣਿਆ ਜਾਣਾ ਉਨ੍ਹਾਂ ਪ੍ਰਤੀ ਵੋਟਰਾਂ ਦੇ ਵਿਸ਼ਵਾਸ ਅਤੇ ਉਨ੍ਹਾਂ ਦੀ ਅਕਾਦਮਿਕ ਅਗਵਾਈ ਦਾ ਪ੍ਰਤੀਕ ਹੈ। ਆਪਣੀ ਜਿੱਤ 'ਤੇ ਡਾ. ਸਪਨਾ ਨੰਦਾ ਨੇ ਸਮੂਹ ਵੋਟਰਾਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਅਕਾਦਮਿਕ ਉੱਤਮਤਾ ਨੂੰ ਹੋਰ ਮਜ਼ਬੂਤ ਕਰਨ, ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ, ਅਧਿਆਪਕਾਂ, ਵਿਦਿਆਰਥੀਆਂ ਅਤੇ



ਕਰਮਚਾਰੀਆਂ ਦੇ ਹਿੱਤਾਂ ਦੀ ਰੱਖਿਆ ਕਰਨ ਅਤੇ ਪੰਜਾਬ ਯੂਨੀਵਰਸਿਟੀ ਦੇ ਸਮੁੱਚੇ ਵਿਕਾਸ ਲਈ ਪੂਰੀ ਨਿਸ਼ਠਾ ਅਤੇ ਸਮਰਪਣ ਨਾਲ ਕੰਮ ਕਰਨਗੇ।

ਡਾ. ਨੰਦਾ ਨੇ ਕਿਹਾ ਕਿ ਉਹ ਪੰਜਾਬ ਯੂਨੀਵਰਸਿਟੀ ਦੀ ਸ਼ਾਨਦਾਰ ਵਿਰਾਸਤ ਨੂੰ ਅੱਗੇ ਵਧਾਉਂਦੇ ਹੋਏ ਤਕਨੀਕੀ ਅਤੇ ਪੇਸ਼ੇਵਰ ਕਾਲਜਾਂ ਦੀ ਆਵਾਜ਼ ਨੂੰ ਯੂਨੀਵਰਸਿਟੀ ਦੀ ਫ਼ੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਹੋਰ ਮਜ਼ਬੂਤੀ ਨਾਲ ਉਠਾਉਣਗੇ ਅਤੇ ਉੱਚ ਸਿੱਖਿਆ ਦੇ ਵਿਕਾਸ ਲਈ ਸਾਰਿਆਂ ਨੂੰ ਨਾਲ ਲੈ ਕੇ ਕੰਮ ਕਰਨਗੇ। ਡਾ. ਸਪਨਾ ਨੰਦਾ ਦੇ ਇਸ ਚੋਣ ਨਤੀਜੇ ਦਾ ਸਿੱਖਿਆ ਜਗਤ, ਸਹਿਕਰਮੀਆਂ, ਸਾਬਕਾ ਵਿਦਿਆਰਥੀਆਂ, ਵਿਦਿਆਰਥੀਆਂ ਅਤੇ ਸ਼ੁਭਚਿੰਤਕਾਂ ਵੱਲੋਂ ਸਵਾਗਤ ਕੀਤਾ ਗਿਆ ਹੈ। ਸਭ ਨੇ ਵਿਸ਼ਵਾਸ ਪ੍ਰਗਟਾਇਆ ਹੈ ਕਿ ਉਹ ਆਪਣੇ ਕਾਰਜਕਾਲ ਦੌਰਾਨ ਪੰਜਾਬ ਯੂਨੀਵਰਸਿਟੀ ਦੇ ਸੁਚਾਰੂ ਪ੍ਰਸ਼ਾਸਨ, ਅਕਾਦਮਿਕ ਉੱਨਤੀ ਅਤੇ ਸਮੁੱਚੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੇ।

ਭਾਜਪਾ ਵੱਲੋਂ ਇਨਸਾਫ਼ ਲਈ ਮੁਹਾਲੀ ਅਤੇ ਖਰੜ ਵਿੱਚ ਰੋਸ ਪ੍ਰਦਰਸ਼ਨ

ਐਸ ਏ ਐਸ ਨਗਰ, 9 ਸਤੰਬਰ
(ਪੈ.ਗਾਮ-ਏ-ਜਗਤ)



ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਸਰਕਾਰ ਵਲੋਂ ਸਰਕਾਰ ਦੀਆਂ ਕਾਰਵਾਈਆਂ ਦੇ ਖਿਲਾਫ ਆਵਾਜ ਚੁੱਕਣ ਵਾਲਿਆਂ ਤੇ ਕੀਤੇ ਜਾਂਦੇ ਕਥਿਤ ਤਸ਼ਦੱਦ ਦੇ ਖਿਲਾਫ ਤਿੰਨ ਪੰਜ ਦੀਆਂ ਲਾਈਟਾਂ ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਭਾਜਪਾ ਦੇ ਜਿਲ੍ਹਾ ਪ੍ਰਧਾਨ ਸ੍ਰੀ ਸੰਜੀਵ ਵਸ਼ਿਸ਼ਠ ਨੇ ਕਿਹਾ ਕਿ ਪੰਜਾਬ ਦੀ ਸੱਤਾ ਤੇ ਕਾਬਿਜ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਧੱਕੇਸ਼ਾਹੀਆਂ ਕਰ ਰਹੀ ਹੈ ਜਿਸਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਸੱਤਾਧਾਰੀ ਆਗੂਆਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸੱਤਾ ਸਦਾ ਲਈ ਨਹੀਂ ਹੈ ਅਤੇ ਜਨਤਾ ਉਹਨਾਂ ਨੂੰ ਗੱਦੀਉਂ ਲਾਹਣ ਲਈ ਕਾਹਲੀ ਪਈ ਹੈ।

ਉਹਨਾਂ ਕਿਹਾ ਕਿ ਪੰਜਾਬ ਪੁਲੀਸ ਵਲੋਂ ਨਸ਼ਿਆਂ ਦੀ ਉਪਲਬਤਾ ਦੇ ਖਿਲਾਫ ਆਵਾਜ ਚੁੱਕਣ ਵਾਲਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਉਹਨਾਂ ਦੇ ਖਿਲਾਫ ਅੰਨਾ ਤਸ਼ਦੱਦ ਕੀਤਾ ਜਾ ਰਿਹਾ ਹੈ। ਸਰਕਾਰ ਦੀ ਕਾਰਗੁਜਾਰੀ ਦੇ ਖਿਲਾਫ ਆਵਾਜ ਚੁੱਕਣ ਵਾਲਿਆਂ ਤੇ ਮਾਮਲੇ ਦਰਜ ਕਰਕੇ ਸੂਬੇ ਵਿੱਚ ਦਹਿਸ਼ਤ ਦਾ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ ਜਿਸਦਾ ਭਾਜਪਾ ਵਿਰੋਧ ਕਰਦੀ ਹੈ। ਇਸ ਦੌਰਾਨ ਭਾਜਪਾ ਵਲੋਂ ਖਰੜ ਬੱਸ ਸਟੈਂਡ ਵਿਖੇ ਗੁਲਜ਼ਾਰ ਸਿੰਘ ਅਤੇ ਮੋਹਨਜੀਤ ਸਿੰਘ ਨਾਲ ਕਥਿਤ ਤੌਰ ਤੇ ਹੋਏ ਅਨਿਆਂ ਅਤੇ ਤਸ਼ੱਦਦ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪੰਜਾਬ ਭਾਜਪਾ ਦੇ ਮੀਤ ਪ੍ਰਧਾਨ ਸ੍. ਰਣਜੀਤ ਸਿੰਘ ਗਿਲ, ਪੰਜਾਬ ਦੇ ਸਹਿ ਖਜਾਂਚੀ ਸੁਖਵਿੰਦਰ ਸਿੰਘ ਗੋਲਡੀ, ਤਿੰਨੇ ਸਰਕਲ ਪ੍ਰਧਾਨ ਰਜਿੰਦਰ ਸ਼ਰਮਾ, ਕੁਸ਼ ਰਾਣਾ ਅਤੇ ਰਕੇਸ਼ ਗੁਪਤਾ, ਜਨਰਲ ਸਕੱਤਰ ਜਗਦੀਸ਼ ਸਿੰਘ ਔਜਲਾ, ਪ੍ਰੀਤੀ ਰਾਣਾ, ਨਰਿੰਦਰ ਰਾਣਾ, ਪਵਨ ਮਨੋਚਾ ਸਮੇਤ ਹੋਰ ਸੀਨੀਅਰ ਆਗੂ ਅਤੇ ਵਰਕਰ ਹਾਜ਼ਰ ਰਹੇ। ਇਸ ਮੌਕੇ ਭਾਜਪਾ ਆਗੂਆਂ ਨੇ ਮੰਗ ਕੀਤੀ ਕਿ ਗੁਲਜ਼ਾਰ ਸਿੰਘ ਅਤੇ ਮੋਹਨਜੀਤ ਸਿੰਘ ਨਾਲ ਹੋਈ ਕਥਿਤ ਧੱਕੇਸ਼ਾਹੀ ਅਤੇ ਤਸ਼ੱਦਦ ਦੀ ਨਿਰਪੱਖ ਤੇ ਸੁਤੰਤਰ ਜਾਂਚ ਕਰਵਾਈ ਜਾਵੇ। ਆਗੂਆਂ ਨੇ ਕਿਹਾ ਕਿ ਜੇਕਰ ਜਾਂਚ ਵਿੱਚ ਸਰਕਾਰ ਜਾਂ ਕਿਸੇ ਜ਼ਿੰਮੇਵਾਰ ਵਿਅਕਤੀ ਦੀ ਭੂਮਿਕਾ ਸਾਹਮਣੇ ਆਉਂਦੀ ਹੈ ਤਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੂੰ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਸਤੀਫ਼ਾ ਦੇਣਾ ਚਾਹੀਦਾ ਹੈ। ਨਾਲ ਹੀ, ਕੈਬਨਿਟ ਮੰਤਰੀ ਹਰਪਾਲ ਚੀਮਾ ਵਿਰੁੱਧ ਮਾਮਲਾ ਦਰਜ ਕਰਕੇ ਕਾਨੂੰਨ ਅਨੁਸਾਰ ਗ੍ਰਿਫ਼ਤਾਰੀ ਦੀ ਮੰਗ ਕੀਤੀ ਗਈ। ਉਹਨਾਂ ਕਿਹਾ ਕਿ ਭਾਜਪਾ ਹਰ ਨਾਗਰਿਕ ਦੇ ਹੱਕ, ਇਨਸਾਫ਼ ਅਤੇ ਲੋਕਤੰਤਰਿਕ ਅਧਿਕਾਰਾਂ ਦੀ ਰੱਖਿਆ ਲਈ ਆਪਣੀ ਆਵਾਜ਼ ਬੁਲੰਦ ਕਰਦੀ ਰਹੇਗੀ।



ਕਿਸਾਨ ਮੋਰਚੇ ਵਿੱਚ ਸੇਵਾ ਕਰਨ ਵਾਲਿਆ ਦਾ ਕੀਤਾ ਸਨਮਾਨ

ਐਸ ਏ ਐਸ ਨਗਰ, 9 ਸਤੰਬਰ
(ਪੈ.ਗਾਮ-ਏ-ਜਗਤ)

ਕਿਸਾਨ ਯੂਨੀਅਨ ਰਾਜੇਵਾਲ ਬਲਾਕ ਮੁਹਾਲੀ ਵੱਲੋਂ ਪੁਆਧ ਇਲਾਕੇ ਦੇ ਸੇਵਾਦਾਰਾਂ ਦਾ ਸਨਮਾਨ ਕੀਤਾ ਗਿਆ। ਇਸ ਸੰਬੰਧੀ ਯੂਨੀਅਨ ਦੇ ਬਲਾਕ ਪ੍ਰਧਾਨ ਜਸਵਿੰਦਰ ਸਿੰਘ ਕੰਡਾਲਾ ਦੀ ਅਗਵਾਈ ਹੇਠ ਪਿੰਡ ਕੰਡਾਲਾ ਵਿਖੇ ਕਿਸਾਨ ਯੂਨੀਅਨ ਰਾਜੇਵਾਲ ਦੀ ਮੀਟਿੰਗ ਹੋਈ ਜਿਸ ਵਿੱਚ ਸੂਬਾ ਸਕੱਤਰ ਪਰਮਦੀਪ ਸਿੰਘ ਬੈਦਵਾਨ, ਜਿਲਾ ਪ੍ਰਧਾਨ ਕਿਰਪਾਲ ਸਿੰਘ ਸਿਆਊ, ਖਜਾਂਚੀ ਗੁਰਵਿੰਦਰ ਸਿੰਘ ਸਿਆਊ, ਲਖਵਿੰਦਰ ਸਿੰਘ ਜਨਰਲ ਸਕੱਤਰ ਮੁਹਾਲੀ, ਹਰਦੀਪ ਸਿੰਘ ਯੂਥ ਪ੍ਰਧਾਨ ਡੇਰਾਬਸੀ ਬਲਾਕ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

ਇਸ ਮੌਕੇ ਆਗੂਆਂ ਨੇ ਦਸਿਆ ਕਿ 1 ਸਤੰਬਰ ਤੋਂ 7 ਸਤੰਬਰ ਤੱਕ ਚਲੇ ਐਸ ਕੇ ਐਮ ਦੇ ਕਿਸਾਨੀ ਧਰਨੇ ਦੌਰਾਨ ਬਹੁਤੀ ਸੇਵਾ ਪੁਆਧ ਦੇ ਲੋਕਾਂ ਦੀ ਰਹੀ। ਉਹਨਾਂ ਕਿਹਾ ਕਿ ਯੂਨੀਅਨ ਵਲੋਂ ਉਨ੍ਹਾਂ ਲੋਕਾ ਦਾ ਸਨਮਾਨ ਕੀਤਾ ਗਿਆ ਹੈ ਜਿਹਨਾਂ ਵਿੱਚ ਪਿੰਡ ਕੰਡਾਲਾ, ਪਿੰਡ ਕੰਬਾਲੀ, ਪਿੰਡ ਅਲੀਪੁਰ, ਜਗਤਪੁਰਾ, ਝਿਉਰਹੇੜੀ, ਚਿੱਲਾ, ਸਿਆਉ, ਬੈਰੂਪੁਰ ਤੇ ਮੁਹਾਲੀ ਦੇ ਸੇਵਾਦਾਰਾਂ ਦਾ ਸਨਮਾਨ ਕੀਤਾ ਗਿਆ ਹੈ ਜਿਨ੍ਹਾਂ ਨੇ ਲੰਗਰਾਂ ਵਿੱਚ ਪਾਣੀ, ਦੁੱਧ, ਸਬਜ਼ੀ, ਸੁੱਕਾ ਸੌਦਾ, ਮੈਡੀਕਲ ਦੀ ਫ੍ਰੀ ਸੇਵਾ ਕੀਤੀ। ਮੀਟਿੰਗ ਵਿੱਚ ਗੁਰਜੀਤ ਸਿੰਘ, ਹਰਜੀਤ ਸਿੰਘ ਸਿਆਊ, ਅਮਰਿੰਦਰ ਸਿੰਘ, ਜਸਨਪ੍ਰੀਤ ਸਿੰਘ, ਸੁੱਚਾ ਸਿੰਘ, ਕਾਲਾ ਕੰਡਾਲਾ, ਭਿੰਦਾ, ਗੁਰਮੀਤ ਸਿੰਘ, ਬਲਬੀਰ ਸਿੰਘ, ਗੁਰਦੀਪ ਸਿੰਘ, ਮਨਦੀਪ ਡਾਕਟਰ ਤੇ ਹੋਰ ਹਾਜ਼ਰ ਸਨ।

ਗੁੱਗਾ ਮਾੜੀ ਮੇਲਾ ਮਟੌਰ ਤੇ ਕੁਸ਼ਤੀ ਦੰਗਲ ਵਿੱਚ ਕਾਲੀ ਚਰਨ ਮਾਹਾਰਾਸ਼ਟਰ ਨੇ ਕਾਲੂ ਬਾਹੜੋਵਾਲ ਨੂੰ ਹਰਾ ਕੇ ਡੇਢ ਲੱਖ ਦਾ ਇਨਾਮ ਜਿੱਤਿਆ

ਐਸ ਏ ਐਸ ਨਗਰ, 9 ਸਤੰਬਰ
(ਪੈ.ਗਾਮ-ਏ-ਜਗਤ)



ਕੁਸ਼ਤੀ ਦੰਗਲ ਕਮੇਟੀ ਗੁੱਗਾ ਮਾੜੀ ਮੇਲੇ ਮਟੌਰ ਵਲੋਂ ਕਰਵਾਏ ਗਏ ਕੁਸ਼ਤੀ ਦੰਗਲ ਵਿੱਚ ਪਹਿਲਾਵਨਾਂ ਦੇ ਤਕੜੇ ਮੁਕਾਬਲੇ ਹੋਏ। ਇਸ ਮੌਕੇ ਕਾਲੀ ਚਰਨ ਮਾਹਾਰਾਸ਼ਟਰ ਨੇ ਕਾਲੂ ਬਾਹੜੋਵਾਲ ਨੂੰ ਹਰਾ ਕੇ ਡੇਢ ਲੱਖ ਦਾ ਇਨਾਮ ਜਿੱਤਿਆ ਜਦੋਂਕਿ ਹਰੀ ਚੰਡੀਗੜ੍ਹ ਨੇ ਘੋੜਾ ਬਾਬਾ ਫਲਾਹੀ ਨੂੰ ਹਰਾ ਕੇ ਅਤੇ ਨੰਨੂੰ ਚੰਡੀਗੜ੍ਹ ਨੇ ਸਚਿਨ ਰਾਈਏਵਾਲ ਨੂੰ ਹਰਾ ਕੇ ਇੱਕ ਲੱਖ ਦਾ ਇਨਾਮ ਜਿੱਤਿਆ। ਇਸੇ ਤਰ੍ਹਾਂ ਆਰਿਫ ਰਾਈਏਵਾਲ ਨੇ ਸਾਹਿਲ ਚੰਡੀਗੜ੍ਹ ਨੂੰ, ਦੀਪਾ ਮੁੱਲਾਂ ਨੇ ਅਭੀ ਰਾਈਏਵਾਲ ਨੂੰ, ਹਰਸ਼ ਨੇ ਯੂਵੀ ਚਮਕੌਰ ਸਾਹਿਬ ਨੂੰ ਅਤੇ ਮੂਨਾਂ ਰਾਈਏਵਾਲ ਨੇ ਆਸ਼ੀਸ਼ ਚੰਡੀਗੜ੍ਹ ਨੂੰ ਹਰਾ ਕੇ ਇਕੱਤਰ- ਇਕੱਤਰ ਹਜਾਰ ਦੇ ਇਨਾਮ ਜਿੱਤੇ। ਇਹਨਾਂ ਤੋਂ ਇਲਾਵਾ ਪੰਜਾਬ ਹਰਿਆਣਾ ਹਿਮਾਚਲ ਦੇ ਵੱਖ-ਵੱਖ ਅਖਾੜਿਆਂ ਦੇ ਪਹਿਲਵਾਨਾਂ ਨੇ ਹਿੱਸਾ ਲੈ ਕੇ ਵੱਖ-ਵੱਖ ਇਨਾਮ ਜਿੱਤੇ।

ਕੁਸ਼ਤੀ ਦੰਗਲ ਦੌਰਾਨ ਬੇਅੰਤ ਸਿੰਘ ਭਗਤ ਗੁੱਗਾ ਮਾੜੀ, ਨਗਰ ਨਿਗਮ ਦੇ ਡਿਪਟੀ ਮੇਅਰ ਹਰਪਾਲ ਸਿੰਘ ਚੰਨਾ ਡਿਪਟੀ ਮੇਅਰ, ਟਰੇਡਰਜ ਕਮਿਸ਼ਨ ਜਿਲ੍ਹਾ ਮੁਹਾਲੀ ਦੇ ਵਾਈਸ ਚੇਅਰਮੈਨ ਤਰਲੋਚਨ ਸਿੰਘ ਬੈਦਵਾਣ, ਮਨਦੀਪ ਸਿੰਘ ਪ੍ਰਧਾਨ ਐਸ ਸੀ ਵਿੰਗ ਮੁਹਾਲੀ, ਦਰਸ਼ਨ ਸਿੰਘ, ਰਣਦੀਪ ਸਿੰਘ ਬੈਦਵਾਨ, ਮੇਵਾ ਸਿੰਘ, ਸਤਿੰਦਰ ਪਾਲ ਸਿੰਘ ਟਿਵਾਣਾ, ਕੁਲਵਿੰਦਰ ਸਿੰਘ ਬੈਦਵਾਣ,ਜੁਝਾਰ ਸਿੰਘ ਵਿੱਕੀ, ਜਗਦੀਪ ਸਿੰਘ ਬੈਦਵਾਣ, ਮਲਕੀਤ ਸਿੰਘ ਬੈਦਵਾਣ, ਸੁਰਿੰਦਰ ਪਾਲ ਸਿੰਘ ਬੱਬੂ ਲੰਬੜਦਾਰ, ਕਰਨ ਸਿੰਘ ਲੰਬੜਦਾਰ, ਨਰਿੰਦਰ ਵੱਤਸ, ਜਗਤਾਰ ਸਿੰਘ, ਸੋਨੂੰ ਸੂਦ, ਮਨਜੀਤ ਖਾਨ, ਸੁਦਾਗਰ ਖਾਨ, ਸਿਤਾਰ ਖਾਨ ਵਲੋਂ ਪਿੰਡ ਵਾਸੀਆਂ ਨੇ ਆਏ ਮਹਿਮਾਨਾਂ ਦਾ ਸਵਾਗਤ ਤੇ ਸਨਮਾਨ ਕੀਤਾ ਗਿਆ।

ਇਸ ਮੌਕੇ ਸ਼ਾਮਿਲ ਹੋਏ ਵਿਸ਼ੇਸ਼ ਮਹਿਮਾਨਾਂ ਵਿੱਚ ਮੇਅਰ ਸਰਬਜੀਤ ਸਿੰਘ ਸਮਾਣਾ, ਸੀਨੀਅਰ ਡਿਪਟੀ ਮੇਅਰ ਰਜਿੰਦਰ ਪ੍ਰਸਾਦ, ਜਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਪ੍ਰਭਜੋਤ ਕੌਰ, ਮਿਊਂਸਪਲ ਕੌਂਸਲਰ ਹਰਜੀਤ ਸਿੰਘ ਭੋਲੂ, ਬਿੰਦਰਾ ਬੈਦਵਾਨ, ਗੁਰਮੁੱਖ ਸਿੰਘ ਸੋਹਲ, ਪਰਮਜੀਤ ਸਿੰਘ ਕਾਹਲੋਂ, ਹਰਪਾਲ ਸਿੰਘ ਬਰਾੜ, ਸੁਖਵੀਰ ਸਿੰਘ ਗਿੱਲ ਅਤੇ ਅਮਰਜੀਤ ਸਿੰਘ, ਆਪ ਦੇ ਚੰਡੀਗੜ੍ਹ ਦੇ ਆਬਜ਼ਰਵਰ ਵਨੀਤ ਵਰਮਾ, ਮਾਰਕੀਟ ਕਮੇਟੀ ਦੇ ਚੇਅਰਮੈਨ ਗੋਵਿੰਦਰ ਮਿੱਤਲ, ਅਵਤਾਰ ਸਿੰਘ ਸਰਪੰਚ ਮੌਲੀ, ਗੱਬਰ ਮੌਲੀ, ਭਿੰਦਰ ਪੰਚ ਮੌਲੀ, ਸਤਵਿੰਦਰ ਸਿੰਘ ਮਿੱਠੂ ਐਮ ਸੀ, ਗੁਰਸੇਵਕ ਸਿੰਘ ਸਰਪੰਚ ਮੌਲੀ, ਹਰਿੰਦਰ ਸਿੰਘ ਪੰਚ ਮੌਲੀ, ਰਣਵੀਰ ਸਿੰਘ ਸਰਪੰਚ ਕੋਟਲਾ, ਅਕਵਿੰਦਰ ਸਿੰਘ ਗੋਸਲ ਚੇਅਰਮੈਨ ਜਗਤਾਰ ਸਿੰਘ ਇੰਸਪੈਕਟਰ, ਗੁਰਪ੍ਰੀਤ ਸਿੰਘ ਬਲਿਆਲੀ, ਰੂਪਾ ਸੋਹਾਣਾ, ਗੁਰਪ੍ਰੀਤ ਸਿੰਘ ਲਾਡਰਾ, ਜਸਪ੍ਰੀਤ ਸਿੰਘ ਲਾਡਰਾ, ਜਸਪਾਲ ਸਿੰਘ ਲਾਡਰਾ, ਕੁਲਬੀਰ ਸਿੰਘ ਸਰਪੰਚ ਮਨੌਲੀ, ਸੁੱਖਾ ਪੰਚ ਮਨੌਲੀ, ਗਰਪ੍ਰੀਤ ਸਿੰਘ ਕੁਰੜਾ, ਨਵਾਬ ਸਿੰਘ ਸਿਆਊ, ਅਜੇ ਸੂਰੀ, ਗੁਰਕਿਰਪਾਲ ਸਿੰਘ ਸਿੱਧੂ, ਬਲਵਿੰਦਰ ਸਿੰਘ ਲਖਨੌਰ, ਨਿਰਮਲ ਸਿੰਘ ਸਰਪੰਚ ਮਾਣਕ ਮਾਜਰਾ, ਹਰਗੋਬਿੰਦ ਸਿੰਘ ਸਰਪੰਚ, ਵਿਸਾਲ ਸੰਧੂ, ਨਰਿੰਦਰ ਸਿੰਘ ਕੋਚ ਐਮ ਸੀ ਸ਼ਕਰੂਲ ਪੁਰ , ਗੁਰਪ੍ਰੀਤ ਸਿੰਘ ਘੜੂੰਆ, ਸੁਭਾਸ਼ ਸਰਮਾ ਸੋਹਾਣਾ, ਗੁਰਕੀਰਤ ਸਿੰਘ ਬੜਮਾਜਰਾ ਵਿਸ਼ੇਸ਼ ਤੌਰ ਤੇ ਪੁੱਜੇ। ਰੈਫਰੀ ਦੀ ਜਿੰਮੇਵਾਰੀ ਰਾਜਾ ਪਹਿਲਵਾਨ ਚੰਡੀਗੜ੍ਹ ਤੇ ਨਿੰਮਾ ਪਹਿਲਵਾਨ ਚੰਡੀਗੜ੍ਹ ਨੇ ਨਿਭਾਈ।

ਸੈਕਟਰ 67 ਵਿੱਚ ਸਥਿਤ ਜਲ ਵਾਯੂ ਵਿਹਾਰ ਅਤੇ ਡੀ.ਪੀ. ਸੋਸਾਇਟੀ ਦੇ ਸਾਹਮਣੇ ਖਰਾਬ ਹੋਏ ਸਪੀਡ ਬ੍ਰੇਕਰ ਬਦਲਣ ਦੀ ਮੰਗ

ਐਸ ਏ ਐਸ ਨਗਰ, 9 ਸਤੰਬਰ
(ਪੈ.ਗਾਮ-ਏ-ਜਗਤ)



ਸਥਾਨਕ ਸੈਕਟਰ 67 ਵਿੱਚ ਸਥਿਤ ਜਲ ਵਾਯੂ ਵਿਹਾਰ ਅਤੇ ਡੀ ਪੀ ਸੋਸਾਇਟੀ ਦੇ ਸਾਹਮਣੇ ਵਾਲੀ ਬੀ ਰੋਡ ਤੇ ਲਗਾਏ ਗਏ ਸਪੀਡ ਬ੍ਰੇਕਰਾਂ ਦੀ ਮਾੜੀ ਹਾਲਤ ਕਾਰਨ ਸਥਾਨਕ ਵਸਨੀਕਾਂ ਨੂੰ ਪਰੇਸ਼ਾਨੀ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਜਲ ਵਾਯੂ ਵਿਹਾਰ ਦੀ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਦੇ ਸਕੱਤਰ ਬੀ. ਐਸ. ਢਿੱਲੋਂ ਨੇ ਕਿਹਾ ਕਿ ਇਹ ਸਪੀਡ ਬ੍ਰੇਕਰ ਇੱਕ ਸਾਲ ਤੋਂ ਵੱਧ ਸਮੇਂ ਤੋਂ ਨੁਕਸਾਨੇ ਜਾ ਚੁੱਕੇ ਹਨ। ਉਹਨਾਂ ਕਿਹਾ ਕਿ ਸੀਪੀ67 ਅਤੇ ਹੋਰ ਨੇੜਲੇ ਵਪਾਰਕ ਅਦਾਰਿਆਂ ਨੂੰ ਜਾਣ ਵਾਲੇ ਭਾਰੀ ਅਤੇ ਬੇਤਰਤੀਬ ਵਾਹਨਾਂ ਦੀ ਆਵਾਜਾਈ ਦੇ ਨਤੀਜੇ ਵਜੋਂ ਇਹ ਸਪੀਡ ਬ੍ਰੇਕਰ ਨੁਕਸਾਨੇ ਗਏ ਹਨ।

ਉਹਨਾਂ ਕਿਹਾ ਕਿ ਜਲ ਵਾਯੂ ਵਿਹਾਰ ਅਤੇ ਡੀ ਪੀ ਸੋਸਾਇਟੀ ਦੇ ਲਗਭਗ 2,000 ਵਸਨੀਕ ਨਿਯਮਿਤ ਤੌਰ ਤੇ ਇਸ ਬੀ ਰੋਡ ਦੀ ਵਰਤੋਂ ਕਰਦੇ ਹਨ। ਇਸ ਤੋਂ ਇਲਾਵਾ ਸੀਪੀ67 ਅਤੇ ਆਲੇ ਦੁਆਲੇ ਦੇ ਵਪਾਰਕ ਖੇਤਰਾਂ ਵਿੱਚ ਆਉਣ ਵਾਲੇ ਭਾਰੀ ਅਤੇ ਹੋਰ ਵਾਹਨਾਂ ਦੀ ਆਵਾਜਾਈ ਦੀ ਵੱਡੀ ਗਿਣਤੀ ਵਿੱਚ ਹੁੰਦੀ ਹੈ।

ਉਹਨਾਂ ਕਿਹਾ ਕਿ ਸਪੀਡ ਬ੍ਰੇਕਰਾਂ ਦੀ ਮੌਜੂਦਾ ਸਥਿਤੀ ਸਥਾਨਕ ਵਸਨੀਕਾਂ, ਪੈਦਲ ਯਾਤਰੀਆਂ, ਸਕੂਲ ਜਾਣ ਵਾਲੇ ਬੱਚਿਆਂ, ਬਜ਼ੁਰਗ ਨਾਗਰਿਕਾਂ ਅਤੇ ਹੋਰ ਸੜਕ ਉਪਭੋਗਤਾਵਾਂ ਦੀ ਸੁਰੱਖਿਆ ਲਈ ਖ਼ਤਰਾ ਹੈ ਅਤੇ ਕਦੇ ਵੀ ਕਿਸੇ ਹਾਦਸੇ ਦਾ ਕਾਰਨ ਬਣ ਸਕਦੀ ਹੈ।

ਉਹਨਾਂ ਦੱਸਿਆ ਕਿ ਉਹਨਾਂ ਵਲੋਂ ਪਹਿਲਾਂ ਵੀ ਕਈ ਵਾਰ ਇਹ ਮਾਮਲਾ ਨਗਰ ਨਿਗਮ ਦੇ ਮੇਅਰ ਅਤੇ ਨਗਰ ਨਿਗਮ ਦੇ ਕਮਿਸ਼ਨਰ ਸਮੇਤ ਨਿਗਮ ਦੇ ਹੋਰਨਾਂ ਅਧਿਕਾਰੀਆਂ ਦੇ ਧਿਆਨ ਵਿੱਚ ਵੀ ਲਿਆਂਦਾ ਜਾ ਚੁੱਕਿਆ ਹੈ, ਪਰੰਤੂ ਬਦਕਿਸਮਤੀ ਨਾਲ, ਵਾਰ ਵਾਰ ਬੇਨਤੀਆਂ ਕਰਨ ਅਤੇ ਇੱਕ ਸਾਲ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ, ਖਰਾਬ ਹੋਏ ਸਪੀਡ ਬ੍ਰੇਕਰਾਂ ਦੀ ਮੁਰੰਮਤ ਕਰਨ ਜਾਂ ਇੱਥੇ ਨਵੇਂ ਸਪੀਡ ਬ੍ਰੇਕਰ ਲਗਾਉਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਉਹਨਾਂ ਮੰਗ ਕੀਤੀ ਕਿ ਇਹਨਾਂ ਸਪੀਡ ਬ੍ਰੇਕਰਾਂ ਨੂੰ ਬਿਨਾ ਕਿਸੇ ਦੇਰੀ ਤੋਂ ਬਦਲਿਆ ਜਾਵੇ ਤਾਂ ਜੋ ਇੱਥੇ ਕਿਸੇ ਵੱਡੇ ਹਾਦਸੇ ਤੋਂ ਬਚਾਓ ਹੋ ਸਕੇ।

ਕਾਂਗਰਸ ਸਰਕਾਰ ਬਣਨ ਤੇ ਮੁਲਾਜ਼ਮਾਂ ਦੇ ਡੀਏ ਸਮੇਤ ਸਾਰੇ ਬਕਾਏ ਅਦਾ ਕੀਤੇ ਜਾਣਗੇ: ਜੀਤੀ ਸਿੱਧੂ

ਐਸ ਏ ਐਸ ਨਗਰ, 9 ਸਤੰਬਰ
(ਪੈ.ਗਾਮ-ਏ-ਜਗਤ)



ਮੁਹਾਲੀ ਨਗਰ ਨਿਗਮ ਦੇ ਸਾਬਕਾ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ ਨੇ ਕਿਹਾ ਹੈ ਕਿ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ ਤੇ ਸਰਕਾਰੀ ਮੁਲਾਜ਼ਮਾਂ ਦੇ ਡੀਏ ਸਮੇਤ ਬਣਦੇ ਸਾਰੇ ਬਕਾਏ ਅਦਾ ਕਰਨ ਲਈ ਠੋਸ ਕਦਮ ਚੁੱਕੇ ਜਾਣਗੇ ਅਤੇ ਉਹਨਾਂ ਦੀਆਂ ਜਾਇਜ਼ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ।

ਇੱਥੇ ਜਾਰੀ ਬਿਆਨ ਵਿੱਚ ਜੀਤੀ ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ ਇਸ ਸਮੇਂ ਮੁਲਾਜ਼ਮ ਵਰਗ ਡੀਏ ਦੀਆਂ ਲੰਬਿਤ ਕਿਸ਼ਤਾਂ ਅਤੇ ਬਕਾਏ ਸਮੇਤ ਕਈ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਿਹਾ ਹੈ। ਹਾਲ ਹੀ ਵਿੱਚ ਮੁਲਾਜ਼ਮ ਜਥੇਬੰਦੀਆਂ ਵੱਲੋਂ ਸਮੂਹਿਕ ਛੁੱਟੀ ਅਤੇ ਪੈਨ-ਡਾਊਨ ਹੜਤਾਲ ਵਰਗੇ ਕਦਮ ਚੁੱਕੇ ਗਏ ਹਨ। ਉਹਨਾਂ ਕਿਹਾ ਕਿ ਸਰਕਾਰੀ ਮੁਲਾਜ਼ਮ ਕਿਸੇ ਵੀ ਸਰਕਾਰ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਸਰਕਾਰੀ ਵਿਭਾਗਾਂ ਦਾ ਕੰਮਕਾਜ ਉਨ੍ਹਾਂ ਦੀ ਮਿਹਨਤ ਨਾਲ ਹੀ ਸੁਚਾਰੂ ਢੰਗ ਨਾਲ ਚੱਲਦਾ ਹੈ। ਅਜਿਹੇ ਵਿੱਚ ਜੇਕਰ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਹੱਕਾਂ ਅਤੇ ਵਿੱਤੀ ਲਾਭਾਂ ਲਈ ਲੰਬੇ ਸਮੇਂ ਤੱਕ ਸੰਘਰਸ਼ ਕਰਨਾ ਪਵੇ ਤਾਂ ਇਹ ਸਰਕਾਰ ਦੀ ਕਾਰਗੁਜ਼ਾਰੀ ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਉਹਨਾਂ ਕਿਹਾ ਕਿ ਮਹਿੰਗਾਈ ਲਗਾਤਾਰ ਵਧ ਰਹੀ ਹੈ ਅਤੇ ਆਮ ਪਰਿਵਾਰ ਲਈ ਘਰੇਲੂ ਖਰਚੇ ਚਲਾਉਣੇ ਮੁਸ਼ਕਲ ਹੋ ਰਹੇ ਹਨ। ਇਸ ਲਈ ਸਰਕਾਰ ਨੂੰ ਡੀਏ ਦੀਆਂ ਲੰਬਿਤ ਕਿਸ਼ਤਾਂ ਅਤੇ ਬਕਾਏ ਨੂੰ ਹੋਰ ਲਟਕਾਉਣ ਦੀ ਬਜਾਏ ਸਮੇਂ ਸਿਰ ਜਾਰੀ ਕਰਨਾ ਚਾਹੀਦਾ ਹੈ।

ਜੀਤੀ ਸਿੱਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਨੇ ਸਾਰੇ ਵਰਗਾਂ ਨੂੰ ਨਿਰਾਸ਼ ਕੀਤਾ ਹੈ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਮੁਲਾਜ਼ਮਾਂ ਦੇ ਹੱਕਾਂ ਨਾਲ ਖੜ੍ਹੀ ਹੈ ਅਤੇ ਸੱਤਾ ਵਿੱਚ ਆਉਣ ਤੋਂ ਬਾਅਦ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਸਿਰਫ਼ ਚੋਣ ਵਾਅਦੇ ਵਜੋਂ ਨਹੀਂ, ਬਲਕਿ ਨੀਤੀਬੱਧ ਢੰਗ ਨਾਲ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰੀ ਕਰਮਚਾਰੀਆਂ ਨੂੰ ਉਨ੍ਹਾਂ ਦੇ ਹੱਕਾਂ ਲਈ ਸੜਕਾਂ ਤੇ ਉਤਰਨ ਦੀ ਲੋੜ ਨਾ ਪਵੇ, ਇਸ ਲਈ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਮੁਲਾਜ਼ਮਾਂ ਨਾਲ ਨਿਰੰਤਰ ਸੰਵਾਦ ਬਣਾਈ ਰੱਖੇ।

ਪੰਜਾਬ ਸਿਵਲ ਸਰਵਿਸਿਜ਼ ਰਿਟਾਇਰਡ ਅਫ਼ਸਰਜ਼ ਐਸੋਸੀਏਸ਼ਨ ਦੀ ਐਗਜ਼ੈਕਟਿਵ ਕਮੇਟੀ ਮੈਂਬਰਾਂ ਨੇ ਮੌਤ ਤੋਂ ਬਾਅਦ ਆਪਣੇ ਅੰਗ ਦਾਨ ਕਰਨ ਦਾ ਪ੍ਰਣ ਲਿਆ

ਚੰਡੀਗੜ੍ਹ, 9 ਸਤੰਬਰ
( )

ਪੰਜਾਬ ਸਿਵਲ ਸਰਵਿਸਿਜ਼ (ਰਿਟਾਇਰਡ) ਅਫ਼ਸਰਜ਼ ਐਸੋਸੀਏਸ਼ਨ ਦੀ ਐਗਜ਼ੈਕਟਿਵ ਕਮੇਟੀ (ਈ.ਸੀ.) ਮੈਂਬਰਾਂ ਨੇ ਮੌਤ ਤੋਂ ਬਾਅਦ ਆਪਣੇ ਅੰਗ ਦਾਨ ਕਰਨ ਦਾ ਪ੍ਰਣ ਲਿਆ ਹੈ ਇਸ ਸੰਬੰਧੀ ਫੈਸਲਾ ਕਮੇਟੀ ਦੀ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਦੌਰਾਨ ਲਿਆ ਗਿਆ ਜਿਸ ਵਿੱਚ ਮੈਂਬਰਾਂ ਦੀ ਭਲਾਈ ਅਤੇ ਸਮਾਜਿਕ ਰੋਲ ਨਾਲ ਸਬੰਧਤ ਵੱਖ-ਵੱਖ ਮਹੱਤਵਪੂਰਨ ਮੁੱਦਿਆਂ ਤੇ ਚਰਚਾ ਕੀਤੀ ਗਈ।

ਐਸੋਸੀਏਸ਼ਨ ਦੇ ਪ੍ਰਧਾਨ ਡਾ. ਬਲਬੀਰ ਸਿੰਘ ਢੋਲ ਨੇ ਦੱਸਿਆ ਕਿ ਕਮੇਟੀ ਨੇ ਐਸੋਸੀਏਸ਼ਨ ਦੇ ਫੰਡਾਂ ਦੀ ਉਗਰਾਹੀ ਅਤੇ ਵਰਤੋਂ, ਜੀਵਨ ਪ੍ਰਮਾਣ ਪੱਤਰ ਜਮ੍ਹਾਂ ਕਰਵਾਉਣ ਦੀ ਸੁਵਿਧਾ ਅਤੇ ਮੈਂਬਰਾਂ ਦੇ ਮੈਡੀਕਲ ਚੈਕਅੱਪ ਦੇ ਪ੍ਰਬੰਧਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਮੈਂਬਰਾਂ ਦੇ ਸਤਿਕਾਰ ਅਤੇ ਪਛਾਣ ਵਜੋਂ ਉਨ੍ਹਾਂ ਦੇ ਜਨਮ ਦਿਨ ਮਨਾਉਣ ਅਤੇ 75 ਅਤੇ 80 ਸਾਲ ਦੀ ਉਮਰ ਪੂਰੀ ਕਰਨ ਤੇ ਵਿਸ਼ੇਸ਼ ਸਨਮਾਨ ਕਰਨ ਦਾ ਵੀ ਫੈਸਲਾ ਕੀਤਾ ਗਿਆ। ਉਹਨਾਂ ਦੱਸਿਆ ਕਿ ਕਮੇਟੀ ਨੇ ਮੈਂਬਰਾਂ ਦਰਮਿਆਨ ਆਪਸੀ ਸਾਂਝ ਅਤੇ ਤਾਲਮੇਲ ਨੂੰ ਵਧਾਉਣ ਲਈ ਮਹੀਨਾਵਾਰ ਮੀਟਿੰਗਾਂ ਦੇ ਆਯੋਜਨ ਤੇ ਵੀ ਚਰਚਾ ਕੀਤੀ। ਸਮਾਜਸੇਵੀ ਗਤੀਵਿਧੀਆਂ ਕਰਨ ਅਤੇ ਸਮਾਜ ਦੇ ਲੋੜਵੰਦ ਤੇ ਗਰੀਬ ਵਿਅਕਤੀਆਂ ਨੂੰ ਸਹਾਇਤਾ ਦੇਣ ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਉਹਨਾਂ ਦੱਸਿਆ ਕਿ ਇੱਕ ਮਹੱਤਵਪੂਰਨ ਫੈਸਲੇ ਵਿੱਚ, ਐਗਜ਼ੈਕਟਿਵ ਕਮੇਟੀ ਦੇ ਮੈਂਬਰਾਂ ਨੇ ਮੌਤ ਤੋਂ ਬਾਅਦ ਆਪਣੇ ਸਰੀਰ ਦੇ ਅੰਗਦਾਨ ਕਰਨ ਦਾ ਪ੍ਰਣ ਲਿਆ ਅਤੇ ਐਸੋਸੀਏਸ਼ਨ ਦੇ ਹੋਰ ਮੈਂਬਰਾਂ ਨੂੰ ਵੀ ਅਜਿਹਾ ਪ੍ਰਣ ਲੈਣ ਲਈ ਪ੍ਰੇਰਿਤ ਕਰਨ ਦਾ ਮਤਾ ਪਾਸ ਕੀਤਾ। ਇਸ ਪਹਿਲਕਦਮੀ ਦਾ ਮਕਸਦ ਲੋੜਵੰਦਾਂ ਦੀਆਂ ਜ਼ਿੰਦਗੀਆਂ ਬਚਾਉਣ ਤੇ ਸੁਧਾਰਨ ਵਿੱਚ ਯੋਗਦਾਨ ਪਾਉਣਾ ਹੈ, ਤਾਂ ਜੋ ਦਾਨੀ ਦੀ ਮੌਤ ਤੋਂ ਬਾਅਦ ਵੀ ਜ਼ਿੰਦਗੀ ਦਾ ਤੋਹਫ਼ਾ ਜਾਰੀ ਰਹੇ।

ਸੈਕਟਰ-70 'ਚੋਂ ਅਣਪਛਾਤੀ ਲਾਸ਼ ਬਰਾਮਦ

ਐਸ ਏ ਐਸ ਨਗਰ, 9 ਸਤੰਬਰ
(ਪੈਗ਼ਾਮ-ਏ-ਜਗਤ)

ਮੁਹਾਲੀ ਪੁਲੀਸ ਨੇ ਸੈਕਟਰ 70 ਵਿੱਚ ਅਣਪਛਾਤੀ ਲਾਸ਼ ਬਰਾਮਦ ਕੀਤੀ ਹੈ। ਇਸ ਸੰਬੰਧੀ ਇੱਕ ਰਾਹਗੀਰ ਵੱਲੋਂ ਸੂਚਨਾ ਦਿੱਤੀ ਗਈ ਸੀ ਕਿ ਇੱਕ ਅਣਪਛਾਤੀ ਲਾਸ਼ ਸ਼ਰਾਬ ਦੇ ਠੇਕੇ ਦੇ ਕੋਲ ਪਈ ਹੈ, ਜਿਸਤੇ ਪੁਲੀਸ ਨੇ ਮੌਕੇ ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ। ਪੁਲੀਸ ਅਨੁਸਾਰ ਲਾਸ਼ ਦੀ ਹੁਣ ਤੱਕ ਪਹਿਚਾਣ ਨਹੀਂ ਹੋ ਸਕੀ। ਉਸ ਨੇ ਬਰਾਊਨ ਰੰਗ ਦੀ ਟੀ ਸ਼ਰਟ ਪਾਈ ਹੋਈ ਸੀ ਅਤੇ ਕਾਪੀ ਕਲਰ ਦਾ ਲੋਅਰ ਪਾਇਆ ਹੋਇਆ ਹੈ ਜਿਸ ਦੀ ਉਮਰ ਦੇਖਣ ਤੇ 50 ਕੁ ਸਾਲ ਦੇ ਕਰੀਬ ਲੱਗ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਏ ਐਸ ਆਈ ਕੇਵਲ ਸਿੰਘ ਨੇ ਦੱਸਿਆ ਕਿ ਪੁਲੀਸ ਵਲੋਂ ਲਾਸ਼ ਨੂੰ ਮੁਹਾਲੀ ਦੇ ਸਰਕਾਰੀ ਹਸਪਤਾਲ ਵਿੱਚ ਰਖਵਾ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਜੇਕਰ ਉਸਦੀ ਪਹਿਚਾਣ ਨਾ ਹੋਈ ਤਾਂ ਪੁਲੀਸ ਵਲੋਂ 72 ਘੰਟੇ ਤੋਂ ਬਾਅਦ ਉਸਦਾ ਅੰਤਿਮ ਸੰਸਕਾਰ ਕਰ ਦਿੱਤਾ ਜਾਵੇਗਾ।

ਪੰਜਾਬ ਮਹਿਲਾ ਕਮਿਸ਼ਨ ਵੱਲੋਂ ਮੌੜ ਵਿਖੇ 'ਸ਼ੀ ਰਨਜ਼-2026' ਮੈਰਾਥਨ ਕਰਵਾਈ ਗਈ

- **ਔਰਤਾਂ ਅੱਜ ਦੇ ਸਮਾਜ ਵਿੱਚ ਕਿਸੇ ਪੱਖੋਂ ਵੀ ਘੱਟ ਨਹੀਂ : ਚੇਅਰਪਰਸਨ ਰਾਜ ਲਾਲੀ ਗਿੱਲ**
- **ਮਹਿਲਾਵਾਂ ਨੇ ਵੱਡੀ ਗਿਣਤੀ 'ਚ ਮੈਰਾਥਨ ਵਿੱਚ ਲਿਆ ਹਿੱਸਾ**

ਪੈ.ਗਾਮ-ਏ-ਜਗਤ, ਮੌੜ ਮੰਡੀ
9 ਸਤੰਬਰ (ਚਮਕੌਰ ਸਿੰਘ ਕੈਰਵੇ)



ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਮੈਡਮ ਰਾਜ ਲਾਲੀ ਗਿੱਲ ਨੇ ਅੱਜ ਮੌੜ ਵਿਖੇ ਸੂਬੇ ਵਿੱਚ ਆਪਣੀ ਕਿਸਮ ਦੀ ਪਹਿਲੀ ਵਿਸ਼ੇਸ਼ ਤੌਰ 'ਤੇ ਮਹਿਲਾਵਾਂ ਲਈ ਕਰਵਾਈ ਗਈ ਸ਼ੀ ਰਨਜ਼-2026 ਮੈਰਾਥਨ ਵਿੱਚ ਹਿੱਸਾ ਲਿਆ ਅਤੇ ਕਿਹਾ ਕਿ ਅੱਜ ਦੇ ਸਮਾਜ ਵਿੱਚ ਔਰਤਾਂ ਵੀ ਕਿਸੇ ਗੱਲੋਂ ਘੱਟ ਨਹੀਂ ਹਨ। ਪੰਜਾਬ ਦੀਆਂ ਔਰਤਾਂ ਨੇ ਅੱਜ ਪੂਰੇ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਮੱਲਾਂ ਮਾਰਦਿਆਂ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ।

ਚੇਅਰਪਰਸਨ ਮੈਡਮ ਰਾਜ ਲਾਲੀ ਗਿੱਲ ਨੇ ਇਸ ਮੌਕੇ ਕਿਹਾ ਕਿ ਇਹ ਮੈਰਾਥਨ ਸੂਬੇ ਵਿੱਚ ਆਪਣੀ ਕਿਸਮ ਦੀ ਪਹਿਲੀ ਮੈਰਾਥਨ ਹੈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਮਹਿਲਾਵਾਂ ਨੂੰ ਪੂਰੀ ਤਰ੍ਹਾਂ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਨੂੰ ਸਸ਼ਕਤ ਬਣਾਉਣ ਅਤੇ ਉਨ੍ਹਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਨ ਲਈ ਇਸ ਤਰ੍ਹਾਂ ਦੀਆਂ ਮੈਰਥਨਾਂ ਪੰਜਾਬ ਦੇ ਹੋਰਨਾਂ ਜ਼ਿਲ੍ਹਿਆਂ ਵਿੱਚ ਵੀ ਕਰਵਾਈਆਂ ਜਾਣਗੀਆਂ। ਚੇਅਰਪਰਸਨ ਮੈਡਮ ਰਾਜ ਲਾਲੀ ਗਿੱਲ ਕਿਹਾ ਕਿ ਇਸ ਤਰ੍ਹਾਂ ਦੀ ਮੈਰਾਥਨ ਪੰਜਾਬ ਸਰਕਾਰ ਦੀਆਂ ਮਹਿਲਾਵਾਂ ਦੇ ਅਕਸ ਨੂੰ ਉੱਚਾ ਚੁੱਕਣ ਅਤੇ ਉਨ੍ਹਾਂ ਨੂੰ ਸਮਾਜ ਵਿੱਚ ਬਰਾਬਰ ਦਾ ਦਰਜਾ ਦੇਣ ਪ੍ਰਤੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੀ ਹੈ। ਕਰਵਾਈ ਗਈ ਇਸ 2.5 ਕਿਲੋਮੀਟਰ ਲੰਬੀ ਮੈਰਾਥਨ ਵਿੱਚ ਹਰ ਉਮਰ ਵਰਗ ਦੀਆਂ ਮਹਿਲਾਵਾਂ ਨੇ ਭਾਗ ਲਿਆ। ਇਸ ਮੌਕੇ ਮਹਿਲਾਵਾਂ ਦਾ ਉਤਸ਼ਾਹ ਦੇਖਣ ਵਾਲਾ ਸੀ ਅਤੇ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਮੈਰਾਥਨਾਂ ਸਮੇਂ-ਸਮੇਂ ਕਰਵਾਈਆਂ ਜਾਣੀਆਂ ਜ਼ਰੂਰੀ ਹਨ।

ਮੁਫਤ ਮੈਡੀਕਲ ਚੈਕਅਪ ਕੈਂਪ ਲਗਾਇਆ

ਐਸ ਏ ਐਸ ਨਗਰ, 9 ਸਤੰਬਰ (ਪੈ.ਗਾਮ-ਏ-ਜਗਤ)



ਹਰਟੈਕ ਫਾਊਂਡੇਸ਼ਨ ਵੱਲੋਂ ਪ੍ਰਾਚੀਨ ਸ਼੍ਰੀ ਸ਼ਿਵ ਮੰਦਿਰ, ਫੇਜ਼ 9 ਮੁਹਾਲੀ, ਵਿਖੇ ਮੁਫਤ ਮੈਡੀਕਲ ਚੈਕਅਪ ਕੈਂਪ ਲਗਾਇਆ ਗਿਆ। ਕੈਂਪ ਬਾਰੇ ਜਾਣਕਾਰੀ ਦਿੰਦੇ ਹੋਏ ਫਾਊਂਡੇਸ਼ਨ ਦੇ ਆਗੂ ਮੈਡਮ ਰੂਪਮ ਨੇ ਦੱਸਿਆ ਕਿ ਫਾਊਂਡੇਸ਼ਨ ਵੱਲੋਂ ਸ਼ਹਿਰ ਅਤੇ ਪਿੰਡਾਂ ਵਿੱਚ ਇਸ ਤਰ੍ਹਾਂ ਦੇ ਕੈਂਪ ਸਮੇਂ ਸਮੇਂ ਤੇ ਲਗਾਏ ਜਾਂਦੇ ਹਨ। ਉਹਨਾਂ ਦੱਸਿਆ ਕਿ ਸ੍ਰੀ ਸ਼ਿਵ ਮੰਦਿਰ ਵਿਖੇ ਲਗਾਏ ਗਏ ਇਸ ਕੈਂਪ ਦੌਰਾਨ ਡਾਕਟਰ ਸ਼ਾਲਨੀ ਨੇ ਵੱਖ ਵੱਖ ਮਰੀਜਾਂ ਦੀ ਜਾਂਚ ਕੀਤੀ ਅਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਐਚ ਆਈ ਵੀ ਦੇ ਟੈਸਟ ਵੀ ਕੀਤੇ ਗਏ ਅਤੇ ਐਚ ਆਈ ਵੀ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਉਹਨਾਂ ਕਿਹਾ ਕਿ ਐਚ ਆਈ ਵੀ ਦੀ ਜਾਂਚ ਮਰੀਜ਼ਾਂ ਦੇ ਸਹਿਮਤੀ ਨਾਲ ਹੀ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਪਹਿਚਾਨ ਵੀ ਗੁਪਤ ਰੱਖੀ ਜਾਂਦੀ ਹੈ। ਇਸ ਮੌਕੇ ਮੰਦਿਰ ਦੇ ਮਹਿਲਾ ਮੰਡਲ ਦੇ ਪ੍ਰਧਾਨ ਸ੍ਰੀਮਤੀ ਮਮਤਾ ਨੇ ਦੱਸਿਆ ਕਿ 57 ਮਰੀਜ਼ਾਂ ਦੀ ਜਾਂਚ ਕੀਤੀ ਗਈ। ਕੈਂਪ ਨੂੰ ਸਫਲ ਬਣਾਉਣ ਲਈ ਸ਼੍ਰੀਮਤੀ ਰੋਹਣੀ, ਜਸਵਿੰਦਰ ਅਤੇ ਉਸ਼ੀਨ ਵਲੋਂ ਵਿਸ਼ੇਸ਼ ਯੋਗਦਾਨ ਦਿੱਤਾ ਗਿਆ।

ਸੜਕ ਤੇ ਪ੍ਰੀ ਮਿਕਸ ਪਾਉਣ ਦਾ ਕੰਮ ਸ਼ੁਰੂ ਕਰਵਾਇਆ

ਐਸ ਏ ਐਸ ਨਗਰ, 9 ਸਤੰਬਰ (ਪੈ.ਗਾਮ-ਏ-ਜਗਤ)



ਸੈਕਟਰ 80 ਮੁਹਾਲੀ ਵਿਖੇ ਇਲਾਕੇ ਦੇ ਕੌਂਸਲਰ ਸਤਵਿੰਦਰ ਸਿੰਘ ਮਿੱਠੂ ਵੱਲੋਂ ਸੜਕ ਤੇ ਪ੍ਰੀ ਮਿਕਸ ਪਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ। ਇਸ ਸਬੰਧੀ ਕੌਂਸਲਰ ਸਤਵਿੰਦਰ ਸਿੰਘ ਮਿੱਠੂ ਨੇ ਦੱਸਿਆ ਕਿ ਉਹਨਾਂ ਵੱਲੋਂ ਪਿਛਲੇ ਦਿਨੀ ਮੀਟਿੰਗ ਵਿੱਚ ਇਸ ਸੜਕ ਤੇ ਪ੍ਰੀ ਮਿਕਸ ਪਾਉਣ ਦੇ ਕੰਮ ਦਾ ਮਤਾ ਲਿਆਂਦਾ ਗਿਆ ਸੀ ਜਿਸਤੇ ਹੁਣ ਕੰਮ ਆਰੰਭ ਹੋਇਆ ਹੈ। ਉਹਨਾਂ ਦੱਸਿਆ ਕਿ ਉਹਨਾਂ ਵੱਲੋਂ ਫੇਜ਼ 9 ਗੰਦੇ ਨਾਲੇ ਤੋਂ ਜਿਹੜਾ ਪਾਣੀ ਆ ਰਿਹਾ ਹੈ ਉਸ ਪਾਣੀ ਨੂੰ ਅੰਡਰਗਰਾਉਂਡ ਕਰਨ ਲਈ ਮਤਾ ਪਾ ਕੇ ਭੇਜਿਆ ਹੋਇਆ ਹੈ। ਕਿਉਂਕਿ ਇਸ ਗੰਦੇ ਪਾਣੀ ਕਾਰਨ ਬਦਬੂ ਆਉਂਦੀ ਹੈ ਜਿਸ ਕਾਰਨ ਇਲਾਕਾ ਵਾਸੀ ਪਰੇਸ਼ਾਨ ਹਨ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਬਾਕੀ ਰਹਿੰਦੇ ਕੰਮ ਦੀ ਵੀ ਸ਼ੁਰੂਆਤ ਸ਼ੁਰੂ ਹੋ ਜਾਵੇਗੀ। ਇਸ ਮੌਕੇ ਗੁਰਸੇਵਕ ਸਿੰਘ ਸਾਬਕਾ ਸਰਪੰਚ ਪਿੰਡ ਮੌਲੀ ਵੈਦਵਾਨ, ਹਰਿੰਦਰ ਸਿੰਘ ਸਾਬਕਾ ਪੰਚ, ਚਰਨਜੀਤ ਕੌਰ, ਸੁਖਚੈਨ ਸਿੰਘ, ਨਵਜੋਤ ਸਿੰਘ, ਮੋਹਨ ਸਿੰਘ, ਜੈਦੇਵ ਸਿੰਘ, ਡਾਕਟਰ ਮਨਜੋਤ ਸਿੰਘ, ਸਵਰਨ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਬੱਚਿਆਂ ਦਾ ਕੋਨਾ

ਰੰਗ ਭਰੋ



ਸੁਡੋਕੂ


9	3		1	5	4	7		8
	8	7	2	3	6	4	5	9
4	5		7	9	8		3	
					3		7	
6		3	5	8	1		9	4
5		9	6	2	7	3		1
8	9			7	5		2	3
	6			1	2	9		
7	2						1	5

https://paigamejagat.com/games/sudoku.aspx

ਪਿਛਲੇ ਸੁਡੋਕੂ ਦਾ ਹੱਲ

4	7	3	1	5	2	8	6	9
8	2	6	4	9	3	1	7	5
1	9	5	6	7	8	2	3	4
5	6	1	3	2	9	4	8	7
7	8	2	5	4	6	3	9	1
9	3	4	7	8	1	5	2	6
3	1	7	2	6	5	9	4	8
6	5	8	9	3	4	7	1	2
2	4	9	8	1	7	6	5	3

ਅੰਤਰ ਲੱਭੋ



ਮਿੱਠੂ ਨੇ ਮਦਦ ਮੰਗਣੀ ਸਿੱਖੀ



ਪੈ.ਗਾਮ-ਏ-ਜਗਤ

ਮਿੱਠੂ ਬਹੁਤ ਹੀ ਹੋਸ਼ਿਆਰ ਅਤੇ ਉਤਸ਼ਾਹੀ ਬੱਚਾ ਸੀ। ਉਸ ਨੂੰ ਹਰ ਕੰਮ ਆਪਣੇ ਆਪ ਕਰਨਾ ਪਸੰਦ ਸੀ। ਜੇ ਕੋਈ ਖਿਡੌਣਾ ਟੁੱਟ ਜਾਂਦਾ ਤਾਂ ਉਹ ਬਿਨਾਂ ਕਿਸੇ ਦੀ ਮਦਦ ਲਏ ਉਸ ਨੂੰ ਠੀਕ ਕਰਨ ਲੱਗ ਪੈਂਦਾ। ਜੇ ਸਕੂਲ ਦਾ ਕੋਈ ਕੰਮ ਔਖਾ ਲੱਗਦਾ ਤਾਂ ਵੀ ਉਹ ਕਿਸੇ ਨੂੰ ਪੁੱਛਣ ਦੀ ਬਜਾਏ ਘੰਟਿਆਂ ਬੈਠਾ ਰਹਿੰਦਾ।

ਉਹ ਸੋਚਦਾ ਸੀ, 'ਜੇ ਮੈਂ ਕਿਸੇ ਤੋਂ ਮਦਦ ਮੰਗਾਂਗਾ ਤਾਂ ਸਭ ਸੋਚਣਗੇ ਕਿ ਮੈਂ ਕਮਜ਼ੋਰ ਹਾਂ।'

ਇੱਕ ਦਿਨ ਸਕੂਲ ਵਿੱਚ ਅਧਿਆਪਕ ਨੇ ਬੱਚਿਆਂ ਨੂੰ ਇੱਕ ਖ਼ਾਸ ਕੰਮ ਦਿੱਤਾ। ਹਰ ਬੱਚੇ ਨੇ ਲੱਕੜੀਆਂ, ਕਾਗਜ਼ ਅਤੇ ਗੂੰਦ ਦੀ ਮਦਦ ਨਾਲ ਇੱਕ ਛੋਟਾ ਪੁਲ ਬਣਾਉਣਾ ਸੀ। ਮਿੱਠੂ ਨੇ ਤੁਰੰਤ ਕਿਹਾ, 'ਮੈਂ ਆਪਣਾ ਪੁਲ ਸਭ ਤੋਂ ਵਧੀਆ ਬਣਾਵਾਂਗਾ!'

ਉਸ ਨੇ ਲੱਕੜੀਆਂ ਜੋੜੀਆਂ, ਕਾਗਜ਼ ਲਾਇਆ ਅਤੇ ਗੂੰਦ ਨਾਲ ਸਭ ਕੁਝ ਚਿਪਕਾ ਦਿੱਤਾ। ਪਰ ਜਦੋਂ ਉਸ ਨੇ ਪੁਲ ਨੂੰ ਮੇਜ਼ 'ਤੇ ਰੱਖਿਆ, ਉਹ ਤੁਰੰਤ ਢੇਰ ਹੋ ਗਿਆ।

ਮਿੱਠੂ ਨੇ ਦੁਬਾਰਾ ਕੋਸ਼ਿਸ਼ ਕੀਤੀ। ਇਸ ਵਾਰ ਪੁਲ ਥੋੜ੍ਹਾ ਮਜ਼ਬੂਤ ਬਣਿਆ, ਪਰ ਵਿਚਕਾਰੋਂ ਫਿਰ ਟੁੱਟ ਗਿਆ।

ਮਿੱਠੂ ਦਾ ਚਿਹਰਾ ਉਦਾਸ ਹੋ ਗਿਆ। ਉਹ ਚਾਹੁੰਦਾ ਸੀ ਕਿ ਕੋਈ ਉਸ ਦੀ ਮਦਦ ਕਰੇ, ਪਰ ਉਸ ਨੂੰ ਆਪਣੀ ਸੋਚ ਯਾਦ ਆ ਗਈ-ਮਦਦ ਮੰਗਣਾ ਤਾਂ ਕਮਜ਼ੋਰੀ ਹੈ।

ਉਹ ਚੁੱਪਚਾਪ ਬੈਠਾ ਰਿਹਾ।

ਉਸ ਦੀ ਵੱਡੀ ਉੱਥੋਂ ਲੰਘੀ। ਉਸ ਨੇ ਮਿੱਠੂ ਨੂੰ ਉਦਾਸ ਦੇਖ ਕੇ ਪੁੱਛਿਆ, ਕੀ ਹੋਇਆ?

ਮਿੱਠੂ ਨੇ ਸਾਰੀ ਗੱਲ ਦੱਸੀ।

ਗੁੱਡੀ ਮੁਸਕਰਾਈ ਅਤੇ ਬੋਲੀ, ਮਦਦ ਮੰਗਣਾ ਕਮਜ਼ੋਰੀ ਨਹੀਂ। ਸਮਝਦਾਰ ਇਨਸਾਨ ਜਾਣਦਾ ਹੈ ਕਿ ਕਦੋਂ ਖੁਦ ਕੋਸ਼ਿਸ਼ ਕਰਨੀ ਹੈ ਅਤੇ ਕਦੋਂ ਕਿਸੇ ਤੋਂ ਸਿੱਖਣਾ ਹੈ।

ਮਿੱਠੂ ਨੇ ਹਿੰਮਤ ਕਰਕੇ ਅਧਿਆਪਕ ਕੋਲ ਜਾ ਕੇ ਕਿਹਾ, ਮੈਡਮ, ਮੈਂ ਦੋ ਵਾਰ ਕੋਸ਼ਿਸ਼ ਕੀਤੀ ਹੈ, ਪਰ ਪੁਲ ਨਹੀਂ ਬਣ ਰਿਹਾ। ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਮੈਂ ਕਿੱਥੇ ਗਲਤੀ ਕਰ ਰਿਹਾ ਹਾਂ?÷

ਅਧਿਆਪਕ ਨੇ ਖੁਸ਼ ਹੋ ਕੇ ਉਸ ਨੂੰ ਦੱਸਿਆ ਕਿ ਲੱਕੜੀਆਂ ਨੂੰ ਤਿਕੋਣ ਦੇ ਆਕਾਰ ਵਿੱਚ ਜੋੜਨ ਨਾਲ ਪੁਲ ਹੋਰ ਮਜ਼ਬੂਤ ਹੋਵੇਗਾ।

ਮਿੱਠੂ ਨੇ ਨਵਾਂ ਤਰੀਕਾ ਅਜ਼ਮਾਇਆ। ਇਸ ਵਾਰ ਉਸ ਦਾ ਪੁਲ ਮਜ਼ਬੂਤ ਬਣ ਗਿਆ ਅਤੇ ਉਸ 'ਤੇ ਰੱਖੀ ਛੋਟੀ ਖਿਡੌਣੇ ਵਾਲੀ ਕਾਰ ਵੀ ਆਰਾਮ ਨਾਲ ਲੰਘ ਗਈ।

ਮਿੱਠੂ ਖ਼ੁਸ਼ੀ ਨਾਲ ਬੋਲਿਆ, ਅੱਜ ਮੈਂ ਸਿਰਫ਼ ਪੁਲ ਬਣਾਉਣਾ ਨਹੀਂ ਸਿੱਖਿਆ, ਮੈਂ ਇਹ ਵੀ ਸਿੱਖਿਆ ਕਿ ਮਦਦ ਮੰਗਣ ਨਾਲ ਅਸੀਂ ਕਮਜ਼ੋਰ ਨਹੀਂ ਹੁੰਦੇ।

ਉਸ ਦਿਨ ਤੋਂ ਜਦੋਂ ਵੀ ਮਿੱਠੂ ਨੂੰ ਕੋਈ ਕੰਮ ਔਖਾ ਲੱਗਦਾ, ਉਹ ਪਹਿਲਾਂ ਆਪਣੀ ਪੂਰੀ ਕੋਸ਼ਿਸ਼ ਕਰਦਾ ਅਤੇ ਲੋੜ ਪੈਣ 'ਤੇ ਬਿਨਾਂ ਝਿਜਕ ਮਦਦ ਮੰਗ ਲੈਂਦਾ।

ਸਿੱਖਿਆ: ਮਦਦ ਮੰਗਣਾ ਕਮਜ਼ੋਰੀ ਦੀ ਨਿਸ਼ਾਨੀ ਨਹੀਂ। ਆਪਣੀ ਮੁਸ਼ਕਲ ਨੂੰ ਮੰਨ ਕੇ ਸਹੀ ਵਿਅਕਤੀ ਤੋਂ ਮਦਦ ਲੈਣਾ ਸਮਝਦਾਰੀ ਅਤੇ ਹਿੰਮਤ ਦੀ ਨਿਸ਼ਾਨੀ ਹੈ।